5-APRIL-PAGE-1.qxd 4/4/2024 9:38 PM Page 1

ਸ਼ੁੱਕਰਵਾਰ, 5 ਅਪ੍ਰੈਲ, 2024
23 ਚੇਤ { ਨਾਨਕਸ਼ਾਹੀ 556 / ਬਿਕਰਮੀ 2080
ਜਿਲਦ/VOL. : 72
ਅੰਕ/NO. : 305

# ਨਵਾਂ ਜ਼ਮਾਨਾ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

DAILY NAWAN ZAMANA • FRIDAY, 5 APRIL, 2024 ਜਲੰਧਰ nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਕੇਜਰੀਵਾਲ ਨੂੰ ਹਟਾਉਣ ਦੀ ਪਟੀਸ਼ਨ ਖਾਰਜ



**ਨਵੀਂ ਦਿੱਲੀ** : ਦਿੱਲੀ ਹਾਈ ਕੋਰਟ ਨੇ ਵੀਰਵਾਰ ਗ੍ਰਿਫਤਾਰੀ ਤੋਂ ਬਾਅਦ ਅਰਵਿੰਦ ਕੇਜਰੀਵਾਲ ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਹਟਾਉਣ ਦੀ ਮੰਗ ਵਾਲੀ ਜਨਹਿੱਤ ਪਟੀਸ਼ਨ 'ਤੇ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ। ਹਾਈਕੋਰਟ ਨੇ ਕਿਹਾ ਕਿ ਕਈ ਵਾਰ ਨਿੱਜੀ ਹਿੱਤਾਂ ਨਾਲੋਂ ਰਾਸ਼ਟਰੀ ਹਿੱਤਾਂ ਨੂੰ ਪਹਿਲ ਦੇਣੀ ਪੈਂਦੀ ਹੈ। ਪਟੀਸ਼ਨਰ ਦੀ ਸਮੱਸਿਆ ਦਾ ਹੱਲ ਇੱਥੇ ਨਹੀਂ ਕਿਤੇ ਹੋਰ ਹੈ ਤੇ ਉਹ ਢੁਕਵੀਂ ਥਾਂ ਜਾ ਕੇ ਮੰਗ ਕਰੇ। ਇਸੇ ਦੌਰਾਨ ਕੇਜਰੀਵਾਲ ਦੀ ਪਤਨੀ ਸੁਨੀਤਾ ਕੇਜਰੀਵਾਲ ਨੇ ਕਿਹਾ ਹੈ ਕਿ ਕੇਜਰੀਵਾਲ ਨੇ ਤਿਹਾੜ ਜੇਲ੍ਹ 'ਚੋਂ ਸੰਦੇਸ਼ ਭੇਜ ਕੇ ਆਮ ਆਦਮੀ ਪਾਰਟੀ ਦੇ ਸਾਰੇ ਵਿਧਾਇਕਾਂ ਨੂੰ ਰੋਜ਼ਾਨਾ ਆਪਣੇ ਹਲਕਿਆਂ ਦਾ ਦੌਰਾ ਕਰਨ ਅਤੇ ਇਹ ਯਕੀਨੀ ਬਣਾਉਣ ਲਈ ਕਿਹਾ ਹੈ ਕਿ ਲੋਕਾਂ ਨੂੰ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਨੇ ਕਿਹਾ ਹੈ ਕਿ ਉਹ ਭਾਵੇਂ ਜੇਲ੍ਹ 'ਚ ਹਨ, ਪਰ ਦਿੱਲੀ ਦੇ ਦੋ ਕਰੋੜ ਲੋਕ ਉਨ੍ਹਾ ਦਾ ਪਰਵਾਰ ਹਨ ਅਤੇ ਉਨ੍ਹਾਂ ਨੂੰ ਕਿਸੇ ਕਿਸਮ ਦੀ ਸਮੱਸਿਆ ਨਹੀਂ ਹੋਣੀ ਚਾਹੀਦੀ।

### ਮਾਨ ਨੂੰ ਕੇਜਰੀਵਾਲ ਨੂੰ 'ਮੁਲਾਕਾਤ ਜੰਗਲਾ' 'ਚ ਹੀ ਮਿਲਣ ਦੀ ਆਗਿਆ

**ਨਵੀਂ ਦਿੱਲੀ** : ਤਿਹਾੜ ਜੇਲ੍ਹ ਦੇ ਅਧਿਕਾਰੀਆਂ ਨੇ ਕਿਹਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਜੇਲ੍ਹ 'ਚ ਬੰਦ ਆਪਣੇ ਦਿੱਲੀ ਦੇ ਹਮਰੁਤਬਾ ਅਤੇ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਨੂੰ ਮੁਲਾਕਾਤ ਜੰਗਲਾ 'ਚ ਆਮ ਵਿਅਕਤੀ ਵਾਂਗ ਮਿਲ ਸਕਦੇ ਹਨ। ਇੱਕ ਦਿਨ ਪਹਿਲਾਂ ਮਾਨ ਨੇ ਤਿਹਾੜ ਜੇਲ੍ਹ ਪ੍ਰਸ਼ਾਸਨ ਨੂੰ ਪੱਤਰ ਲਿਖ ਕੇ ਕੇਜਰੀਵਾਲ ਨਾਲ ਮੁਲਾਕਾਤ ਕਰਨ ਦੀ ਇਜਾਜ਼ਤ ਮੰਗੀ ਸੀ।

ਮੁਲਾਕਾਤ ਜੰਗਲਾ ਲੋਹੇ ਦਾ ਜਾਲ ਹੈ, ਜੋ ਜੇਲ੍ਹ ਅੰਦਰ ਕਮਰੇ ਵਿਚ ਹਵਾਲਾਤੀ/ਕੈਦੀ ਨੂੰ ਮੁਲਾਕਾਤੀ ਤੋਂ ਵੱਖ ਕਰਦਾ ਹੈ। ਮੁਲਾਕਾਤੀ ਅਤੇ ਕੈਦੀ ਗਰਿੱਲ ਦੇ ਆਹਮੋ-ਸਾਹਮਣੇ ਬੈਠ ਸਕਦੇ ਹਨ ਅਤੇ ਇੱਕ-ਦੂਜੇ ਨਾਲ ਗੱਲ ਕਰ ਸਕਦੇ ਹਨ।

## ਭੂਚਾਲ ਦੌਰਾਨ ਨਰਸਾਂ ਨੇ ਬਚਾਏ ਨਵਜੰਮੇ



ਤਾਇਵਾਨ ਦੇ ਤੱਟਵਰਤੀ ਸ਼ਹਿਰ ਹੁਆਲੀਨ ਵਿਚ ਆਏ 7.2 ਸ਼ਿੱਦਤ ਦੇ ਜ਼ਬਰਦਸਤ ਭੂਚਾਲ ਦੌਰਾਨ ਇਕ ਹਸਪਤਾਲ ਵਿਚ ਤਿੰਨ ਨਰਸਾਂ ਵੱਲੋਂ ਨਵਜੰਮਿਆਂ ਨੂੰ ਬਚਾਉਣ ਦੀ ਤਸਵੀਰ ਸਾਹਮਣੇ ਆਈ ਹੈ। ਨਰਸਾਂ ਨੇ ਯਕੀਨੀ ਬਣਾਇਆ ਕਿ ਭੂਚਾਲ ਦੇ ਝਟਕਿਆਂ ਦੌਰਾਨ ਬੱਚੇ ਸਲਾਮਤ ਰਹਿਣ। ਉਨ੍ਹਾਂ ਪੂਰੀ ਕੋਸ਼ਿਸ਼ ਕੀਤੀ ਕਿ ਉਹ ਕੌਟ (ਬੈੱਡ) 'ਚੋਂ ਨਾ ਡਿੱਗਣ।

## ਹੰਸ ਰਾਜ ਹੰਸ ਦਾ ਕਿਸਾਨਾਂ ਵੱਲੋਂ ਵਿਰੋਧ



**ਫਰੀਦਕੋਟ** : ਭਾਜਪਾ ਦੇ ਫਰੀਦਕੋਟ ਲੋਕ ਸਭਾ ਹਲਕੇ ਤੋਂ ਉਮੀਦਵਾਰ ਹੰਸ ਰਾਜ ਹੰਸ ਦੀ ਵੀਰਵਾਰ ਪਲੇਠੀ ਫੇਰੀ ਦਾ ਕਿਸਾਨਾਂ ਨੇ ਵਿਰੋਧ ਕੀਤਾ। ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਹੰਸ ਰਾਜ ਹੰਸ ਦੇ ਕਾਫਲੇ ਨੂੰ ਸ਼ਹਿਰ ਦੇ ਲਗਭਗ ਹਰ ਚੌਕ 'ਚ ਰੋਕਿਆ ਅਤੇ ਉਸ ਖਿਲਾਫ ਨਾਅਰੇਬਾਜ਼ੀ ਕੀਤੀ। ਕਿਸਾਨਾਂ ਨੇ ਕਾਫਲੇ ਨੂੰ ਕਾਲੇ ਝੰਡੇ ਦਿਖਾਏ ਅਤੇ ਉਸ ਨੂੰ ਫਰੀਦਕੋਟ ਤੋਂ ਵਾਪਸ ਜਾਣ ਲਈ ਕਿਹਾ। ਹੰਸ ਰਾਜ ਹੰਸ ਦਾ ਕਾਫਲਾ ਪੁਲਸ ਦੀ ਮਦਦ ਨਾਲ ਅੱਗੇ ਵਧਿਆ। ਇਸ ਮੌਕੇ ਪੁਲਸ ਨੇ ਵਿਰੋਧ ਕਰ ਰਹੇ ਕੁਝ ਕਿਸਾਨਾਂ ਨੂੰ ਹਿਰਾਸਤ 'ਚ ਵੀ ਲਿਆ ਅਤੇ ਕੁਝ ਦੇਰ ਮਗਰੋਂ ਉਨ੍ਹਾਂ ਨੂੰ ਛੱਡ ਦਿੱਤਾ।

## ਸੋਨੀਆ ਤੇ 13 ਹੋਰਨਾਂ ਨੇ ਰਾਜ ਸਭਾ ਮੈਂਬਰ ਵਜੋਂ ਸਹੁੰ ਚੁੱਕੀ

**ਨਵੀਂ ਦਿੱਲੀ** : ਕਾਂਗਰਸ ਦੀ ਸਾਬਕਾ ਪ੍ਰਧਾਨ ਸੋਨੀਆ ਗਾਂਧੀ ਅਤੇ ਰੇਲ ਮੰਤਰੀ ਅਸ਼ਵਿਨੀ ਵੈਸ਼ਨਵ ਸਣੇ 14 ਜਣਿਆਂ ਨੇ ਵੀਰਵਾਰ ਰਾਜ ਸਭਾ ਮੈਂਬਰ ਵਜੋਂ ਸਹੁੰ ਚੁੱਕੀ। ਉਪ-ਰਾਸ਼ਟਰਪਤੀ ਅਤੇ ਰਾਜ ਸਭਾ ਦੇ ਚੇਅਰਮੈਨ ਜਗਦੀਪ ਧਨਖੜ ਨੇ ਉਨ੍ਹਾਂ ਨੂੰ ਸੰਸਦ ਭਵਨ ਦੀ ਨਵੀਂ ਇਮਾਰਤ 'ਚ ਸਹੁੰ ਚੁਕਾਈ। ਸੋਨੀਆ ਗਾਂਧੀ ਰਾਜਸਥਾਨ ਅਤੇ ਵੈਸ਼ਨਵ ਓਡੀਸ਼ਾ ਤੋਂ ਚੁਣੇ ਗਏ ਹਨ। ਕਰਨਾਟਕ ਤੋਂ ਕਾਂਗਰਸ ਨੇਤਾ ਅਜੈ ਮਾਕਨ, ਉੱਤਰ ਪ੍ਰਦੇਸ਼ ਤੋਂ ਭਾਜਪਾ ਨੇਤਾ ਆਰ ਪੀ ਐੱਨ ਸਿੰਘ ਅਤੇ ਪੱਛਮੀ ਬੰਗਾਲ ਤੋਂ ਭਾਜਪਾ ਮੈਂਬਰ ਸਮਿਕ ਭੱਟਾਚਾਰੀਆ ਰਾਜ ਸਭਾ ਦੀ ਸਹੁੰ ਚੁੱਕਣ ਵਾਲੇ 14 ਵਿਅਕਤੀਆਂ 'ਚ ਸ਼ਾਮਲ ਸਨ।

ਸਾਰਿਆਂ ਨੇ ਬਾਅਦ 'ਚ ਚੇਅਰਮੈਨ ਨਾਲ ਫੋਟੋ ਖਿਚਵਾਈ। ਸੋਨੀਆ ਗਾਂਧੀ ਪਹਿਲੀ ਵਾਰ ਰਾਜ ਸਭਾ ਮੈਂਬਰ ਬਣੀ ਹੈ। ਸਮਾਗਮ ਦੌਰਾਨ ਉਨ੍ਹਾ ਦੀ ਧੀ ਪ੍ਰਿਅੰਕਾ ਗਾਂਧੀ ਵੀ ਮੌਜੂਦ ਸੀ।

## ਸ਼ਾਕਾਹਾਰੀ ਥਾਲੀ ਹੋਈ ਮਹਿੰਗੀ



**ਮੁੰਬਈ** : ਘਰੇਲੂ ਰੇਟਿੰਗ ਏਜੰਸੀ ਕ੍ਰਿਸਿਲ ਨੇ ਕਿਹਾ ਹੈ ਕਿ ਪਿਆਜ਼, ਟਮਾਟਰ ਅਤੇ ਆਲੂ ਦੀਆਂ ਕੀਮਤਾਂ ਵਿਚ ਵਾਧੇ ਕਾਰਨ ਮਾਰਚ ਵਿਚ ਸ਼ਾਕਾਹਾਰੀ ਥਾਲੀ ਦੀ ਕੀਮਤ 7 ਫੀਸਦੀ ਮਹਿੰਗੀ ਹੋ ਗਈ। ਕ੍ਰਿਸਿਲ ਮਾਰਕੀਟ ਇੰਟੈਲੀਜੈਂਸ ਐਂਡ ਐਨਾਲਿਸਿਸ ਨੇ ਆਪਣੀ ਮਾਸਕ ਰੋਟੀ ਰਾਈਸ ਰੇਟ ਰਿਪੋਰਟ 'ਚ ਕਿਹਾ ਕਿ ਪੋਲਟਰੀ ਦੀਆਂ ਕੀਮਤਾਂ 'ਚ ਗਿਰਾਵਟ ਕਾਰਨ ਮਾਸਾਹਾਰੀ ਥਾਲੀ 'ਚ 7 ਫੀਸਦੀ ਦੀ ਗਿਰਾਵਟ ਆਈ ਹੈ। ਸ਼ਾਕਾਹਾਰੀ ਥਾਲੀ 'ਚ ਰੋਟੀ, ਸਬਜ਼ੀਆਂ (ਪਿਆਜ਼, ਟਮਾਟਰ ਅਤੇ ਆਲੂ), ਚੌਲ, ਦਾਲ, ਦਹੀਂ ਅਤੇ ਸਲਾਦ ਸ਼ਾਮਲ ਹਨ। ਇਸ ਦੀ ਕੀਮਤ ਮਾਰਚ 'ਚ ਵਧ ਕੇ 27.3 ਰੁਪਏ ਪ੍ਰਤੀ ਪਲੇਟ ਹੋ ਗਈ, ਜੋ ਸਾਲ ਪਹਿਲਾਂ ਦੀ ਇਸੇ ਮਿਆਦ 'ਚ 25.5 ਰੁਪਏ ਸੀ। ਪਿਆਜ਼, ਟਮਾਟਰ ਅਤੇ ਆਲੂ ਦੀਆਂ ਕੀਮਤਾਂ 'ਚ ਕ੍ਰਮਵਾਰ 40, 36 ਅਤੇ 22 ਫੀਸਦੀ ਵਾਧਾ ਹੋਇਆ। ਮਾਸਾਹਾਰੀ ਥਾਲੀ ਸਾਲ ਪਹਿਲਾਂ ਦੀ ਮਿਆਦ 'ਚ 59.2 ਰੁਪਏ ਦੇ ਮੁਕਾਬਲੇ ਘਟ ਕੇ 54.9 ਰੁਪਏ ਹੋ ਗਈ।

## ਯੂ ਏ ਪੀ ਏ ਤੇ ਪੀ ਐੱਮ ਐੱਲ ਏ ਖਤਮ ਕਰਨ ਦਾ ਵਾਅਦਾ



**ਨਵੀਂ ਦਿੱਲੀ** : ਸੀ ਪੀ ਆਈ (ਐੱਮ) ਨੇ ਲੋਕ ਸਭਾ ਚੋਣਾਂ ਲਈ ਵੀਰਵਾਰ ਜਾਰੀ ਕੀਤੇ ਆਪਣੇ ਚੋਣ ਮਨੋਰਥ ਪੱਤਰ 'ਚ ਗੈਰਕਾਨੂੰਨੀ ਗਤੀਵਿਧੀਆਂ ਰੋਕੂ ਐਕਟ (ਯੂ ਏ ਪੀ ਏ) ਅਤੇ ਮਨੀ ਲਾਂਡਰਿੰਗ ਰੋਕੂ ਕਾਨੂੰਨ (ਪੀ ਐੱਮ ਐੱਲ ਏ) ਵਰਗੇ ਸਾਰੇ ਸਖਤ ਕਾਨੂੰਨਾਂ ਨੂੰ ਰੱਦ ਕਰਨ ਦਾ ਵਾਅਦਾ ਕੀਤਾ ਹੈ। ਪਾਰਟੀ ਨੇ ਵੋਟਰਾਂ ਨੂੰ ਭਾਜਪਾ ਨੂੰ ਹਰਾਉਣ, ਖੱਬੇ ਪੱਖੀਆਂ ਨੂੰ ਮਜ਼ਬੂਤ ਕਰਨ ਅਤੇ ਕੇਂਦਰ 'ਚ ਬਦਲਵੀਂ ਧਰਮ ਨਿਰਪੱਖ ਸਰਕਾਰ ਦੇ ਗਠਨ ਨੂੰ ਯਕੀਨੀ ਬਣਾਉਣ ਦੀ ਅਪੀਲ ਕੀਤੀ ਹੈ। ਪਾਰਟੀ ਨੇ ਧਰਮ ਨੂੰ ਰਾਜਨੀਤੀ ਤੋਂ ਵੱਖ ਕਰਨ ਵਾਲੇ ਸਿਧਾਂਤ ਦੀ ਪਾਲਣਾ ਲਈ ਲੜਨ ਦਾ ਵਾਅਦਾ ਕੀਤਾ ਹੈ। ਪਾਰਟੀ ਨੇ ਕਿਹਾ ਕਿ ਉਹ ਨਾਗਰਿਕਤਾ (ਸੋਧ) ਐਕਟ, 2019 ਨੂੰ ਵੀ ਖਤਮ ਕਰੇਗੀ। ਪਾਰਟੀ ਨੇ ਦੇਸ਼ ਦੇ ਸਭ ਤੋਂ ਅਮੀਰ ਵਰਗ 'ਤੇ ਟੈਕਸ ਲਗਾਉਣ ਅਤੇ ਆਮ ਜਾਇਦਾਦ ਟੈਕਸ ਤੇ ਵਿਰਾਸਤੀ ਟੈਕਸ 'ਤੇ ਕਾਨੂੰਨ ਲਿਆਉਣ ਦਾ ਵਾਅਦਾ ਵੀ ਕੀਤਾ ਹੈ।

ਪਾਰਟੀ ਨੇ ਕਿਹਾ ਕਿ ਮਨਰੇਗਾ ਲਈ ਬਜਟ ਦੀ ਵੰਡ ਨੂੰ ਦੁੱਗਣਾ ਕੀਤਾ ਜਾਣਾ ਚਾਹੀਦਾ ਹੈ ਅਤੇ ਸ਼ਹਿਰੀ ਰੁਜ਼ਗਾਰ ਦੀ ਗਾਰੰਟੀ ਵਾਲਾ ਨਵਾਂ ਕਾਨੂੰਨ ਬਣਾਇਆ ਜਾਣਾ ਚਾਹੀਦਾ ਹੈ।

## ਇਮਰਾਨ ਦੇ ਹੱਕ 'ਚ ਹੋਣ ਵਾਲੀ ਰੈਲੀ ਰੱਦ



**ਇਸਲਾਮਾਬਾਦ** : ਪਾਕਿਸਤਾਨ ਦੀ ਜੇਲ੍ਹ 'ਚ ਬੰਦ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਪਾਰਟੀ ਨੇ ਧਾਰਮਕ ਕਾਰਨਾਂ ਦਾ ਹਵਾਲਾ ਦਿੰਦਿਆਂ ਵੀਰਵਾਰ ਇੱਥੇ ਹੋਣ ਵਾਲੀ ਰੈਲੀ ਰੱਦ ਕਰ ਦਿੱਤੀ। ਇਹ ਰੈਲੀ ਪਾਰਟੀ ਦੇ ਬਾਨੀ ਇਮਰਾਨ ਖਾਨ ਦੀ ਰਿਹਾਈ ਦੀ ਮੰਗ ਲਈ ਕੀਤੀ ਜਾਣੀ ਸੀ, ਜੋ ਪਿਛਲੇ ਸਾਲ ਅਗਸਤ ਤੋਂ ਜੇਲ੍ਹ 'ਚ ਬੰਦ ਹਨ। ਪਾਕਿਸਤਾਨ ਤਹਿਰੀਕ-ਏ-ਇਨਸਾਫ ਪਾਰਟੀ ਦੇ ਚੇਅਰਮੈਨ ਬੈਰਿਸਟਰ ਗੌਹਰ ਅਲੀ ਖਾਨ ਨੇ ਰੈਲੀ ਰੱਦ ਕਰਨ ਦਾ ਫੈਸਲਾ 'ਲੈਲਤ-ਉਲ-ਕਦਰ' ਕਾਰਨ ਲਿਆ ਗਿਆ ਹੈ। ਮੁਸਲਮ ਭਾਈਚਾਰਾ ਰਮਜ਼ਾਨ ਦੇ ਮਹੀਨੇ ਦੀ ਇਸ ਰਾਤ ਨੂੰ ਬਹੁਤ ਅਹਿਮ ਮੰਨਦਾ ਹੈ ਅਤੇ ਪੂਰੀ ਰਾਤ ਜਾਗ ਕੇ ਇਬਾਦਤ ਕਰਦਾ ਹੈ। ਉਸ ਨੇ ਸਮਰਥਕਾਂ ਨੂੰ ਇਮਰਾਨ ਖਾਨ ਅਤੇ ਉਸ ਦੀ ਪਤਨੀ ਬੁਸ਼ਰਾ ਬੀਬੀ ਸਮੇਤ ਸਾਰੇ ਪਾਰਟੀ ਵਰਕਰਾਂ ਤੇ ਨੇਤਾਵਾਂ ਦੀ ਰਿਹਾਈ ਅਤੇ ਸੁਰੱਖਿਆ ਲਈ ਦੁਆ ਕਰਨ ਦੀ ਵੀ ਅਪੀਲ ਕੀਤੀ।

## ਮਾਨਸਾ 'ਚ ਮੈਡੀਕਲ ਸਟੋਰ 'ਤੇ ਫਾਇਰਿੰਗ



**ਮਾਨਸਾ** : ਵੀਰਵਾਰ ਸ਼ਾਮ ਇਥੇ ਮੈਡੀਕਲ ਸਟੋਰ ਉਤੇ ਦੋ ਅਣਪਛਾਤੇ ਮੋਟਰਸਾਈਕਲ ਸਵਾਰਾਂ ਨੇ ਫਾਇਰਿੰਗ ਕਰ ਦਿੱਤੀ ਪਰ ਜਾਨੀ ਨੁਕਸਾਨ ਤੋਂ ਬਚਾਅ ਰਿਹਾ। ਤਾਂ ਵੀ ਲੋਕ ਸਹਿਮ ਗਏ। ਪੁਲਸ ਦੇ ਉੱਚ ਅਧਿਕਾਰੀ ਮੌਕੇ 'ਤੇ ਪੁੱਜੇ ਅਤੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਨੂੰ ਵੇਖ ਕੇ ਹਮਲਾਵਰਾਂ ਤੱਕ ਪੁੱਜਣ ਦਾ ਜਤਨ ਕਰ ਰਹੇ ਸਨ।

### ਰੂਸ ਦੀ ਫਰਾਂਸ ਨੂੰ ਚਿਤਾਵਨੀ

**ਮਾਸਕੋ** : ਰੂਸ ਦੇ ਰੱਖਿਆ ਮੰਤਰੀ ਨੇ ਵੀਰਵਾਰ ਆਪਣੇ ਫਰਾਂਸੀਸੀ ਹਮਰੁਤਬਾ ਨੂੰ ਫੋਨ ਕਰਕੇ ਯੂਕਰੇਨ 'ਚ ਫੌਜਾਂ ਦੀ ਤਾਇਨਾਤੀ ਖਿਲਾਫ ਚਿਤਾਵਨੀ ਦਿੱਤੀ। ਉਸ ਨੇ ਇਹ ਵੀ ਕਿਹਾ ਕਿ ਮਾਸਕੋ ਸੰਘਰਸ਼ ਨੂੰ ਖਤਮ ਕਰਨ ਲਈ ਗੱਲਬਾਤ ਵਿੱਚ ਹਿੱਸਾ ਲੈਣ ਲਈ ਤਿਆਰ ਹੈ। ਰੂਸੀ ਰੱਖਿਆ ਮੰਤਰਾਲੇ ਦੇ ਬਿਆਨ ਮੁਤਾਬਕ ਰੱਖਿਆ ਮੰਤਰੀ ਸਰਗੇਈ ਸ਼ੋਇਗੂ ਨੇ ਫਰਾਂਸ ਦੇ ਰੱਖਿਆ ਮੰਤਰੀ ਸੇਬੇਸਟੀਅਨ ਲੇਕੋਰਨੂ ਨੂੰ ਕਿਹਾ ਕਿ ਜੇ ਪੈਰਿਸ ਯੂਕਰੇਨ 'ਚ ਫਰਾਂਸ ਦੀ ਫੌਜ ਭੇਜਣ ਦੇ ਆਪਣੇ ਬਿਆਨ 'ਤੇ ਅਮਲ ਕਰਦਾ ਹੈ ਤਾਂ ਇਸ ਨਾਲ ਫਰਾਂਸ ਲਈ ਕਈ ਸਮੱਸਿਆਵਾਂ ਪੈਦਾ ਹੋਣਗੀਆਂ।

### ਗੌਰਵ ਵੱਲਭ ਭਾਜਪਾ 'ਚ

**ਨਵੀਂ ਦਿੱਲੀ** : ਕਾਂਗਰਸ ਦੇ ਬੁਲਾਰੇ ਗੌਰਵ ਵੱਲਭ ਵੀਰਵਾਰ ਪਾਰਟੀ ਦੇ ਸਾਰੇ ਅਹੁਦਿਆਂ ਅਤੇ ਮੈਂਬਰਸ਼ਿਪ ਤੋਂ ਅਸਤੀਫਾ ਦੇ ਕੇ ਭਾਜਪਾ ਵਿਚ ਸ਼ਾਮਲ ਹੋ ਗਏ। ਉਨ੍ਹਾ ਕਿਹਾ ਕਿ ਉਹ ਸਨਾਤਨ ਵਿਰੋਧੀ ਨਾਅਰੇ ਨਹੀਂ ਲਗਾ ਸਕਦੇ ਅਤੇ ਪੂੰਜੀਪਤੀਆਂ ਦਾ ਅਪਮਾਨ ਨਹੀਂ ਕਰ ਸਕਦੇ। ਉਨ੍ਹਾ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੂੰ ਭੇਜਿਆ ਅਸਤੀਫਾ ਸਾਂਝਾ ਕਰਦਿਆਂ ਕਿਹਾ ਕਿ ਪਾਰਟੀ ਜਿਸ ਦਿਸ਼ਾਹੀਣ ਤਰੀਕੇ ਨਾਲ ਅੱਗੇ ਵਧ ਰਹੀ ਹੈ, ਉਸ ਨੂੰ ਦੇਖ ਕੇ ਉਹ ਸਹਿਜ ਮਹਿਸੂਸ ਨਹੀਂ ਕਰ ਰਹੇ ਸਨ।

### ਅਗਨੀ-ਪ੍ਰਾਈਮ ਦੀ ਸਫਲ ਪਰਖ

**ਨਵੀਂ ਦਿੱਲੀ** : ਓਡੀਸ਼ਾ ਦੇ ਤੱਟ ਤੋਂ ਦੂਰ ਏ ਪੀ ਜੇ ਅਬਦੁਲ ਕਲਾਮ ਟਾਪੂ ਤੋਂ ਨਵੀਂ ਪੀੜ੍ਹੀ ਦੀ ਬੈਲਿਸਟਿਕ ਮਿਜ਼ਾਈਲ ਅਗਨੀ-ਪ੍ਰਾਈਮ ਦੀ ਬੁੱਧਵਾਰ ਸ਼ਾਮ ਸਫਲ ਪਰਖ ਕੀਤੀ ਗਈ। ਰੱਖਿਆ ਮੰਤਰਾਲੇ ਨੇ ਦੱਸਿਆ ਕਿ ਰਣਨੀਤਕ ਬਲ ਕਮਾਂਡ, ਰੱਖਿਆ ਖੋਜ ਅਤੇ ਵਿਕਾਸ ਸੰਗਠਨ ਦੇ ਨਾਲ ਪਰਖ ਕੀਤੀ ਗਈ।

### ਗਰਮੀਆਂ 'ਚ ਨਿਰਵਿਘਨ ਬਿਜਲੀ ਲਈ ਉਪਾਅ

**ਨਵੀਂ ਦਿੱਲੀ** : ਕੇਂਦਰੀ ਮੰਤਰੀ ਆਰ ਕੇ ਸਿੰਘ ਨੇ ਵੀਰਵਾਰ ਕਿਹਾ ਕਿ ਪਾਰਾ ਵਧਣ ਨਾਲ ਬਿਜਲੀ ਦੀ ਵਧਦੀ ਮੰਗ ਨੂੰ ਪੂਰਾ ਕਰਨ ਲਈ ਪਾਵਰ ਪਲਾਂਟਾਂ ਨੂੰ ਪੂਰੀ ਸਮਰੱਥਾ ਨਾਲ ਕੰਮ ਕਰਨ ਲਈ ਕਿਹਾ ਗਿਆ ਹੈ। ਉਨ੍ਹਾ ਕਿਹਾ ਕਿ ਨਿਰਵਿਘਨ ਬਿਜਲੀ ਸਪਲਾਈ ਯਕੀਨੀ ਬਣਾਉਣ ਲਈ ਹਰ ਸੰਭਵ ਕਦਮ ਚੁੱਕੇ ਜਾ ਰਹੇ ਹਨ। ਮੌਸਮ ਵਿਭਾਗ ਵੱਲੋਂ ਲੰਮੇ ਸਮੇਂ ਤੱਕ ਸਖਤ ਗਰਮੀ ਦੀ ਭਵਿੱਖਬਾਣੀ ਕਰਨ ਤੋਂ ਬਾਅਦ ਸਰਕਾਰ ਨੇ ਮੁਰੰਮਤ ਜਾਂ ਹੋਰ ਕਾਰਨਾਂ ਕਰਕੇ ਬੰਦ ਸਾਰੇ ਪਾਵਰ ਪਲਾਂਟ ਜਲਦੀ ਤੋਂ ਜਲਦੀ ਚਲਾਉਣ ਲਈ ਕਿਹਾ ਹੈ। ਉਨ੍ਹਾ ਕਿਹਾ ਕਿ ਸਰਕਾਰ ਇਹ ਵੀ ਯਕੀਨੀ ਬਣਾ ਰਹੀ ਹੈ ਕਿ ਥਰਮਲ ਪਾਵਰ ਪਲਾਂਟਾਂ ਕੋਲ ਜੂਨ ਤੱਕ ਕੋਲੇ ਦਾ ਢੁਕਵਾਂ ਭੰਡਾਰ ਹੋਵੇ।

### ਪ੍ਰਿਤਪਾਲ ਨੂੰ ਖਨੌਰੀ ਬਾਰਡਰ 'ਤੇ ਲਿਜਾਇਆ ਗਿਆ

**ਸੰਗਰੂਰ** : ਖਨੌਰੀ ਬਾਰਡਰ ਤੋਂ ਹਰਿਆਣਾ ਪੁਲਸ ਵੱਲੋਂ ਗ੍ਰਿਫਤਾਰ ਕਰਕੇ ਕਥਿਤ ਤੌਰ 'ਤੇ ਕੁੱਟਮਾਰ ਕਾਰਨ ਗੰਭੀਰ ਜ਼ਖਮੀ ਹੋਏ ਪ੍ਰਿਤਪਾਲ ਸਿੰਘ ਨੂੰ ਵੀਰਵਾਰ ਅਦਾਲਤ ਦੇ ਹੁਕਮ 'ਤੇ ਨਿਸ਼ਾਨਦੇਹੀ ਕਰਾਉਣ ਲਈ ਐਂਬੂਲੈਂਸ ਰਾਹੀਂ ਖਨੌਰੀ ਬਾਰਡਰ 'ਤੇ ਲਿਜਾਇਆ ਗਿਆ। ਪੰਜਾਬ ਸਰਕਾਰ ਨੇ ਇਸ ਮਾਮਲੇ 'ਤੇ ਜਵਾਬ ਦੇਣ ਲਈ ਪੰਜਾਬ ਅਤੇ ਹਰਿਆਣਾ ਹਾਈਕੋਰਟ ਤੋਂ ਸਮਾਂ ਮੰਗਿਆ ਸੀ ਅਤੇ ਇਹ ਵੀ ਕਿਹਾ ਸੀ ਕਿ ਪੁਲਸ ਨੂੰ ਘਟਨਾ ਵਾਲੀ ਥਾਂ ਦੀ ਪਛਾਣ ਕਰਨੀ ਪਵੇਗੀ ਕਿ ਉਹ ਹਰਿਆਣਾ ਵਿਚ ਹੈ ਜਾਂ ਪੰਜਾਬ 'ਚ। ਪ੍ਰਿਤਪਾਲ ਸਿੰਘ ਦੇ ਵਕੀਲ ਨੇ ਅਦਾਲਤ ਨੂੰ ਕਿਹਾ ਸੀ ਕਿ ਜੇ ਸਰਕਾਰ ਉਸ ਨੂੰ ਐਂਬੂਲੈਂਸ ਮੁਹੱਈਆ ਕਰਵਾਉਂਦੀ ਹੈ ਤਾਂ ਪ੍ਰਿਤਪਾਲ ਨੂੰ ਘਟਨਾ ਵਾਲੀ ਥਾਂ 'ਤੇ ਲਿਜਾਇਆ ਜਾ ਸਕਦਾ ਹੈ। ਡੀ ਐੱਸ ਪੀ ਪਾਤੜਾਂ ਦੀ ਅਗਵਾਈ 'ਚ ਪ੍ਰਿਤਪਾਲ ਸਿੰਘ ਨੂੰ ਖਨੌਰੀ ਬਾਰਡਰ 'ਤੇ ਲਿਜਾਇਆ ਗਿਆ।

## ਮਾਨ ਵੱਲੋਂ ਫਤਿਹਗੜ੍ਹ ਸਾਹਿਬ ਦੇ ਵਿਧਾਇਕਾਂ ਨਾਲ ਚੋਣ ਰਣਨੀਤੀ 'ਤੇ ਚਰਚਾ



**ਚੰਡੀਗੜ੍ਹ (ਗੁਰਜੀਤ ਬਿੱਲਾ)**
ਮੁੱਖ ਮੰਤਰੀ ਭਗਵੰਤ ਮਾਨ ਨੇ ਵੀਰਵਾਰ ਸ੍ਰੀ ਫਤਿਹਗੜ੍ਹ ਸਾਹਿਬ ਲੋਕ ਸਭਾ ਹਲਕੇ ਬਾਰੇ ਫੀਡਬੈਕ ਲੈਣ ਲਈ ਮੀਟਿੰਗ ਕੀਤੀ। ਮੀਟਿੰਗ ਵਿੱਚ 'ਆਪ' ਉਮੀਦਵਾਰ ਗੁਰਪ੍ਰੀਤ ਸਿੰਘ ਜੀਪੀ ਅਤੇ ਹਲਕਾ ਫਤਿਹਗੜ੍ਹ ਸਾਹਿਬ ਦੇ 'ਆਪ' ਦੇ ਵਿਧਾਇਕ ਬੱਸੀ ਪਠਾਣਾ ਰੁਪਿੰਦਰ ਸਿੰਘ ਹੈਪੀ, ਵਿਧਾਇਕ ਫਤਿਹਗੜ੍ਹ ਸਾਹਿਬ ਲਖਬੀਰ ਸਿੰਘ ਰਾਏ, ਵਿਧਾਇਕ ਅਮਲੋਹ ਗੁਰਿੰਦਰ ਸਿੰਘ, ਵਿਧਾਇਕ ਖੰਨਾ ਤਰੁਨਪ੍ਰੀਤ ਸਿੰਘ ਸੌਂਦ, ਵਿਧਾਇਕ ਸਮਰਾਲਾ ਜਗਤਾਰ ਸਿੰਘ, ਵਿਧਾਇਕ ਸਾਹਨੇਵਾਲ ਹਰਦੀਪ ਸਿੰਘ ਮੁੰਡੀਆਂ ਅਤੇ ਵਿਧਾਇਕ ਰਾਏਕੋਟ ਹਾਕਮ ਸਿੰਘ ਠੇਕੇਦਾਰ ਹਾਜ਼ਰ ਸਨ।

ਮਾਨ ਨੇ ਵਿਧਾਇਕਾਂ ਨੂੰ ਕਿਹਾ ਕਿ ਉਹ ਫਤਿਹਗੜ੍ਹ ਸਾਹਿਬ ਹਲਕੇ ਵਿੱਚ ਪਾਰਟੀ ਦੇ ਸਮੂਹ ਅਹੁਦੇਦਾਰਾਂ ਨਾਲ ਮੀਟਿੰਗਾਂ ਕਰਨ ਦੇ ਨਾਲ-ਨਾਲ ਹਰ ਪਿੰਡ ਵਿੱਚ ਵੀ ਮੀਟਿੰਗਾਂ ਕਰਨ। ਉਨ੍ਹਾ ਵਿਧਾਇਕਾਂ ਨੂੰ ਹਦਾਇਤ ਕੀਤੀ ਕਿ ਆਪ ਸਰਕਾਰ ਵੱਲੋਂ ਪਿਛਲੇ ਦੋ ਸਾਲਾਂ ਦੌਰਾਨ ਲਏ ਗਏ ਸਾਰੇ ਪੰਜਾਬ ਪੱਖੀ ਅਤੇ ਲੋਕ-ਪੱਖੀ ਫੈਸਲਿਆਂ ਦਾ ਜ਼ੋਰਦਾਰ ਪ੍ਰਚਾਰ ਕੀਤਾ ਜਾਵੇ ਅਤੇ ਲੋਕਾਂ ਦੇ ਮੁੱਦਿਆਂ ਬਾਰੇ ਵੀ ਗੱਲ ਕੀਤੀ ਜਾਵੇ, ਜੋ ਉਹ ਸੰਸਦ ਵਿੱਚ ਉਠਾਉਣਾ ਚਾਹੁੰਦੇ ਹਨ। ਗੁਰਪ੍ਰੀਤ ਸਿੰਘ ਜੀਪੀ ਨੇ ਕਿਹਾ ਕਿ ਮੁੱਖ ਮੰਤਰੀ ਮਾਨ ਫਤਿਹਗੜ੍ਹ ਸਾਹਿਬ ਦੇ ਹਰੇਕ ਹਲਕੇ ਵਿੱਚ 3-4 ਦਿਨ ਦਾ ਸਮਾਂ ਦੇਣਗੇ, ਜਿੱਥੇ ਉਹ ਮੀਟਿੰਗਾਂ, ਰੋਡ ਸ਼ੋਅ ਅਤੇ ਰੈਲੀਆਂ ਕਰਨਗੇ।

## ਗ਼ਦਰ ਪਾਰਟੀ ਸਥਾਪਨਾ ਦਿਵਸ ਸਮਾਗਮ 21 ਨੂੰ, ਡਾ. ਦੇਵਿੰਦਰ ਸ਼ਰਮਾ ਹੋਣਗੇ ਮੁੱਖ ਵਕਤਾ



**ਜਲੰਧਰ (ਕੇਸਰ)** : ਸਾਡੇ ਮੁਲਕ ਨੂੰ ਹਰ ਵੰਨਗੀ ਦੀ ਗ਼ੁਲਾਮੀ, ਵਿਤਕਰੇ ਅਤੇ ਅਨਿਆਂ ਤੋਂ ਮੁਕਤ ਕਰਕੇ ਆਜ਼ਾਦ, ਖੁਸ਼ਹਾਲ, ਜਮਹੂਰੀ, ਧਰਮ-ਨਿਰਪੱਖ ਸਮਾਜ ਸਿਰਜਣ ਦੇ ਮਹਾਨ ਆਦਰਸ਼ ਨੂੰ ਪ੍ਰਣਾਈ ਗ਼ਦਰ ਪਾਰਟੀ ਦੇ 111ਵੇਂ ਜਨਮ ਦਿਹਾੜੇ (1913-2024) ਮੌਕੇ 21 ਅਪ੍ਰੈਲ (ਐਤਵਾਰ) ਨੂੰ ਸਵੇਰੇ 10:45 ਵਜੇ ਦੇਸ਼ ਭਗਤ ਯਾਦਗਾਰ ਹਾਲ ਅੰਦਰ ਬਣੇ ਵਿਸ਼ਨੂੰ ਗਣੇਸ਼ ਪਿੰਗਲੇ ਹਾਲ 'ਚ ਵਿਚਾਰ-ਚਰਚਾ ਸਮਾਗਮ ਕੀਤਾ ਜਾਏਗਾ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਇਸ ਸਮਾਗਮ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਡਾ. ਤੇਜਿੰਦਰ ਵਿਰਲੀ ਗ਼ਦਰ ਪਾਰਟੀ ਦਾ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਨਗੇ ਅਤੇ ਲੋਕਾਂ ਦੇ ਨਾਂਅ ਗ਼ਦਰ ਪਾਰਟੀ ਦੀ ਪ੍ਰਸੰਗਕਤਾ ਉਭਾਰਦਾ ਸੁਨੇਹਾ ਸਾਂਝਾ ਕਰਨਗੇ। ਸਮਾਗਮ ਦੇ ਮੁੱਖ ਵਕਤਾ ਖੇਤੀ ਅਤੇ ਇਸ ਨਾਲ ਜੁੜੇ ਖਾਧ ਪਦਾਰਥਾਂ ਵਰਗੇ ਕੇਂਦਰੀ ਬਹੁ-ਮੁੱਦਿਆਂ ਦੇ ਨਾਮਵਰ ਵਿਗਿਆਨੀ ਡਾ. ਦੇਵਿੰਦਰ ਸ਼ਰਮਾ 'ਕਿਸਾਨ ਸੰਕਟ: ਇਤਿਹਾਸ ਅਤੇ ਸਮਕਾਲ' ਵਿਸ਼ੇ ਦੇ ਬਹੁ-ਪੱਖਾਂ ਉਪਰ ਰੌਸ਼ਨੀ ਪਾਉਣਗੇ। ਦੇਸ਼ ਭਗਤ ਯਾਦਗਾਰ ਕਮੇਟੀ ਨੇ ਸਮੂਹ ਕਿਸਾਨ, ਮਜ਼ਦੂਰ ਸੰਸਥਾਵਾਂ ਅਤੇ ਸਭਨਾਂ ਮਿਹਨਤਕਸ਼ ਤਬਕਿਆਂ ਦੇ ਕਾਮਿਆਂ, ਵਿਦਵਾਨਾਂ, ਖੋਜਕਾਰਾਂ, ਲੇਖਕਾਂ, ਪੱਤਰਕਾਰਾਂ ਤੇ ਸੰਘਰਸ਼ਸ਼ੀਲ ਲੋਕ ਹਿੱਸਿਆਂ ਨੂੰ ਵਿਸ਼ੇਸ਼ ਤੌਰ 'ਤੇ ਇਸ ਸਮਾਗਮ 'ਚ ਸ਼ਿਰਕਤ ਕਰਨ ਦੀ ਅਪੀਲ ਕੀਤੀ ਹੈ।

## ਨੰਗ ਹੋ ਗਏ ਬਰਤਾਨਵੀ

**ਲੰਡਨ** : ਬਰਤਾਨੀਆ 'ਚ ਪੈਸੇ ਦੀ ਕਿੱਲਤ ਨਾਲ ਜੂਝ ਰਹੇ ਲੋਕਾਂ ਦੀ ਗਿਣਤੀ ਰਿਕਾਰਡ ਪੱਧਰ 'ਤੇ ਪੁੱਜ ਗਈ ਹੈ। ਵਿੱਤੀ ਦਾਨ ਦੇਣ ਵਾਲਿਆਂ ਦਾ ਕਹਿਣਾ ਹੈ ਕਿ ਲੋਕ ਕਰਜ਼ੇ, ਬਿੱਲਾਂ ਦਾ ਭੁਗਤਾਨ ਅਤੇ ਦੀਵਾਲੀਆਪਨ 'ਚ ਮਦਦ ਲਈ ਉਨ੍ਹਾਂ ਨਾਲ ਸੰਪਰਕ ਕਰ ਰਹੇ ਹਨ। ਡੈਬਟ ਜਸਟਿਸ ਸਮੂਹ ਨੇ ਸਰਵੇਖਣ 'ਚ ਦੇਖਿਆ ਕਿ 18 ਤੋਂ 24 ਸਾਲ ਦੇ 29 ਫੀਸਦ ਅਤੇ 25 ਤੋਂ 34 ਸਾਲ ਦੀ ਉਮਰ ਦੇ 25 ਫੀਸਦ ਪਿਛਲੇ ਛੇ ਮਹੀਨਿਆਂ 'ਚ ਤਿੰਨ ਜਾਂ ਵੱਧ ਬਿੱਲਾਂ ਦਾ ਭੁਗਤਾਨ ਕਰਨ 'ਚ ਅਸਫਲ ਰਹੇ ਹਨ। ਬਹੁਤੇ (65 ਫੀਸਦ) ਲੋਕ ਇਹ ਸੋਚਦੇ ਹਨ ਕਿ ਕੀ ਉਹ ਪੈਸੇ ਉਧਾਰ ਲਏ ਬਿਨਾਂ ਆਪਣੀ ਬੱਚਤ ਨਾਲ ਤਿੰਨ ਮਹੀਨਿਆਂ ਤੱਕ ਜ਼ਿੰਦਾ ਵੀ ਰਹਿ ਸਕਦੇ ਹਨ। ਯੂ ਕੇ ਫਾਈਨੈਂਸ਼ੀਅਲ ਮਾਰਕੀਟਸ ਰੈਗੂਲੇਟਰ ਦੇ ਅੰਕੜੇ ਦੱਸਦੇ ਹਨ ਕਿ ਯੂ ਕੇ ਦੇ ਇੱਕ-ਤਿਹਾਈ ਤੋਂ ਵੱਧ ਬਾਲਗਾਂ ਕੋਲ ਬੱਚਤ ਦੇ ਨਾਂਅ 'ਤੇ ਸਿਰਫ 1,000 ਪੌਂਡ ਤੋਂ ਘੱਟ ਹਨ ਅਤੇ ਮਨੀ. ਯੂਕੇ.ਕੋ ਵੱਲੋਂ ਕੀਤੇ ਸਰਵੇਖਣ ਮੁਤਾਬਕ 25-64 ਸਾਲ ਦੀ ਉਮਰ ਦੇ 30 ਫੀਸਦ ਬਰਤਾਨਵੀ ਸੇਵਾਮੁਕਤ ਲੋਕ ਬਿਲਕੁਲ ਬੱਚਤ ਨਹੀਂ ਕਰਦੇ।

### ਸਾਬਕਾ ਅੱਤਵਾਦੀ ਰਤਨਦੀਪ ਸਿੰਘ ਦੀ ਹੱਤਿਆ

**ਨਵਾਂਸ਼ਹਿਰ** : ਬਲਾਚੌਰ 'ਚ ਬੁੱਧਵਾਰ ਰਾਤ ਮੋਟਰਸਾਈਕਲ ਸਵਾਰ ਦੋ ਹਮਲਾਵਰਾਂ ਨੇ ਕਾਰ ਸਵਾਰ ਸਾਬਕਾ ਅੱਤਵਾਦੀ ਰਤਨਦੀਪ ਸਿੰਘ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ। ਹਮਲੇ ਵੇਲੇ ਰਤਨਦੀਪ ਦੇ ਨਾਲ ਉਸ ਦਾ ਭਤੀਜਾ ਵੀ ਸੀ। ਪੁਲਸ ਨੂੰ ਮੌਕੇ 'ਤੇ ਪੋਸਟਰ ਮਿਲਿਆ, ਜਿਸ 'ਚ ਗੋਪੀ ਨਵਾਂਸ਼ਹਿਰ ਨੇ ਕਤਲ ਦੀ ਜ਼ਿੰਮੇਵਾਰੀ ਲਈ ਹੈ। ਨਵਾਂਸ਼ਹਿਰ ਦੇ ਐੱਸ ਪੀ ਮੁਕੇਸ਼ ਸ਼ਰਮਾ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਪੁਲਸ ਨੇ ਕਿਹਾ ਕਿ ਰਤਨਦੀਪ ਨੂੰ ਪੰਜਾਬ ਪੁਲਸ ਨੇ 2014 'ਚ ਗ੍ਰਿਫਤਾਰ ਕੀਤਾ ਸੀ ਅਤੇ ਉਹ ਭਿੰਡਰਾਂਵਾਲਾ ਟਾਈਗਰ ਫੋਰਸ ਨਾਲ ਜੁੜਿਆ ਹੋਇਆ ਸੀ।

## ਮਾਂ, ਭਾਬੀ ਤੇ ਭਤੀਜੇ ਦਾ ਕਤਲ

**ਚੇਤਨਪੁਰਾ** : ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਕੰਦੋਵਾਲੀ 'ਚ ਬੁੱਧਵਾਰ ਰਾਤ 35 ਸਾਲਾ ਨੌਜਵਾਨ ਅੰਮ੍ਰਿਤਪਾਲ ਸਿੰਘ ਆਪਣੀ ਮਾਂ ਮਨਬੀਰ ਕੌਰ, ਭਾਬੀ ਅਵਨੀਤ ਕੌਰ ਅਤੇ ਭਤੀਜੇ ਸਮਰੱਥ ਸਿੰਘ (2) ਦਾ ਦਾਤਰ ਨਾਲ ਕਤਲ ਕਰਕੇ ਥਾਣਾ ਝੰਡੇਰ 'ਚ ਪੇਸ਼ ਹੋ ਗਿਆ। ਮੁੱਢਲੀ ਜਾਂਚ 'ਚ ਪਤਾ ਲੱਗਾ ਹੈ ਕਿ ਉਸ ਦੀ ਪਤਨੀ ਸ਼ਰਨਜੀਤ ਕੌਰ ਆਪਣੇ ਦੋ ਬੱਚਿਆਂ ਸਮੇਤ ਦੋ ਸਾਲਾਂ ਤੋਂ ਵੱਖ ਰਹਿ ਰਹੀ ਹੈ। ਉਸ ਦਾ ਭਰਾ ਪਿਛਲੇ ਕਈ ਸਾਲਾਂ ਤੋਂ ਦੁਬਈ ਵਿਚ ਹੈ, ਜਦਕਿ ਉਸ ਦੇ ਭਰਾ ਦੀ ਪਤਨੀ ਅਵਰੀਤ ਕੌਰ ਅਤੇ ਭਤੀਜਾ ਉਸ ਦੀ ਮਾਤਾ ਮਨਬੀਰ ਕੌਰ ਨਾਲ ਰਹਿੰਦੇ ਸਨ।

ਥਾਣਾ ਝੰਡੇਰ ਪੁਲਸ ਨੇ ਮੁਲਜ਼ਮ ਤੋਂ ਦਾਤਰ ਬਰਾਮਦ ਕਰਕੇ ਉਸ ਖਿਲਾਫ ਕਤਲ ਦਾ ਕੇਸ ਦਰਜ ਕਰ ਲਿਆ ਹੈ। ਮੁਲਜ਼ਮ ਨੇ ਰਾਤ ਕਰੀਬ ਡੇਢ ਵਜੇ ਪਹਿਲਾਂ ਮਾਂ ਦੇ ਸਿਰ ਵਿਚ ਦਾਤਰ ਮਾਰ ਕੇ ਉਸ ਨੂੰ ਮੌਤ ਦੇ ਘਾਟ ਉਤਾਰਿਆ। ਬਾਅਦ 'ਚ ਸਵੇਰੇ 4 ਵਜੇ ਜਦ ਉਸ ਦੀ ਭਾਬੀ ਨੇ ਦਰਵਾਜ਼ਾ ਖੋਲ੍ਹਿਆ ਤਾਂ ਉਸ ਨੂੰ ਅਤੇ ਭਤੀਜੇ ਨੂੰ ਵੀ ਮੌਤ ਦੇ ਘਾਟ ਉਤਾਰ ਦਿੱਤਾ।

## 10 ਦੀ ਰੈਲੀ ਮੁਲਤਵੀ, ਪਰ ਫਾਇਨਾਂਸ ਕੰਪਨੀਆਂ ਦੀ ਲੁੱਟ ਵਿਰੁੱਧ ਸੰਘਰਸ਼ ਜਾਰੀ ਰਹੇਗਾ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**
ਘਰੇਲੂ ਮਜ਼ਦੂਰ ਏਕਤਾ ਯੂਨੀਅਨ, ਅੰਮ੍ਰਿਤਸਰ ਦੇ ਆਗੂਆਂ ਕਾਮਰੇਡ ਅਮਰਜੀਤ ਸਿੰਘ ਆਸਲ, ਕਾਮਰੇਡ ਦਸਵਿੰਦਰ ਕੌਰ ਅਤੇ ਕਾਮਰੇਡ ਵਿਜੇ ਕਪੂਰ ਨੇ ਦੱਸਿਆ ਕਿ ਮਾਈਕਰੋ ਫਾਈਨਾਂਸ ਕੰਪਨੀਆਂ ਵਿਰੁੱਧ ਜੋ ਕਰਜ਼ਾ ਮੁਆਫੀ ਦੀ ਰੈਲੀ 10 ਅਪ੍ਰੈਲ ਨੂੰ ਅੰਮ੍ਰਿਤਸਰ ਕਚਹਿਰੀ ਵਿਖੇ ਰੱਖੀ ਸੀ, ਚੋਣ ਜ਼ਾਬਤਾ ਲੱਗਣ ਕਾਰਨ ਉਹ ਮੁਲਤਵੀ ਕਰ ਦਿੱਤੀ ਗਈ ਹੈ। ਅਗਲੀ ਰੈਲੀ ਦਾ ਫੈਸਲਾ ਚੋਣਾਂ ਤੋਂ ਬਾਅਦ ਕੀਤਾ ਜਾਵੇਗਾ।

ਮਜ਼ਦੂਰ ਆਗੂਆਂ ਨੇ ਦੱਸਿਆ ਕਿ ਮਾਈਕਰੋ ਫਾਈਨਾਂਸ ਕੰਪਨੀਆਂ ਨੇ ਪੰਜਾਬ ਵਿੱਚ ਗਰੀਬਾਂ ਅਤੇ ਦਲਿਤ ਪਰਵਾਰਾਂ ਨੂੰ ਨਿਸ਼ਾਨਾ ਬਣਾ ਕੇ ਆਪਣੇ ਕਰਜ਼ ਜਾਲ ਵਿੱਚ ਫਸਾ ਲਿਆ ਹੈ ਅਤੇ ਇਹ ਸਾਰਾ ਕਾਰੋਬਾਰ ਗੈਰ ਕਾਨੂੰਨੀ ਢੰਗ ਨਾਲ ਚੱਲ ਰਿਹਾ ਹੈ। ਕਰਜ਼ਾ ਦੇਣ ਸਮੇਂ ਹੀ ਕਰਜ਼ੇ ਦੀ ਰਕਮ ਦਾ ਕਾਫੀ ਹਿੱਸਾ ਵਿਚੋਲਿਆਂ ਨੂੰ ਦਿੱਤਾ ਜਾਂਦਾ ਹੈ, ਲੇਕਿਨ ਕਰਜ਼ੇ ਦਾ ਸਾਰਾ ਬੋਝ ਕਰਜ਼ਧਾਰੀ ਉਪਰ ਹੀ ਪਾਇਆ ਜਾਂਦਾ ਹੈ। ਹਫਤਾਵਾਰੀ ਕਿਸ਼ਤਾਂ ਰਾਹੀਂ ਵਿਆਜ ਦੀ ਰਕਮ ਅਤੇ ਮੂਲ ਦਾ ਕੁੱਝ ਹਿੱਸਾ ਵਸੂਲਿਆ ਜਾਂਦਾ ਹੈ। ਸਾਰਾ ਹੀ ਕਾਰੋਬਾਰ/ਵਸੂਲੀ ਨਗਦੀ ਦੇ ਰੂਪ ਵਿੱਚ ਕੀਤਾ ਜਾਂਦਾ ਹੈ। ਕਿਤੇ ਵੀ ਉਸ ਦਾ ਰਿਕਾਰਡ ਨਹੀਂ ਰਹਿਣ ਦਿੱਤਾ ਜਾਂਦਾ। ਕਰਜ਼ਦਾਰ ਨੂੰ ਇਹ ਦੱਸਿਆ ਹੀ ਨਹੀਂ ਜਾਂਦਾ ਕਿ ਵਿਆਜ ਦੀ ਦਰ ਕਿੰਨੇ ਪ੍ਰਤੀਸ਼ਤ ਹੈ। ਵਸੂਲ ਕੀਤੀ ਰਕਮ ਦਾ ਕੋਈ ਵੀ ਹਿਸਾਬ ਨਹੀਂ ਦਿੱਤਾ ਜਾਂਦਾ। ਇੱਕ-ਇੱਕ ਵਿਅਕਤੀ ਨੂੰ 20,000 ਰੁਪਏ ਤੋਂ ਲੈ ਕੇ ਇੱਕ ਲੱਖ ਰੁਪਏ ਤੱਕ ਦੇ 44, 55, 66 ਤੋਂ ਵੀ ਵੱਧ 99 ਤੱਕ ਦੇ ਕਰਜ਼ੇ ਦਿੱਤੇ ਜਾਂਦੇ ਹਨ। ਗਰੀਬ ਲੋਕ ਵਿਆਜ ਦੇ ਪੈਸੇ ਦੇਣ ਲਈ ਵੀ ਮੁੜ ਕਰਜ਼ੇ ਲੈ ਰਹੇ ਹਨ। ਕਰਜ਼ਧਾਰੀਆਂ ਨੂੰ ਘਰਾਂ ਦੇ ਖਰਚੇ ਚਲਾਉਣੇ ਮੁਸ਼ਕਲ ਹੋ ਰਹੇ ਹਨ। ਇਹ ਕਾਰੋਬਾਰ ਮੁੱਖ ਤੌਰ 'ਤੇ ਗਰੀਬ/ਦਲਿਤ ਪਰਵਾਰਾਂ ਵਾਲੀਆਂ ਆਬਾਦੀਆਂ ਵਿੱਚ ਹੀ ਚੱਲ ਰਿਹਾ ਹੈ। ਗਰੀਬ ਲੋਕ ਕਰਜ਼ੇ ਦੀ ਮਾਰ ਤੋਂ ਇਸ ਹੱਦ ਤੱਕ ਤੰਗ ਹੋ ਚੁੱਕੇ ਹਨ ਕਿ ਉਹ ਪਰਵਾਰਾਂ ਸਮੇਤ ਆਤਮ-ਹੱਤਿਆ ਦਾ ਰਾਹ ਅਪਣਾਉਣ ਲਈ ਮਜਬੂਰ ਹੋਏ ਪਏ ਹਨ। ਪੰਜਾਬ ਅੰਦਰ ਵੱਖ-ਵੱਖ ਜਥੇਬੰਦੀਆਂ ਇਸ ਗੈਰ-ਕਾਨੂੰਨੀ ਧੰਦੇ ਵਿਰੁੱਧ ਅਤੇ ਗਰੀਬ ਲੋਕਾਂ ਦੇ ਕਰਜ਼ਿਆਂ ਦੀ ਮੁਆਫੀ ਲਈ ਸੰਘਰਸ਼ ਕਰ ਰਹੀਆਂ ਹਨ। ਅੰਮ੍ਰਿਤਸਰ ਵਿੱਚ ਘਰੇਲੂ ਮਜ਼ਦੂਰ ਏਕਤਾ ਯੂਨੀਅਨ ਸੰਬੰਧਤ ਏਟਕ ਵੱਲੋਂ ਕਰਜ਼ਾ ਮੁਆਫੀ ਲਈ ਸੰਘਰਸ਼ ਪਿਛਲੇ ਸਾਲ ਨਵੰਬਰ 2023 ਵਿੱਚ ਸ਼ੁਰੂ ਕੀਤਾ ਗਿਆ ਸੀ ਅਤੇ ਲੱਗਭੱਗ 35000 ਕਰਜ਼ਾ ਪੀੜਤਾਂ ਦੇ ਦਸਤਖਤਾਂ ਵਾਲੀਆਂ ਦਰਖਾਸਤਾਂ ਮੁੱਖ ਮੰਤਰੀ ਪੰਜਾਬ ਨੂੰ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਰਾਹੀਂ 22 ਦਸੰਬਰ 2023 ਅਤੇ 31 ਜਨਵਰੀ 2024 ਨੂੰ ਬਹੁਤ ਵੱਡੀਆਂ ਰੈਲੀਆਂ ਕਰਕੇ ਭੇਜੀਆਂ ਗਈਆਂ ਸਨ। ਪੀੜਤ ਕਰਜ਼ਧਾਰੀਆਂ ਵੱਲੋਂ ਕੰਪਨੀਆਂ ਦਾ ਬਾਈਕਾਟ ਕਰਕੇ ਕਰਜ਼ੇ ਦੀਆਂ ਕਿਸ਼ਤਾਂ ਦੇਣ ਤੋਂ ਇਨਕਾਰ ਕੀਤਾ ਗਿਆ ਹੈ। ਮਜ਼ਦੂਰ ਆਗੂਆਂ ਨੇ ਅੱਗੇ ਕਿਹਾ ਕਿ ਭਾਵੇਂ ਚੋਣ ਜ਼ਾਬਤਾ ਲੱਗਣ ਕਰਕੇ 10 ਅਪ੍ਰੈਲ ਨੂੰ ਹੋਣ ਵਾਲੀ ਰੈਲੀ ਮੁਲਤਵੀ ਕੀਤੀ ਗਈ ਹੈ, ਪ੍ਰੰਤੂ ਮਾਈਕਰੋ ਫਾਈਨਾਂਸ ਕੰਪਨੀਆਂ ਦੀ ਲੁੱਟ ਵਿਰੁੱਧ ਸੰਘਰਸ਼ ਜਾਰੀ ਰਹੇਗਾ।

ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਗਰੀਬ ਲੋਕਾਂ ਅਤੇ ਦਲਿਤਾਂ ਦਾ ਕਰਜ਼ਾ ਸਰਕਾਰ ਆਪਣੇ ਜ਼ਿੰਮੇ ਲੈ ਕੇ ਮੁਆਫ ਕਰੇ ਅਤੇ ਜਾਂਚ ਕੀਤੀ

● ਬਾਕੀ ਸਫ਼ਾ 2 'ਤੇ

### ਅੱਜ-ਨਾਮਾ

ਸਾਰੀਆਂ ਧਿਰਾਂ ਅੰਦਰ ਫਿਰੇ ਪਈ ਭਾਜੜ,
ਪਾਟਕ ਅੰਦਰ ਤੋਂ ਬਾਹਰ ਨੂੰ ਆਏ ਬੇਲੀ।
ਮਨਾਉਂਦੇ ਇੱਕ ਤਾਂ ਦੂਜਾ ਈ ਰੁੱਸ ਜਾਂਦਾ,
ਮੁੜ-ਮੁੜ ਰੁੱਸਣ ਤਾਂ ਕੌਣ ਮਨਾਏ ਬੇਲੀ।
ਜਿੱਧਰ ਜਿੱਤਣ ਦੀ ਝਾਕ ਹੈ ਬੜੀ ਲੱਗਦੀ,
ਉਸ ਵੱਲ ਜਾਣ ਕਈ ਕਾਰ ਭਜਾਏ ਬੇਲੀ।
ਜਿੱਥੇ ਜਿੱਤ ਦੀ ਝਾਕ ਜਿਹੀ ਕੋਈ ਹੈ ਨਹੀਂ,
ਪੁਆੜੇ ਟਿਕਟਾਂ ਨੇ ਓਧਰ ਵੀ ਪਾਏ ਬੇਲੀ।
ਹੋਈ ਟਿਕਟਾਂ ਤੱਕ ਸੀਮਤ ਆ ਰਾਜਨੀਤੀ,
ਸਾਰਾ ਕੁਝ ਏਸ ਦੇ ਲਈ ਕੁਰਬਾਨ ਬੇਲੀ।
ਵਫਾਦਾਰ ਕਹਾਉਂਦੇ ਉਂਜ ਤਾਂ ਪਾਰਟੀ ਦਾ,
ਚੱਲੇ ਪਈ ਵਫਾ ਦੀ ਸਿਰਫ ਦੁਕਾਨ ਬੇਲੀ।

-ਤੀਸ ਮਾਰ ਖਾਂ

## ਸ਼ਾਨੋ-ਸ਼ੌਕਤ ਨਾਲ ਦਮੜੀ ਸ਼ੋਭਾ ਯਾਤਰਾ ਆਰੰਭ

### 50 ਏਕੜ 'ਚ ਖੁਰਾਲਗੜ੍ਹ ਸਾਹਿਬ 'ਚ ਬਣਾਵਾਂਗੇ 'ਵਰਸਿਟੀ : ਸੰਤ ਨਿਰਮਲ ਦਾਸ ਬਾਬੇ ਜੌੜੇ



ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ) ਇਤਿਹਾਸਕ ਦਮੜੀ ਸ਼ੋਭਾ ਯਾਤਰਾ ਸ੍ਰੀ ਗੁਰੂ ਰਵਿਦਾਸ ਪਬਲਿਕ ਸਕੂਲ (ਰਜਿ.) ਸੀ ਬੀ ਐੱਸ ਸੀ ਚੂਹੜਵਾਲੀ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰਛਾਇਆ, ਪੰਜ ਪਿਆਰਿਆਂ ਦੀ ਅਗਵਾਈ ਹੇਠ ਅਤੇ ਚੇਅਰਮੈਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਸੰਤ ਸਰਵਣ ਦਾਸ ਬੋਹਣ, ਪ੍ਰਧਾਨ ਸੰਤ ਨਿਰਮਲ ਦਾਸ ਬਾਬੇ ਜੌੜੇ, ਜਨਰਲ ਸਕੱਤਰ ਸੰਤ ਇੰਦਰ ਦਾਸ ਸ਼ੇਖੇ ਦੀ ਦੇਖ-ਰੇਖ ਸ਼ਾਨੋ-ਸ਼ੌਕਤ ਨਾਲ ਆਰੰਭ ਹੋਈ।ਯਾਤਰਾ 'ਚ ਧਾਰਮਿਕ, ਸਮਾਜਿਕ, ਰਾਜਨੀਤਕ ਸ਼ਖ਼ਸੀਅਤਾਂ ਤੋਂ ਇਲਾਵਾ ਭਾਰੀ ਗਿਣਤੀ 'ਚ ਸੰਗਤਾਂ ਨੇ ਸ਼ਾਮਲ ਹੋ ਕੇ ਹਾਜ਼ਰੀ ਭਰੀ।ਇਸ ਮੌਕੇ ਸੰਤ ਨਿਰਮਲ ਦਾਸ ਬਾਬੇ ਜੌੜੇ ਪ੍ਰਧਾਨ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸਤਿਗੁਰੂ ਰਵਿਦਾਸ ਦਾ ਸ਼ੁਕਰਾਨਾ ਕਰਦਿਆਂ ਕਿਹਾ ਕਿ ਕੌਮ ਦੇ ਬੱਚਿਆਂ ਨੂੰ ਸਿੱਖਿਅਤ ਬਣਾਉਣ ਲਈ ਸ੍ਰੀ ਗੁਰੂ ਰਵਿਦਾਸ ਸਦਨ ਨਜ਼ਦੀਕ ਸ੍ਰੀ ਚਰਨਛੋਹ ਗੰਗਾ ਖੁਰਾਲਗੜ੍ਹ ਸਾਹਿਬ ਵਿਖੇ 50 ਏਕੜ 'ਚ ਸਤਿਗੁਰੂ ਰਵਿਦਾਸ ਜੀ ਦੇ ਨਾਂਅ 'ਤੇ ਕੌਮ ਲਈ ਯੂਨੀਵਰਸਿਟੀ ਬਣਾਵਾਂਗੇ।ਉਨ੍ਹਾਂ ਕਿਹਾ, ਅਸੀਂ ਆਪਣੇ ਜੀਵਨ ਵਿੱਚ ਬਾਬਾ ਸਾਹਿਬ ਡਾ. ਅੰਬੇਡਕਰ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ 'ਪੜ੍ਹੋ, ਜੁੜੋ ਤੇ ਸੰਘਰਸ਼ ਕਰੋ' ਦੇ ਮਾਰਗ 'ਤੇ ਚੱਲ ਕੇ ਆਪਣੇ ਫਰਜ਼ ਨਿਭਾਅ ਰਹੇ ਹਾਂ, ਉਨ੍ਹਾਂ ਲੱਤਾਂ ਖਿੱਚਣ ਵਾਲਿਆਂ ਨੂੰ ਅਪੀਲ ਕੀਤੀ ਕਿ ਕੌਮ ਦੇ ਭਲੇ ਲਈ ਉਹ ਵੀ ਇਸ ਕਾਫਲੇ 'ਚ ਸ਼ਾਮਲ ਹੋਣ। ਇਸ ਮੌਕੇ ਸੰਤ ਸਰਵਣ ਦਾਸ ਲੁਧਿਆਣਾ ਸੀਨੀਅਰ ਮੀਤ ਪ੍ਰਧਾਨ, ਸੰਤ ਪਰਮਜੀਤ ਦਾਸ ਨਗਰ ਕੈਸ਼ੀਅਰ, ਸੰਤ ਬਲਵੰਤ ਸਿੰਘ ਡੀਂਗਰੀਆਂ, ਸੰਤ ਧਰਮ ਪਾਲ ਸ਼ੇਰਗੜ੍ਹ, ਮਹੰਤ ਪ੍ਰਸ਼ੋਤਮ ਲਾਲ ਚੱਕ ਹਕੀਮ, ਸੰਤ ਕ੍ਰਿਪਾਲ ਦਾਸ ਭਾਰਟਾ, ਸੰਤ ਸਤਵਿੰਦਰ ਹੀਰਾ ਕੌਮੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ, ਸੰਤ ਕ੍ਰਿਪਾਲ ਦਾਸ ਭਾਰਟਾ, ਸੰਤ ਮਨਜੀਤ ਦਾਸ ਹਿਮਾਚਲ, ਭੈਣ ਸੰਤੋਸ਼ ਕੁਮਾਰੀ ਬਿਲਡਿੰਗ ਇੰਚਾਰਜ, ਜਥੇਦਾਰ ਬਾਬਾ ਗੁਰਦੇਵ ਸਿੰਘ ਮੁਖੀ ਤਰਨਾ ਦਲ, ਸੰਤ ਪ੍ਰਗਟ ਨਾਥ ਉੱਗੀ ਚਿੱਟੀ, ਸੰਤ ਸੰਤੋਖ ਦਾਸ ਭਾਰਟਾ, ਸੰਤ ਮਨਜੀਤ ਦਾਸ ਵਿਛੋਹੀ, ਸੰਤ ਕੁਲਦੀਪ ਦਾਸ ਬਸੀ ਮਰੂਫ, ਸੰਤ ਰਮੇਸ਼ ਦਾਸ ਸ਼ੇਰਪੁਰ ਕਲਰਾਂ, ਸੰਤ ਰਜੇਸ਼ ਦਾਸ ਬਜਵਾੜਾ, ਸੰਤ ਪ੍ਰੇਮ ਦਾਸ ਭਵਿਆਣਾ, ਸੰਤ ਜਸਵੰਤ ਦਾਸ ਰਾਵਲਪਿੰਡੀ, ਸੰਤ ਬੀਬੀ ਕੁਲਦੀਪ ਕੌਰ ਮਹਿਨਾ, ਸੰਤ ਸਰੂਪ ਸਿੰਘ ਬੋਹਾਨੀ, ਸੰਤ ਬੀਬੀ ਕਮਲੇਸ਼ ਕੌਰ ਨਾਹਲਾਂ, ਬਾਬਾ ਬਲਕਾਰ ਸਿੰਘ ਤੱਗੜ ਵਡਾਲਾ, ਸੁੱਖੀ ਬਾਬਾ, ਸੰਤ ਗੁਰਮੀਤ ਦਾਸ ਪਿੱਪਲਾਂਵਾਲਾ, ਸੰਤ ਪ੍ਰਮੇਸ਼ਵਰੀ ਦਾਸ, ਰਕੇਸ਼ ਸੁਮਨ ਬਸਪਾ ਆਗੂ, ਚੌਧਰੀ ਗੁਰਨਾਮ ਸਿੰਘ, ਸੁਸ਼ੀਲ ਰਿੰਕੂ, ਕੁਲਵਿੰਦਰ ਬੁੱਗਾ ਪ੍ਰਧਾਨ ਅੰਬੇਡਕਰ ਸੈਨਾ, ਬੀਰ ਚੰਦ ਸੁਰੀਲਾ ਅਤੇ ਸੰਗਤਾਂ ਹਾਜ਼ਰ ਸਨ।

CMYK

## ਯੂ ਕੇ ਇੰਟਰਨੈਸ਼ਨਲ 'ਚ ਦਾਖ਼ਲੇ ਸੰਬੰਧੀ ਮਾਪਿਆਂ 'ਚ ਉਤਸ਼ਾਹ



**ਧਰਮਕੋਟ (ਗੁਰਦੀਪ ਸਿੰਘ ਭੁੱਲਰ)**-ਮੋਗੇ ਜ਼ਿਲ੍ਹੇ ਦੀ ਨਾਮਵਰ ਸੰਸਥਾ ਯੂ ਕੇ ਇੰਟਰਨੈਸ਼ਨਲ ਸਕੂਲ ਵਿੱਚ ਨਵੇਂ ਵਿੱਦਿਅਕ ਸੈਸ਼ਨ 2024-25 ਦੇ ਦਾਖ਼ਲੇ ਲਈ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਮਾਪੇ ਸਕੂਲ ਵਿੱਚ ਵਧੀਆ ਪੜ੍ਹਾਈ, ਡਿਸਪਲਿਨ ਤੇ ਇਨਫਰਾਸਟਰਕਚਰ ਦੀ ਪ੍ਰਸ਼ੰਸਾ ਕਰਦੇ ਹੋਏ, ਬੱਚਿਆਂ ਦਾ ਦਾਖਲਾ ਕਰਵਾ ਰਹੇ ਹਨ। ਇਹ ਸਕੂਲ ਪਿਛਲੇ ਲੰਮੇ ਸਮੇਂ ਤੋਂ ਪ੍ਰਬੰਧਕ ਕਮੇਟੀ ਦੇ ਮੈਂਬਰ ਰਾਣਾ ਬਾਸੀ, ਕੁਲਵੰਤ ਸਿੰਘ ਚੀਮਾ, ਬਲਿਹਾਰ ਸਿੰਘ, ਬਲਕਾਰ ਸਿੰਘ ਦੀ ਯੋਗ ਅਗਵਾਈ ਵਿੱਚ ਵਿੱਦਿਅਕ ਖੇਤਰ ਵਿੱਚ ਨਾਮਣਾ ਖੱਟ ਰਿਹਾ ਹੈ।ਮੈਡਮ ਪ੍ਰਿੰਸੀਪਲ ਪਿੰਕੀ ਨਰੂਲਾ ਨੇ ਦੱਸਿਆ ਕਿ ਪਿਛਲੇ ਵਿੱਦਿਅਕ ਸੈਸ਼ਨ 2023-24 ਵਿੱਚ ਬੱਚਿਆਂ ਨੇ ਪੜ੍ਹਾਈ ਵਿੱਚ ਪੁਜ਼ੀਸ਼ਨਾਂ ਹਾਸਲ ਕੀਤੀਆਂ, ਵੱਖ ਵੱਖ ਵਿਸ਼ਿਆਂ ਵਿੱਚ ਫੈਪ ਐਵਾਰਡ ਵੀ ਹਾਸਲ ਕੀਤੇ 9 ਬੱਚਿਆਂ ਦੀ ਪੜ੍ਹਾਈ ਨੂੰ ਹੋਰ ਬਿਹਤਰ ਬਣਾਉਣ ਲਈ ਪ੍ਰਿੰਸੀਪਲ ਤੇ ਮੈਨੇਜਮੈਂਟ ਨਵੇਂ-ਨਵੇਂ ਉਪਰਾਲੇ ਕਰ ਰਹੇ ਹਨ ਤਾਂ ਜੋ ਮੁਸ਼ਕਲ ਵਿਸ਼ਿਆਂ ਨੂੰ ਬੜੀ ਆਸਾਨੀ ਨਾਲ ਪੜ੍ਹਾਇਆ ਜਾ ਸਕੇ।

## ਕਥਿਤ ਵਾਇਰਲ ਆਡੀਓ 'ਚ ਦਿੱਤੇ ਗਏ ਆਪਣੇ ਬਿਆਨਾਂ 'ਤੇ ਕਾਇਮ ਕੈਪਟਨ ਪਰਮਜੀਤ ਸਿੰਘ



**ਮਲੋਟ (ਗੁਰਮੀਤ ਸਿੰਘ ਮੱਕੜ)**-ਬੀਤੇਂ ਦਿਨੀਂ ਵਾਇਰਲ ਹੋਈ ਆਡੀਓ ਵਿੱਚ ਟਰੱਕ ਯੂਨੀਅਨ ਦੇ ਸਾਬਕਾ ਪ੍ਰਧਾਨ ਕੈਪਟਨ ਪਰਮਜੀਤ ਸਿੰਘ ਨੇ ਕੰਮ ਕਰਵਾਉਣ ਦੇ ਬਦਲੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਵੱਲੋਂ ਪੈਸੇ ਮੰਗਣ ਦੇ ਦੋਸ਼ ਲਗਾਏ ਹਨ, ਜਿਸ ਉਪਰੰਤ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਵੱਲੋਂ ਕੈਪਟਨ ਪਰਮਜੀਤ ਸਿੰਘ ਨੂੰ ਲੀਗਲ ਨੋਟਿਸ ਜਾਰੀ ਕੀਤਾ ਗਿਆ ਹੈ। ਇਸ ਸਬੰਧੀ ਕੈਪਟਨ ਪਰਮਜੀਤ ਸਿੰਘ ਨੇ ਆਪਣਾ ਸਟੈਂਡ ਸਪੱਸ਼ਟ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੂੰ ਹਾਲੇ ਤੱਕ ਕੋਈ ਲੀਗਲ ਨੋਟਿਸ ਨਹੀਂ ਮਿਲਿਆ ਹੈ। ਉਨ੍ਹਾ ਕਿਹਾ ਕਿ ਜੇਕਰ ਉਨ੍ਹਾ ਨੂੰ ਮਾਨਯੋਗ ਅਦਾਲਤ ਵੱਲੋਂ ਲੀਗਲ ਨੋਟਿਸ ਭੇਜਿਆ ਜਾਂਦਾ ਹੈ ਤਾਂ ਉਹ ਪੂਰੇ ਸਬੂਤਾਂ ਦੇ ਆਧਾਰ 'ਤੇ ਨੋਟਿਸ ਦਾ ਜਵਾਬ ਦੇਣਗੇ। ਉਨ੍ਹਾ ਕਿਹਾ ਕਿ ਜੋ ਵੀ ਉਨ੍ਹਾਂ ਵੱਲੋਂ ਆਡੀਓ ਵਿੱਚ ਕੈਬਨਿਟ ਮੰਤਰੀ 'ਤੇ ਦੋਸ਼ ਲਗਾਏ ਹਨ, ਉਸ 'ਤੇ ਉਹ ਪੂਰੀ ਤਰ੍ਹਾਂ ਕਾਇਮ ਹਨ ਤੇ ਉਨ੍ਹਾਂ ਨੂੰ ਕੋਈ ਵੀ ਏਜੰਸੀ ਜਾਂਚ ਲਈ ਪੇਸ਼ ਹੋਣ ਲਈ ਕਹੇਗੀ ਤਾਂ ਉਹ ਪੂਰੇ ਸਬੂਤਾਂ ਨਾਲ ਪੇਸ਼ ਹੋਣਗੇ। ਪ੍ਰਧਾਨਗੀ ਛੱਡਣ ਦੇ ਇੱਕ ਸਾਲ ਬਾਅਦ ਇਹ ਮੁੱਦਾ ਉਠਾਉਣ ਦੇ ਪੁੱਛੇ ਸਵਾਲ ਵਿੱਚ ਉਨਾ ਕਿਹਾ ਕਿ ਉਨ੍ਹਾਂ ਵੱਲੋਂ ਇਸ ਸੰਬਧੀ ਅਨੇਕਾਂ ਦਰਖਾਸਤਾਂ ਪ੍ਰਸ਼ਾਸਨ ਨੂੰ ਦਿੱਤੀਆਂ ਗਈਆਂ, ਪ੍ਰੰਤੂ ਕੋਈ ਕਾਰਵਾਈ ਨਹੀਂ ਕੀਤੀ ਗਈ, ਜਿਸ ਲਈ ਉਨ੍ਹਾਂ ਨੂੰ ਇਹ ਮੁੱਦਾ ਉਠਾਉਣ ਦੀ ਜ਼ਰੂਰਤ ਪਈ।

## ਬੀ ਬੀ ਐੱਸ ਬੀ ਸਕੂਲ ਦੇ ਨਵੇਂ ਵਿੱਦਿਅਕ ਵਰ੍ਹੇ ਦੀ ਸ਼ੁਰੂਆਤ



ਜਗਰਾਉਂ 3 ਅਪ੍ਰੈਲ (ਅਮਿਤ ਖੰਨਾ)-ਬੀ. ਬੀ. ਐੱਸ. ਬੀ. ਕਾਨਵੈਂਟ ਸਕੂਲ ਸਿੱਧਵਾਂ ਬੇਟ ਵਿਖੇ ਨਵੇਂ ਵਿੱਦਿਅਕ ਵਰ੍ਹੇ (2024-2025) ਦੀ ਸ਼ੁਰੂਆਤ ਪ੍ਰਮਾਤਮਾ ਦੇ ਓਟ ਆਸਰੇ ਨਾਲ ਕੀਤੀ ਗਈ।ਬੀ. ਬੀ. ਐੱਸ. ਬੀ. ਕਾਨਵੈਂਟ ਸਕੂਲ ਵਿਖੇ ਵਿਦਿਆਰਥੀਆਂ ਦੀ ਕਾਮਯਾਬੀ ਲਈ ਤੇ ਉਨ੍ਹਾਂ ਨੂੰ ਅਸ਼ੀਰਵਾਦ ਦੇ ਰੂਪ ਵਿੱਚ ਸਕੂਲ ਵਿੱਚ ਹਵਨ ਕਰਵਾਏ ਗਏ ਤੇ ਉਨ੍ਹਾਂ ਦੀ ਕਾਮਯਾਬੀ ਅਤੇ ਸਕੂਲ ਦੀ ਤਰੱਕੀ ਲਈ ਅਰਦਾਸ ਕੀਤੀ ਗਈ।ਇਸ ਦੇ ਨਾਲ ਹੀ ਸਕੂਲ ਮੈਨੇਜਮੈਂਟ ਕਮੇਟੀ ਵੱਲੋਂ ਸਕੂਲ ਦੀਆਂ ਪ੍ਰਾਪਤੀਆਂ 'ਤੇ ਮਾਣ ਕਰਦੇ ਹੋਏ ਨਵੇਂ ਵਿੱਦਿਅਕ ਵਰ੍ਹੇ ਵਿੱਚ ਸ਼ੁਰੂ ਹੋਣ ਵਾਲੀਆਂ ਕੁਝ ਨਵੀਆਂ ਗੱਲਾਂ ਨੂੰ ਸਮੂਹ ਅਧਿਆਪਕਾਂ ਤੇ ਵਿਦਿਆਰਥੀਆਂ ਨਾਲ ਸਾਂਝਾ ਕੀਤਾ ਗਿਆ।ਇਸ ਉਪਰੰਤ ਉਨ੍ਹਾਂ ਵੱਲੋਂ ਸਮੂਹ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਨਵੇਂ ਵਿੱਦਿਅਕ ਵਰ੍ਹੇ ਦੀ ਸ਼ੁਰੂਆਤ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ ਗਈਆਂ।ਇਸ ਮੌਕੇ ਸਮੂਹ ਮੈਨੇਜਮੈਂਟ ਮੈਂਬਰ ਜਿਸ ਵਿੱਚ ਚੇਅਰਮੈਨ ਸਨੀ ਅਰੋੜਾ, ਵਾਈਸ ਚੇਅਰਮੈਨ ਰਜਿੰਦਰ ਕੁਮਾਰ ਬਾਵਾ, ਪ੍ਰੈਜ਼ੀਡੈਂਟ ਹਰੀਕ੍ਰਿਸ਼ਨ ਭਗਵਾਨ ਦਾਸ, ਮੈਨੇਜਿੰਗ ਡਾਇਰੈਕਟਰ ਸ਼ਾਮ ਸੁੰਦਰ ਭਾਰਦਵਾਜ, ਜਨਰਲ ਸੈਕਰੇਟਰੀ ਅੰਜੂ ਬਾਲਾ ਤੇ ਗਗਨਦੀਪ ਬਾਵਾ ਖਾਸ ਤੌਰ 'ਤੇ ਮੌਜੂਦ ਸਨ। ਇਸ ਮੌਕੇ ਪਿੰਸੀਪਲ ਮੈਡਮ ਮਿਸਿਜ਼ ਮੋਨਾ ਠਾਕੁਰ ਤੇ ਸਮੂਹ ਮੈਨੇਜਮੈਂਟ ਦੁਆਰਾ ਸਮੂਹ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸਫਲਤਾ ਦੀ ਵਧਾਈ ਦਿੰਦੇ ਹੋਇਆਂ ਉਨ੍ਹਾਂ ਦੇ ਬਿਹਤਰ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।ਅੰਤ ਵਿੱਚ ਵਿਦਿਆਰਥੀਆਂ ਨੂੰ ਪ੍ਰਸਾਦਿ ਵਰਤਾਇਆ ਗਿਆ ਤੇ ਸਕੂਲ ਦੇ ਨਵੇਂ ਵਿੱਦਿਅਕ ਵਰ੍ਹੇ ਦੀ ਸ਼ੁਰੂਆਤ ਕੀਤੀ ਗਈ।

## ਗੁਰੂ ਘਰ ਦੇ ਹਜ਼ੂਰੀ ਰਾਗੀ ਸਿੱਖੀ ਪ੍ਰਚਾਰ ਲਈ ਵਿਦੇਸ਼ ਰਵਾਨਾ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਇਤਿਹਾਸਕ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਹਜ਼ੂਰੀ ਰਾਗੀ ਦੀ ਸੇਵਾ ਨਿਭਾਉਣ ਵਾਲੇ ਭਾਈ ਭੁਪਿੰਦਰ ਸਿੰਘ ਸਿੱਖੀ ਪ੍ਰਚਾਰ ਲਈ ਬੁੱਧਵਾਰ ਰੂਸ ਰਵਾਨਾ ਹੋਏ। ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਮੈਨੇਜਰ ਜਸਵੀਰ ਸਿੰਘ ਮੰਗਲੀ, ਬਾਬਾ ਮੋਹਣ ਸਿੰਘ, ਹੈੱਡ ਗ੍ਰੰਥੀ ਹਰਪਾਲ ਸਿੰਘ ਗੁਰਮੁਖ ਤੇ ਉਜਾਗਰ ਸਿੰਘ ਕੈਨੇਡਾ ਵੱਲੋਂ ਉਨ੍ਹਾਂ ਨੂੰ ਸਿਰੋਪਾਓ ਪਾ ਕੇ ਸਨਮਾਨਤ ਕੀਤਾ ਗਿਆ। ਭਾਈ ਭੁਪਿੰਦਰ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਹ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਤੇ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਮਾਛੀਵਾੜਾ ਵਿਖੇ ਆਪਣੇ ਸਾਥੀਆਂ ਭਾਈ ਹਰਵਿੰਦਰ ਸਿੰਘ, ਭਾਈ ਨਿਰਮਲ ਸਿੰਘ ਤੇ ਭਾਈ ਗੁਰਪ੍ਰੀਤ ਸਿੰਘ ਨਾਲ ਕੀਰਤਨ ਦੀ ਸੇਵਾ ਕਰਦੇ ਆ ਰਹੇ ਸਨ। ਹੁਣ ਉਹ ਸਿੱਖੀ ਦਾ ਪ੍ਰਚਾਰ ਕਰਨ ਲਈ ਰੂਸ ਜਾ ਰਹੇ ਹਨ, ਜਿੱਥੇ ਉਹ ਸੰਗਤਾਂ ਨੂੰ ਗੁਰਬਾਣੀ ਤੇ ਸਿੱਖ ਇਤਿਹਾਸ ਦਾ ਪ੍ਰਚਾਰ ਕਰਨਗੇ।

## ਸਰਵਨ ਸਿੰਘ ਜੇ.ਈ ਨੂੰ ਰਿਟਾਇਰਮੈਂਟ 'ਤੇ ਵਿਦਾਇਗੀ ਪਾਰਟੀ ਦਿੱਤੀ



**ਜ਼ੀਰਾ (ਪਰਮਜੀਤ ਸਿੰਘ ਧੰਜੂ)**-ਬਿਜਲੀ ਵਿਭਾਗ ਵਿੱਚ ਸੇਵਾ ਨਿਭਾਉਂਦਿਆਂ 31 ਮਾਰਚ ਨੂੰ ਰਿਟਾਇਰਡ ਹੋਏ ਸਰਵਣ ਸਿੰਘ ਜੇ.ਈ ਨੂੰ ਪੀ ਐਸ.ਈ.ਬੀ ਇੰਪਲਾਈਜ਼ ਫੈਡਰੇਸ਼ਨ ਸਬ ਡਵੀਜ਼ਨ ਜੀਰਾ ਵੱਲੋਂ ਵਿਦਾਇਗੀ ਪਾਰਟੀ ਦਿੱਤੀ ਗਈ।ਇਸ ਸਬੰਧ ਵਿੱਚ ਫ਼ਿਰੋਜ਼ਪੁਰ ਰੋਡ 'ਤੇ ਇੱਕ ਪੈਲੇਸ ਵਿੱਚ ਰੱਖੇ ਗਏ ਸਮਾਗਮ ਦੌਰਾਨ ਸਰਵਨ ਸਿੰਘ ਰਿਟਾਇਰ ਜੇਈ ਤੇ ਉਨ੍ਹਾਂ ਦੇ ਪਰਵਾਰ ਨੂੰ ਸਟਾਫ਼ ਵੱਲੋਂ ਤੋਹਫੇ ਭੇਟ ਕੀਤੇ ਗਏ।ਸਮਾਗਮ ਵਿੱਚ ਪੀਐਸਈਬੀ ਇੰਪਲਾਈਜ ਫੈਡਰੇਸ਼ਨ ਸਬ ਡਵੀਜ਼ਨ ਜੀਰਾ ਦੇ ਆਗੂ ਸੁਖਦੇਵ ਸਿੰਘ ਬੱਗੀ ਪਤਨੀ, ਲਖਵੀਰ ਸਿੰਘ ਸੁੱਖੇਵਾਲਾ, ਬਲਦੇਵ ਸਿੰਘ ਮੋਗਾ, ਮਨਿੰਦਰ ਸਿੰਘ ਸੁੱਖੇਵਾਲਾ, ਸੁਰਜੀਤ ਸਿੰਘ ਮੱਲੋਕੇ, ਨਛੱਤਰ ਸਿੰਘ ਰਟੌਲ, ਮਨਦੀਪ ਕੁਮਾਰ, ਅਵਤਾਰ ਸਿੰਘ, ਦਰਸ਼ਨ ਸਿੰਘ ਸੇਖਵਾਂ, ਬਖਸ਼ੀਸ਼ ਸਿੰਘ, ਮਨਜੀਤ ਸਿੰਘ ਮੱਲਾਂਵਾਲਾ, ਵੱਸਣ ਸਿੰਘ ਮੱਖੂ ਆਦਿ ਹਾਜ਼ਰ ਸਨ।ਸਟੇਜ ਸਕੱਤਰ ਦੀ ਜ਼ਿੰਮੇਵਾਰੀ ਲਖਵੀਰ ਸਿੰਘ ਮਨਸੂਰਦੇਵਾ ਨੇ ਨਿਭਾਈ।

## 'ਆਪ' ਸਰਕਾਰ ਕਿਸਾਨਾਂ ਦੇ ਵਿਰੋਧ 'ਚ ਲੈ ਰਹੀ ਫ਼ੈਸਲੇ : ਜਗਬੀਰ ਸਲਾਣਾ



**ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)**-ਆਮ ਆਦਮੀ ਪਾਰਟੀ ਦੀ ਸਰਕਾਰ ਕੇਂਦਰ ਦੀ ਮੋਦੀ ਸਰਕਾਰ ਦੇ ਇਸ਼ਾਰੇ 'ਤੇ ਕਰ ਰਹੀ ਹੈ। ਕਿਸਾਨ ਵਿਰੋਧੀ ਕੰਮ ਪਿਛਲੇ ਦਿਨੀਂ ਪੰਜਾਬ ਸਰਕਾਰ ਦੁਆਰਾ ਪੰਜਾਬ ਵਿੱਚ ਜੋ ਸਾਈਲੋਜ ਸੰਬੰਧੀ ਨੋਟੀਫਿਕੇਸ਼ਨ ਵਾਪਸ ਲਿਆ ਗਿਆ ਹੈ। ਲੋਕ ਵਿਦਰੋਹ ਨੂੰ ਦੇਖਦਿਆਂ ਤੇ ਲੋਕ ਸਭਾ ਵੋਟਾਂ ਵਿੱਚ ਕਿਸਾਨਾਂ ਦੇ ਵਿਰੋਧ ਨੂੰ ਦੇਖਦਿਆਂ ਵਾਪਸ ਲਿਆ ਗਿਆ ਹੈ, ਪ੍ਰੰਤੂ ਪੰਜਾਬ ਦੀ ਆਪ ਸਰਕਾਰ ਕੇਂਦਰ ਦੀ ਮੋਦੀ ਸਰਕਾਰ ਦੇ ਇਸ਼ਾਰੇ 'ਤੇ ਕੰਮ ਕਰ ਰਹੀ ਹੈ ਤੇ ਹੋ ਸਕਦਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਪੰਜਾਬ ਸਰਕਾਰ ਇਸ ਨੂੰ ਦੁਬਾਰਾ ਲਾਗੂ ਕਰੇ।ਇਸ ਮੌਕੇ ਜਗਵੀਰ ਸਿੰਘ ਸਲਾਣਾ ਬਲਾਕ ਪ੍ਰਧਾਨ, ਬਲਵੀਰ ਸਿੰਘ ਮਿੰਟੂ, ਸ਼ਮਸ਼ੇਰ ਸਿੰਘ ਅੰਨੀਆਂ, ਸਿਵ ਕੁਮਾਰ ਗਰਗ, ਰਾਕੇਸ਼ ਕੁਮਾਰ ਗੋਗੀ, ਲਵਪ੍ਰੀਤ ਸਿੰਘ ਕਾਹਨਪੁਰਾ ਪ੍ਰਧਾਨ ਯੂਥ ਕਾਂਗਰਸ, ਮਨਪ੍ਰੀਤ ਸਿੰਘ ਮਿੰਟਾ ਦਫਤਰ ਇੰਚਾਰਜ, ਭੂਸਨ ਸ਼ਰਮਾ, ਮੇਲਾ ਸਿੰਘ ਤੇ ਸੁਖਵੀਰ ਸਿੰਘ ਸੁੱਖਾ ਆਦਿ ਮੌਜੂਦ ਸਨ।

## ਲਾਇਨਜ਼ ਕਲੱਬ ਗੋਲਡ ਨੇ ਬੱਚਿਆਂ ਨੂੰ ਸਟੇਸ਼ਨਰੀ ਵੰਡੀ



**ਜਲਾਲਾਬਾਦ (ਜੀਤ ਕੁਮਾਰ/ਜੰਗੀਰ ਕੌਰ)**-ਮਾਂ ਸ਼ਾਰਧਾ ਵਿੱਦਿਆਪੀਠ ਵਿੱਚ ਪੜ੍ਹਦੇ ਲੋੜਵੰਦ ਬੱਚਿਆਂ ਦੇ ਨਵੇਂ ਸ਼ੈਸਨ ਦੀ ਸ਼ੁਰੂਆਤ ਦੇ ਦੌਰਾਨ ਲਾਇਨਜ ਕਲੱਬ ਜਲਾਲਾਬਾਦ ਗੋਲਡ ਵੱਲੋਂ ਬੱਚਿਆਂ ਨੂੰ ਕਾਪੀਆਂ ਪੈਨਸਲਾਂ ਤੇ ਮਠਿਆਈ ਵੰਡੀ ਗਈ। ਇਸ ਮੌਕੇ ਕਲੱਬ ਪ੍ਰਧਾਨ ਲਾਇਨ ਵਰਿੰਦਰ ਮੋਹਨ ਨਾਗਪਾਲ, ਲਾਇਨ ਰਮੇਸ਼ ਮੱਕੜ, ਲਾਇਨ ਅਸ਼ੋਕ ਗਗਨੇਜਾ, ਲਾਇਨ ਰਾਜਨ ਮਨਚੰਦਾ, ਲਾਇਨ ਮਨਪ੍ਰੀਤ ਕਮਰਾ ਅਤੇ ਬੇਟਾ ਰਾਮ ਮਨਚੰਦਾ ਮੌਜੂਦ ਸਨ। ਇਸ ਦੌਰਾਨ ਕਲੱਬ ਪ੍ਰਧਾਨ ਵਰਿੰਦਰ ਮੋਹਨ ਨਾਗਪਾਲ ਨੇ ਦੱਸਿਆ ਕਿ ਲਾਇਨਜ ਕਲੱਬ ਜਲਾਲਾਬਾਦ ਗੋਲਡ ਵੱਲੋਂ ਮਾਂ ਸ਼ਰਧਾ ਵਿੱਦਿਆਪੀਠ ਸਕੂਲ ਵਿਚ ਪੜ੍ਹਦੇ ਲੋੜਵੰਦ ਬੱਚਿਆਂ ਨੂੰ ਦੁਪਹਿਰ ਦੇ ਖਾਣੇ ਦੇ ਰੂਪ ਵਿਚ ਮਿਡ-ਡੇ-ਮਿਲ ਮੁਹੱਈਆ ਕਰਵਾਇਆ ਜਾ ਰਿਹਾ ਹੈ, ਇਹ ਪ੍ਰੋਜੈਕਟ ਪਿਛਲੇ ਸਾਲ ਤੋਂ ਚਲਾਇਆ ਜਾ ਰਿਹਾ ਹੈ। ਅੱਜ ਇਨ੍ਹਾਂ ਬੱਚਿਆਂ ਨੂੰ ਸਟੇਸ਼ਨਰੀ ਵੰਡੀ ਗਈ ਹੈ।

# ਬੰਬੀਹਾ ਤੇ ਗੋਪੀ ਲਹੌਰੀਆ ਗੈਂਗ ਦੇ 3 ਸਾਥੀ ਹਥਿਆਰਾਂ ਸਮੇਤ ਕਾਬੂ



**ਮੋਗਾ (ਇਕਬਾਲ ਸਿੰਘ ਖਹਿਰਾ)**-ਸਮਾਜ ਵਿਰੋਧੀ ਅਨਸਰਾਂ ਨੂੰ ਨੱਥ ਪਾਉਣ ਲਈ ਵਿੱਢੀ ਮੁਹਿੰਮ ਤਹਿਤ ਮੋਗਾ ਪੁਲਸ ਨੇ ਬੰਬੀਹਾ ਤੇ ਗੋਪੀ ਲਹੌਰੀਆ ਗੈਂਗ ਦੇ 3 ਸਾਥੀਆਂ/ਸ਼ੂਟਰਾਂ ਨੂੰ ਨਜਾਇਜ਼ ਹਥਿਆਰਾਂ ਸਮੇਤ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਅੱਜ ਐੱਸ.ਐੱਸ.ਪੀ. ਮੋਗਾ ਵਿਵੇਕ ਸ਼ੀਲ ਸੋਨੀ, ਪੱਤਰਕਾਰਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਡੀ.ਜੀ.ਪੀ. ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ। ਐੱਸ ਪੀ (ਆਈ) ਮੋਗਾ ਬਾਲ ਕ੍ਰਿਸ਼ਨ ਸਿੰਗਲਾ ਦੀ ਦੇਖ-ਰੇਖ ਹੇਠ ਤੇ ਡੀ.ਐੱਸ.ਪੀ. (ਡੀ) ਹਰਿੰਦਰ ਸਿੰਘ ਸੀ.ਆਈ.ਏ. ਮੋਗਾ ਟੀਮ ਵੱਲੋਂ ਵੱਖ-ਵੱਖ ਮਾਮਲਿਆਂ ਵਿੱਚ ਧਮਕੀਆਂ ਦੇਕੇ ਫਿਰੌਤੀ ਵਸੂਲਣ ਵਾਲੇ 03 ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਵੱਡੀ ਸਫਲਤਾ ਹਾਸਲ ਕੀਤੀ ਹੈ। ਨਤੀਜੇ ਵਜੋਂ ਉਨ੍ਹਾਂ ਕੋਲੋਂ ਨਾਜਾਇਜ਼ ਹਥਿਆਰ ਤੇ ਫਿਰੌਤੀ ਦੀ ਰਕਮ ਬਰਾਮਦ ਹੋਈ। ਇਸ ਸਬੰਧੀ ਥਾਣਾ ਸਿਟੀ ਮੋਗਾ ਵਿਖੇ ਮੁਕੱਦਮਾ ਨੰਬਰ 58 ਮਿਤੀ 01/04/2024 U/S 307, 387, 120ਬੀ ਆਈ.ਪੀ.ਸੀ. ਤੇ 25-54-59 ਆਰਮਜ਼ ਐਕਟ ਦਰਜ ਕੀਤਾ ਗਿਆ ਹੈ। ਜਾਣਕਾਰੀ ਦਿੰਦੇ ਹੋਏ ਐਸ.ਐਸ.ਪੀ. ਨੇ ਦੱਸਿਆ ਕਿ 1 ਅਪ੍ਰੈਲ 2024 ਨੂੰ ਦੋ ਅਣਪਛਾਤੇ ਦੋਸ਼ੀਆਂ ਨੇ ਅੰਮ੍ਰਿਤਸਰ ਰੋਡ, ਦਸਮੇਸ਼ ਨਗਰ, ਮੋਗਾ 'ਤੇ ਸਥਿਤ ਬੋਪਾਰਾਏ ਇਮੀਗ੍ਰੇਸ਼ਨ ਦਫ਼ਤਰ 'ਤੇ ਗੋਲੀਬਾਰੀ ਦੀ ਘਟਨਾ ਨੂੰ ਅੰਜਾਮ ਦਿੱਤਾ ਸੀ। ਦਫ਼ਤਰ ਦੇ ਮਾਲਕ ਨੇ ਦੱਸਿਆ ਕਿ ਇਸ ਗੋਲੀਬਾਰੀ ਦੀ ਯੋਜਨਾ ਦਵਿੰਦਰਪਾਲ ਸਿੰਘ ਉਰਫ਼ ਗੋਪੀ ਕੈਨੇਡਾ ਨੇ ਬਣਾਈ ਸੀ। ਦਵਿੰਦਰਪਾਲ ਸਿੰਘ ਉਰਫ਼ ਗੋਪੀ ਨੇ ਗੁਰਜੀਤ ਸਿੰਘ ਨੂੰ ਮੋਬਾਈਲ ਨੰਬਰ +1(204)898-8408 ਰਾਹੀਂ ਫ਼ੋਨ ਕਰਕੇ 50 ਲੱਖ ਰੁਪਏ ਦੀ ਫਿਰੌਤੀ ਦੀ ਮੰਗ ਕੀਤੀ। ਤਫ਼ਤੀਸ਼ ਦੌਰਾਨ ਉਕਤ ਮਾਮਲੇ ਵਿੱਚ ਗੋਲੀ ਚਲਾਉਣ ਵਾਲੇ ਗੋਪੀ ਲਾਹੌਰੀਆ ਗੈਂਗ ਦੇ ਸ਼ੂਟਰ ਲਵਪ੍ਰੀਤ ਸਿੰਘ ਉਰਫ਼ ਲੱਬੀ ਪੁੱਤਰ ਅਵਤਾਰ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਲਾਹੌਰੀਆ ਵਾਲਾ ਮੁਹੱਲਾ ਨੇੜੇ ਗੁਰਦੁਆਰਾ ਗੁਰੂਕੁਲ ਸਾਹਿਬ ਮੋਗਾ, ਥਾਣਾ ਸਿਟੀ ਸਾਊਥ ਮੋਗਾ ਜ਼ਿਲ੍ਹਾ ਮੋਗਾ ਨੂੰ ਕਾਬੂ ਕੀਤਾ ਗਿਆ ਤੇ ਵਿਕਾਸ ਰਾਮ ਪੁੱਤਰ ਛੱਤਰੂ ਰਾਮ ਪੁੱਤਰ ਰਾਮ ਕੌਮ ਰਾਮਦਾਸੀਏ ਵਾਸੀ ਬੁੱਕਣਵਾਲਾ ਰੋਡ ਧਰਮਪਾਲ ਦੀ ਚੱਕੀ ਮੋਗਾ, ਥਾਣਾ ਸਿਟੀ ਸਾਊਥ ਮੋਗਾ ਜ਼ਿਲ੍ਹਾ ਮੋਗਾ ਨੂੰ ਗ੍ਰਿਫ਼ਤਾਰ ਕਰਕੇ ਇੱਕ ਪਿਸਤੌਲ 32 ਬੋਰ ਸਮੇਤ ਮੈਗਜ਼ੀਨ, ਜਿੰਦਾ ਕਾਰਤੂਸ ਤੇ ਸਪਲੈਂਡਰ ਮੋਟਰਸਾਈਕਲ ਨੰਬਰ ਪੀ.ਬੀ.-91-ਡੀ-3304 ਇਸ ਵਾਰਦਾਤ ਵਿੱਚ ਵਰਤੀ ਗਈ ਬਰਾਮਦ ਕੀਤੀ ਗਈ। ਲਵਪ੍ਰੀਤ ਸਿੰਘ ਉਰਫ਼ ਲੱਬੀ ਤੇ ਵਿਕਾਸ ਰਾਮ ਉੱਤਾਨ ਨੂੰ ਅਦਾਲਤ 'ਚ ਪੇਸ਼ ਕੀਤਾ ਜਾਵੇਗਾ।

# ਕਾਮਧੇਨੂੰ ਫਾਇਬਰ ਫੈਕਟਰੀ 'ਚ ਲੱਗੀ ਅੱਗ

**ਇਕ ਲੱਖ ਲੀਟਰ ਪਾਣੀ ਤੇ ਅੱਗ ਬੁਝਾਊ ਯੰਤਰ ਹੋਣ ਦੇ ਬਾਵਜੂਦ ਫੈਕਟਰੀ ਨੂੰ ਅੱਗ ਲੱਗਣਾ ਸ਼ੰਕੇ ਪੈਦਾ ਕਰਦੈ**



**ਸਮਾਣਾ (ਇਕਬਾਲ ਸਿੰਘ)**-ਸਮਾਣਾ ਤੋਂ ਪਟਿਆਲਾ ਰੋਡ 'ਤੇ ਸਥਿਤ ਕਾਮਧੇਨੂੰ ਫਾਇਬਰ ਫੈਕਟਰੀ ਵਿੱਚ ਅੱਗ ਲੱਗ ਗਈ, ਜਿਸ ਨੂੰ ਫੈਕਟਰੀ ਦੇ ਮਜ਼ਦੂਰਾਂ ਤੇ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਨੇ 2 ਘੰਟ ਦੀ ਮੁਸ਼ੱਕਤ ਕਰਨ ਉਪਰੰਤ ਕਾਬੂ ਪਾਇਆ। ਜਦੋਂ ਪੱਤਰਕਾਰਾਂ ਦੀ ਟੀਮ ਨੇ ਫੈਕਟਰੀ ਪਹੁੰਚ ਕੇ ਮੌਕੇ ਦਾ ਜਾਇਜ਼ਾ ਲਿਆ ਤਾਂ ਫੈਕਟਰੀ ਦੇ ਇਕ ਗੁਦਾਮ ਦਾ ਸਾਰਾ ਵੇਸਟਜ਼ ਕੋਟਨ ਸੜ ਕੇ ਸੁਆਹ ਹੋ ਚੁੱਕਿਆ ਸੀ, ਜਦੋਂ ਫੈਕਟਰੀ ਦੇ ਮਾਲਕ ਨੂੰ ਅੱਗ ਲੱਗਣ ਦਾ ਕਾਰਨ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਬਾਹਰੋਂ ਕੋਈ ਅੱਗ ਦਾ ਪਤੰਗਾ ਆਇਆ ਸੀ, ਜਿਸ ਨਾਲ ਫੈਕਟਰੀ ਅੰਦਰ ਅੱਗ ਲੱਗ ਗਈ।ਜਦੋਂ ਉਨ੍ਹਾਂ ਨੂੰ ਪੁੱਛਿਆ ਕਿ ਅੱਗ ਕਿੰਨੇ ਵਜੇ ਲੱਗੀ ਤੇ ਅੱਗ ਬਝਾਉਣ ਲਈ ਕੀ ਯਤਨ ਕੀਤੇ ਤਾਂ ਫੈਕਟਰੀ ਦੇ ਮਾਲਕ ਨੇ ਕਿਹਾ ਕਿ ਸਾਡੀ ਫੈਕਟਰੀ ਵਿੱਚ 50 ਮਜ਼ਦੂਰ ਕੰਮ ਕਰਦੇ ਹਨ।ਫੈਕਟਰੀ ਵਿੱਚ ਹਰ ਵਕਤ ਇਕ ਲੱਖ ਲੀਟਰ ਪਾਣੀ ਸਟੋਰ ਹੁੰਦਾ ਹੈ ਤੇ 10 ਅੱਗ ਬਝਾਊ ਯੰਤਰ ਵੀ ਫੈਕਟਰੀ ਵਿੱਚ ਮੌਜੂਦ ਹਨ, ਅਸੀਂ ਪਾਣੀ ਤੇ ਅੱਗ ਬੁਝਾਊ ਯੰਤਰਾਂ ਦੀ ਵਰਤੋਂ ਕੀਤੀ, ਪਰ ਅੱਗ 'ਤੇ ਕਾਬੂ ਨਹੀਂ ਪਾਇਆ ਜਾ ਸਕਿਆ, ਫਿਰ ਫਾਇਰ ਬ੍ਰਿਗੇਡ ਵਾਲਿਆਂ ਨੂੰ ਬੁਲਾਉਣਾ ਪਿਆ। ਫਾਇਰ ਬ੍ਰਿਗੇਡ ਦੀਆਂ 2 ਗੱਡੀਆਂ ਆਈਆਂ, ਜਿਨ੍ਹਾਂ ਨੇ ਅੱਗ 'ਤੇ ਕਾਬੂ ਪਾਇਆ। ਫੈਕਟਰੀ ਮਾਲਕਾਂ ਨੂੰ ਫੈਕਟਰੀ ਦੇ ਬੀਮੇ ਬਾਰੇ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਫੈਕਟਰੀ ਦਾ ਬੀਮਾ ਅਜੇ ਵੈਲਿਡ ਹੈ।ਜ਼ਿਕਰਯੋਗ ਹੈ ਕਿ ਫੈਕਟਰੀ ਵਿੱਚ 1 ਲੱਖ ਲੀਟਰ ਪਾਣੀ ਸਟੋਰ ਹੋਣ, 10 ਅੱਗ ਬਝਾਊ ਯੰਤਰ ਹੋਣ ਤੇ 50 ਬੰਦੇ ਲੇਬਰ ਦੇ ਹੋਣ ਦੇ ਬਾਵਜੂਦ ਫੈਕਟਰੀ ਵਿੱਚ ਲੱਗੀ ਅੱਗ 'ਤੇ ਕਾਬੂ ਨਹੀਂ ਪਾਇਆ ਜਾ ਸਕਿਆ।ਜ਼ਿਕਰਯੋਗ ਹੈ ਕਿ ਫੈਕਟਰੀ ਦੇ ਗੋਦਾਮ ਉੱਪਰ ਛੱਤ ਪਈ ਹੋਈ ਹੈ, ਗੁਦਾਮ ਨੂੰ ਦਰਵਾਜ਼ੇ ਲੱਗੇ ਹੋਏ ਹਨ, ਅੱਗ ਦਾ ਪਤੰਗਾ ਫੈਕਟਰੀ ਦੇ ਅੰਦਰ ਕਿਸ ਪਾਸਿਓਂ ਵੜ ਗਿਆ? ਇਹ ਕਈ ਤਰ੍ਹਾਂ ਦੀਆਂ ਸ਼ੰਕਾਵਾਂ ਪੈਦਾ ਕਰਦਾ ਹੈ। ਇਸ ਦੀ ਉੱਚ ਪੱਧਰੀ ਜਾਂਚ ਹੋਣੀ ਚਾਹੀਦੀ ਹੈ।

# ਖਾਦਾਂ ਦੇ ਸੈਂਪਲ ਫੇਲ੍ਹ ਹੋਣ 'ਤੇ 50-50 ਹਜ਼ਾਰ 4 ਫਰਮਾਂ ਨੂੰ ਜੁਰਮਾਨਾ



ਜਾਣਕਾਰੀ ਦਿੰਦੇ ਖੇਤੀਬਾੜੀ ਅਧਿਕਾਰੀ।

**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)**
ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਕਿਸਾਨਾਂ ਨੂੰ ਮਿਆਰੀ ਖੇਤੀ ਸਮੱਗਰੀ ਉਪਲਬਧ ਕਰਾਉਣ ਦੇ ਮਕਸਦ ਨਾਲ ਚਲਾਈ ਜਾ ਰਹੀ ਮੁਹਿੰਮ ਨੂੰ ਉਸ ਵੇਲੇ ਸਫ਼ਲਤਾ ਮਿਲੀ, ਜਦੋਂ ਜ਼ਿਲ੍ਹਾ ਫ਼ਰੀਦਕੋਟ ਦੇ ਵੱਖ-ਵੱਖ ਕੀਟਨਾਸ਼ਕ/ਖਾਦਾਂ ਦੀਆਂ ਦੁਕਾਨਾਂ ਤੋਂ ਭਰੇ ਸੈਂਪਲਾਂ ਵਿੱਚੋਂ 2 ਨਮੂਨੇ ਗ਼ੈਰ ਮਿਆਰੀ ਪਾਏ ਗਏ।ਨਮੂਨਿਆਂ ਨਾਲ ਸੰਬੰਧਤ ਵਿਅਕਤੀਆਂ/ਫਰਮਾਂ ਨੂੰ ਮਾਣਯੋਗ ਜ਼ਿਲ੍ਹਾ ਅਦਾਲਤ ਵੱਲੋਂ ਜੁਰਮਾਨਾ ਕੀਤਾ ਗਿਆ।

ਡਾ. ਅਮਰੀਕ ਸਿੰਘ ਮੁੱਖ ਖੇਤੀਬਾੜੀ ਅਫ਼ਸਰ ਨੇ ਦੱਸਿਆ ਕਿ ਕਿਸਾਨਾਂ ਨੂੰ ਮਿਆਰੀ ਦਵਾਈਆਂ/ਖਾਦਾਂ/ਬੀਜ ਉਬਲਬਧ ਕਰਾਉਣ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਵਿਸ਼ੇਸ਼ ਮੁਹਿੰਮ ਤਹਿਤ ਖਾਦ/ਕੀਟਨਾਸ਼ਕ ਅਤੇ ਬੀਜ ਵਿਕ੍ਰੇਤਾਵਾਂ ਦੇ ਕਾਰੋਬਾਰ ਸਥਾਨਾਂ ਤੋਂ ਨਮੂਨੇ ਭਰੇ ਜਾਂਦੇ ਹਨ ਤੇ ਇਨਾਂ ਨਮੂਨਿਆਂ ਨੂੰ ਪਰਖ ਲਈ ਵੱਖ-ਵੱਖ ਪ੍ਰਯੋਗਸ਼ਾਲਾਵਾਂ ਵਿੱਚ ਪਰਖ ਕਰਨ ਲਈ ਭੇਜਿਆ ਗਿਆ ਸੀ ਤੇ ਦੋ ਸੈਂਪਲ ਗੈਰ ਮਿਆਰੀ ਪਾਏ ਗਏ।ਇਸ ਸੰਬੰਧੀ ਸੰਬੰਧਤ ਵਿਅਕਤੀਆ/ਫਰਮਾਂ ਖਿਲਾਫ ਪਿਛਲੇ ਤਕਰੀਬਨ 5 ਸਾਲ ਤੋਂ ਕੇਸ ਚਲ ਰਿਹਾ ਸੀ।ਉਨ੍ਹਾਂ ਦੱਸਿਆ ਕਿ ਇੱਕ ਕੇਸ ਵਿੱਚ ਮਾਣਯੋਗ ਸੀ.ਜੀ.ਐਮ. ਦੀ ਅਦਾਲਤ ਜੱਜ ਲਵਦੀਪ ਸਿੰਘ ਹੁੰਦਲ, ਫ਼ਰੀਦਕੋਟ ਵੱਲੋਂ ਗ਼ੈਰ ਮਿਆਰੀ ਦਵਾਈ ਵੇਚਣ ਵਾਲੇ ਡੀਲਰ ਮੈਸਰਜ਼ ਕ੍ਰਿਸ਼ਨਾ ਪੈਸਟੀਸਾਈਡਜ਼ ਬਲਾਕ ਕੋਟਕਪੂਰਾ, ਮਾਰਕੀਟਿੰਗ ਕੰਪਨੀ ਮੈਸਰਜ਼ ਮਕਾਡੋ ਕਰੋਪ ਸਾਇੰਸ ਬਠਿੰਡਾਂ ਤੇ ਨਿਰਮਾਤਾ ਕੰਪਨੀ ਵੈਲਕਮ ਕਰੋਪ ਹੈਲਥ ਪ੍ਰੋਡਕਸ ਹਰਿਆਣਾ ਤੇ ਇਨ੍ਹਾਂ ਦੇ ਜ਼ਿੰਮੇਵਾਰ ਵਿਅਕਤੀਆਂ ਨੂੰ ਦੋਸ਼ੀ ਕਰਾਰ ਦਿੰਦੇ ਹੋਏ 50,000-50,000 ਹਜ਼ਾਰ ਜੁਰਮਾਨਾ ਅਤੇ ਇੱਕ-ਇੱਕ ਸਾਲ ਦੀ ਸਜ਼ਾ ਸੁਣਾਈ ਗਈ ਹੈ।ਉਨ੍ਹਾਂ ਦੱਸਿਆ ਕਿ ਇੱਕ ਹੋਰ ਕੇਸ ਵਿੱਚ ਮਾਣਯੋਗ ਅਦਾਲਤ ਜੈਤੋ ਜੱਜ ਹਰਪ੍ਰੀਤ ਸਿੰਘ ਵੱਲੋਂ ਗੈਰਮਿਆਰੀ ਦਵਾਈ ਵੇਚਣ ਵਾਲੀ ਨਿਰਮਾਤਾ ਕੰਪਨੀ ਧਾਨੁਕਾ ਐਗਰੀਟੈਕ ਨੂੰ ਤੇ ਇਸ ਦੇ ਜ਼ਿੰਮੇਵਾਰ ਵਿਅਕਤੀਆਂ ਨੂੰ ਦੋਸ਼ੀ ਕਰਾਰ ਦਿੰਦੇ ਹੋਏ 10,000-10,000 ਜੁਰਮਾਨਾ ਕੀਤਾ ਗਿਆ ਹੈ।ਮੁੱਖ ਖੇਤੀਬਾੜੀ ਅਫ਼ਸਰ ਡਾ. ਅਮਰੀਕ ਸਿੰਘ ਵੱਲੋਂ ਸਾਰੇ ਦਵਾਈਆਂ\ਖਾਦ\ਬੀਜ ਡੀਲਰਾਂ ਨੂੰ ਹਦਾਇਤ ਕੀਤੀ ਕਿ ਕਿਸਾਨਾਂ ਨੂੰ ਮਿਆਰੀ ਖੇਤੀ ਸਮੱਗਰੀ ਉਪਲਬਧ ਕਰਾਉਣ ਲਈ ਚਲਾਈ ਜਾ ਰਹੀ ਮੁਹਿੰਮ ਇਸੇ ਤਰ੍ਹਾਂ ਜਾਰੀ ਰਹੇਗੀ।ਉਨ੍ਹਾਂ ਖੇਤੀ ਸਮੱਗਰੀ ਵਿਕ੍ਰੇਤਾਵਾਂ ਨੂੰ ਸਖ਼ਤ ਹਦਾਇਤਾਂ ਜਾਰੀ ਕਰਦਿਆਂ ਕਿਹਾ ਕਿ ਦਵਾਈਆਂ/ਖਾਦ/ਬੀਜ ਕਿਸਾਨਾਂ ਨੂੰ ਪੱਕੇ ਬਿੱਲ ਤੇ ਦੇਣ ਤਾਂ ਜੁ ਕਿਸਾਨਾਂ ਨੂੰ ਮਿਆਰੀ ਦਵਾਈਆਂ/ਖਾਦ/ਬੀਜ ਉਪਲਬਧ ਹੋ ਸਕਣ।

# ਅਰੋੜਬੰਸ ਧਰਮਸ਼ਾਲਾ 'ਚ ਲੱਗਣ ਵਾਲੇ ਮੁਫਤ ਮੈਡੀਕਲ ਕੈਂਪ ਦੀਆਂ ਤਿਆਰੀਆਂ ਮੁਕੰਮਲ : ਮੱਕੜ

**ਵੱਖ-ਵੱਖ ਕਿਸਮਾਂ ਦੇ ਟੈਸਟ ਤੇ ਦਵਾਈਆਂ ਮੁਫਤ ਦਿੱਤੀਆਂ ਜਾਣਗੀਆਂ : ਛਾਬੜਾ**




**ਕੋਟਕਪੂਰਾ (ਰਛਪਾਲ ਭੁੱਲਰ)**-ਅਰੋੜਬੰਸ ਸਭਾ ਵੱਲੋਂ ਚਲਾਏ ਜਾ ਰਹੇ ਕੰਨਿਆ ਕੰਪਿਊਟਰ ਸੈਂਟਰ ਵਿਖੇ 7 ਅਪ੍ਰੈਲ ਨੂੰ ਸਵੇਰੇ 9:00 ਵਜੇ ਤੋਂ ਅਰੋੜਬੰਸ ਧਰਮਸ਼ਾਲਾ ਜੈਤੋ ਰੋਡ ਕੋਟਕਪੂਰਾ ਵਿਖੇ ਲੱਗਣ ਵਾਲੇ ਮੁਫਤ ਮੈਡੀਕਲ ਕੈਂਪ ਦੀਆਂ ਤਿਆਰੀਆਂ ਸਬੰਧੀ ਸਭਾ ਦੇ ਪ੍ਰਧਾਨ ਮਨਿੰਦਰ ਸਿੰਘ ਮਿੱਕੂ ਮੱਕੜ ਸਮੇਤ ਸਰਪ੍ਰਸਤ ਮਾ. ਹਰਨਾਮ ਸਿੰਘ, ਹਰਿੰਦਰ ਸਿੰਘ ਚੋਟਮੁਰਾਦਾ, ਜਗਦੀਸ਼ ਛਾਬੜਾ ਆਦਿ ਦੀ ਅਗਵਾਈ ਹੇਠ ਹੋਈ ਮੀਟਿੰਗ ਦੌਰਾਨ ਵੱਖ ਵੱਖ ਡਿਊਟੀਆਂ ਲਾਈਆਂ ਗਈਆਂ।ਕੈਂਪ ਦੀ ਰੂਪ ਰੇਖਾ ਤੇ ਤਿਆਰੀਆਂ ਬਾਰੇ ਜਾਣਕਾਰੀ ਦਿੰਦਿਆਂ ਪ੍ਰੈੱਸ ਸਕੱਤਰ ਗੁਰਮੀਤ ਸਿੰਘ ਮੀਤਾ ਤੇ ਜਨਰਲ ਸਕੱਤਰ ਸੁਰਜੀਤ ਸਿੰਘ ਘੁਲਿਆਣੀ ਨੇ ਦੱਸਿਆ ਕਿ ਉਕਤ ਕੈਂਪ ਦੌਰਾਨ ਦਿਲ ਦੇ ਰੋਗਾਂ ਦੇ ਮਾਹਰ ਡਾ. ਗੁਰਮੀਤ ਸਿੰਘ, ਡਾ. ਗੌਤਮ ਸਿੰਘਲ, ਆਯੁਰਵੈਦ ਦੇ ਮਾਹਰ ਡਾ. ਸਿਮਰ ਕਟਾਰੀਆ, ਔਰਤ ਰੋਗਾਂ ਦੇ ਮਾਹਰ ਡਾ. ਨੇਹਾ ਕਟਾਰੀਆ ਉਸ ਦਿਨ ਸਵੇਰੇ 9:00 ਵਜੇ ਤੋਂ ਬਾਅਦ ਦੁਪਹਿਰ 1:00 ਵਜੇ ਤੱਕ ਮਰੀਜ਼ਾਂ ਦੀ ਜਾਂਚ ਕਰਨਗੇ।ਕੰਪਿਊਟਰ ਸੈਂਟਰ ਦੇ ਡਾਇਰੈਕਟਰ ਮੋਹਨ ਲਾਲ ਗੁਲਾਟੀ, ਡਾ. ਸੁਨੀਲ ਛਾਬੜਾ ਤੇ ਗੁਰਿੰਦਰ ਸਿੰਘ ਮਹਿੰਦੀਰੱਤਾ ਨੇ ਦੱਸਿਆ ਕਿ ਕੈਂਪ ਦੌਰਾਨ ਬੁਕਿੰਗ ਕਰਨ ਵਾਲੀਆਂ ਪਰਚੀਆਂ ਸਵੇਰੇ 8:00 ਵਜੇ ਅਰੋੜਬੰਸ ਧਰਮਸ਼ਾਲਾ ਵਿਖੇ ਬਣਨੀਆਂ ਸ਼ੁਰੂ ਹੋ ਜਾਣਗੀਆਂ।ਜਸਪਾਲ ਮਖੀਜਾ, ਗੁਰਮੀਤ ਸਿੰਘ ਮੱਕੜ ਤੇ ਰਾਜ ਅਰੋੜਾ ਮੁਤਾਬਿਕ ਮੈਡੀਕਲ ਕੈਂਪ ਦੌਰਾਨ ਜਿੱਥੇ ਮਰੀਜ਼ਾਂ ਨੂੰ ਦਵਾਈਆਂ ਮੁਫਤ ਦਿੱਤੀਆਂ ਜਾਣਗੀਆਂ, ਉੱਥੇ ਉਨ੍ਹਾਂ ਦੇ ਈ.ਸੀ.ਜੀ., ਬੀ ਪੀ, ਸ਼ੂਗਰ ਆਦਿਕ ਟੈਸਟ ਵੀ ਮੁਫਤ ਕੀਤੇ ਜਾਣਗੇ। ਮਹਿਮਾਨਾਂ ਤੇ ਮਰੀਜ਼ਾਂ ਜਾਂ ਉਨ੍ਹਾਂ ਨਾਲ ਆਉਣ ਵਾਲੇ ਵਾਰਸਾਂ ਲਈ ਚਾਹ-ਪਾਣੀ ਦਾ ਬਕਾਇਦਾ ਪ੍ਰਬੰਧ ਵੀ ਕੀਤਾ ਗਿਆ ਹੈ।

## ਰੀਹਲ ਜਠੇਰਿਆਂ ਦਾ ਮੇਲਾ 7 ਨੂੰ

**ਜਲੰਧਰ** : ਰੀਹਲ ਜਠੇਰਿਆਂ ਦਾ ਮੇਲਾ 7 ਅਪ੍ਰੈਲ (ਐਤਵਾਰ) ਨੂੰ ਪਿੰਡ ਰੁੜਕੀ ਵਿਚ ਮਨਾਇਆ ਜਾ ਰਿਹਾ ਹੈ। ਜਥੇਬੰਦਕਾਂ ਗੁਰਚਰਨ ਸਿੰਘ, ਸੁਰਿੰਦਰ ਸਿੰਘ ਤੇ ਇੰਜੀ. ਬਲਬੀਰ ਸਿੰਘ ਨੇ ਦੱਸਿਆ ਕਿ ਸਵੇਰੇ ਨਿਸ਼ਾਨ ਸਾਹਿਬ ਚੜ੍ਹਾਉਣ ਤੋਂ ਬਾਅਦ ਚਾਹ-ਪਕੌੜਿਆਂ ਦਾ ਲੰਗਰ ਚੱਲੇਗਾ। ਉਪਰੰਤ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਤੋਂ ਬਾਅਦ ਕੀਰਤਨ ਹੋਵੇਗਾ। ਬਾਅਦ ਦੁਪਹਿਰ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ। ਪਿੰਡ ਰੁੜਕੀ ਨੂੰ ਫਗਵਾੜਾ ਤੇ ਗੋਰਾਇਆ ਤੋਂ ਬੱਸਾਂ-ਟੈਂਪੂ ਜਾਂਦੇ ਹਨ।

## ਸਾਥੀ ਅਜਮਲ ਦੇ ਵਿਛੋੜੇ 'ਤੇ ਪਰਵਾਰ ਨਾਲ ਹਮਦਰਦੀ ਪ੍ਰਗਟ

**ਸੰਗਰੂਰ (ਪ੍ਰਵੀਨ ਸਿੰਘ)**-ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਸੁਖਦੇਵ ਸ਼ਰਮਾ, ਮੀਤ ਸਕੱਤਰ ਭਰਪੂਰ ਸਿੰਘ ਬੁੱਲਾਂਪੁਰ ਤੇ ਨਿਰਮਲ ਸਿੰਘ ਬਟੜਿਆਣਾ ਨੇ ਸਾਂਝੇ ਤੌਰ 'ਤੇ ਜਾਣਕਾਰੀ ਦਿੰਦਿਆਂ ਕਿਹਾ ਕਿ ਬੀਤੇ ਦਿਨ ਸਾਥੀ ਮੁਹੰਮਦ ਖਲੀਲ ਤੇ ਮਜ਼ੀਦ ਮੁਹੰਮਦ ਦੇ ਵੱਡੇ ਭਾਈ ਸਾਹਿਬ ਮੁਹੰਮਦ ਅਜਮਲ ਸੰਖੇਪ ਬਿਮਾਰੀ ਪਿੱਛੋਂ ਲੁਧਿਆਣਾ ਵਿਖੇ ਅਚਾਨਕ ਵਿਛੋੜਾ ਦੇ ਗਏ।ਉਹ ਫੂਡ ਸਪਲਾਈ ਵਿਭਾਗ ਤੋਂ ਬਤੌਰ ਇੰਸਪੈਕਟਰ ਰਿਟਾਇਰ ਹੋਏ ਸਨ।ਉਹ ਲਗਭਗ 72 ਸਾਲ ਦੇ ਸਨ।ਉਹ ਆਪਣੇ ਪਿੱਛੇ ਪਤਨੀ ਮਜੀਦਨ ਅਤੇ ਬੇਟੇ ਸ਼ੌਕਤ ਅਲੀ ਤੇ ਮੁਹੰਮਦ ਰਸੀਦ ਤੋਂ ਇਲਾਵਾ ਭਤੀਜੇ ਲਿਆਕਤ ਅਲੀ, ਅਰਸ਼ਦ ਅਲੀ ਆਦਿਲ ਮਜੀਦ ਨੂੰ ਛੱਡ ਗਏ ਹਨ।ਉਨ੍ਹਾਂ ਦੀ ਯਾਦ ਵਿੱਚ ਕੁਲਾਂ ਦੀ ਰਸਮ ਪਿੰਡ ਦਲੇਲਗੜ੍ਹ ਵਿਖੇ ਸਦੀਕ ਮਸਜਿਦ ਵਿਖੇ ਭਾਰੀ ਇਕੱਠ ਹੋਇਆ।ਇਸ ਸਮੇਂ ਪਾਰਟੀ ਸਕੱਤਰ ਸੁਖਦੇਵ ਸ਼ਰਮਾ ਨੇ ਬੋਲਦਿਆਂ ਕਿਹਾ ਅਲਵਿਦਾ ਸਾਨੂੰ ਹਮੇਸ਼ਾ ਧਰਮਾਂ, ਗੋਤਾਂ ਤੇ ਜਾਤਾਂ ਤੋਂ ਉੱਪਰ ਉੱਠ ਕੇ ਸਾਂਝੇ ਤੌਰ 'ਤੇ ਲੜਨਾ ਪਵੇਗਾ।ਦੇਸ਼ ਦੀ ਮੌਜੂਦਾ ਸਰਕਾਰ ਘੱਟ ਗਿਣਤੀਆਂ ਤੇ ਵਿਰੋਧੀ ਧਿਰ 'ਤੇ ਹਮਲੇ ਕਰਕੇ ਦੇਸ਼ ਦੇ ਸੈਕੂਲਰ ਢਾਂਚੇ ਨੂੰ ਤਬਾਹ ਕਰ ਰਹੀਆਂ ਹਨ।ਇਸ ਸਮੇਂ ਪਰਵਾਰ ਨਾਲ ਹਮਦਰਦੀ ਕਰਨ ਵਾਲਿਆਂ ਵਿੱਚ ਪੀ ਆਰ ਟੀ ਸੀ ਦੇ ਸਾਥੀ ਅਲੀ ਮੁਹੰਮਦ, ਰਾਮ ਸਰੂਪ, ਦਰਸ਼ਨ ਸਿੰਘ ਧੂਰੀ, ਅਮਰਜੀਤ ਲੌਂਗੋਵਾਲ, ਰਮੇਸ਼ ਕੁਮਾਰ ਬਿਜਲੀ ਬੋਰਡ, ਮਲੇਰਕੋਟਲਾ ਤੋਂ ਨਰਿੰਦਰ ਕੁਮਾਰ, ਸੁਰਿੰਦਰ ਭੈਣੀ, ਗੁਲਜਾਰ ਖਾਂ, ਦਨੇਸ਼ ਭਾਰਦਵਾਜ, ਧੂਰੀ ਤੋਂ ਲੀਲੇ ਖਾਨ ਇੰਦਰ ਸਿੰਘ, ਸੀ ਪੀ ਐੱਮ ਤੋਂ ਕਾਮਰੇਡ ਮੁਹੰਮਦ ਇਲਾਇਸ, ਫੂਡ ਸਪਲਾਈ ਦੇ ਵਿਭਾਗ ਦੇ ਰਾਮ ਗੋਪਾਲ, ਸੁਰਜੀਤ ਚਾਹਲ, ਬਹਾਦਰ ਰਾਜ ਸਿੱਖਿਆ ਵਿਭਾਗ ਤੋਂ ਮੇਜਰ ਸਿੰਘ ਸੋਹੀ, ਮੋਹਨ ਬਡਲਾ, ਹਰੀ ਸਿੰਘ, ਕਮਲਜੀਤ ਤਰਕਸ਼ੀਲ ਇਕਾਈ ਮਲੇਰਕੋਟਲਾ ਸ਼ਾਮਲ ਹੋਏ।ਅੰਤ ਵਿੱਚ ਸਾਥੀ ਸੁਖਦੇਵ ਸੁੱਖੀ ਆਗੂ ਪੀ ਆਰ ਟੀ ਸੀ ਵਰਕਰ ਯੂਨੀਅਨ ਏਟਕ ਨੇ ਸਾਥੀਆਂ ਦਾ ਧੰਨਵਾਦ ਕਰਦਿਆਂ ਸਾਥੀ ਅਜਮਲ ਦੀ ਜ਼ਿੰਦਗੀ 'ਤੇ ਵਿਸਥਾਰਤ ਚਾਨਣਾ ਪਾਇਆ।

## ਹਲਕਾ ਅਮਰਗੜ੍ਹ ਦੇ ਵਸਨੀਕਾਂ ਵੱਲੋਂ ਚਰਨਜੀਤ ਚੰਨੀ ਨੂੰ ਟਿਕਟ ਦੇਣ ਦੀ ਮੰਗ



**ਅਮਲੋਹ (ਲਖਵੀਰ ਸਿੰਘ)**-ਲੋਕ ਸਭਾ ਚੋਣਾਂ ਨੂੰ ਮੁੱਖ ਰੱਖਦਿਆਂ ਹਲਕਾ ਅਮਰਗੜ੍ਹ ਦੇ ਵਸਨੀਕਾਂ ਨੇ ਕਾਂਗਰਸ ਹਾਈਕਮਾਨ ਨੂੰ ਮੰਗ ਕੀਤੀ ਹੈ ਕਿ ਲੋਕ ਸਭਾ ਹਲਕਾ ਫਤਿਹਗੜ੍ਹ ਸਾਹਿਬ ਤੋਂ ਚਰਨਜੀਤ ਸਿੰਘ ਚੰਨੀ ਨੂੰ ਪਾਰਟੀ ਵੱਲੋਂ ਉਮੀਦਵਾਰ ਵਜੋਂ ਚੋਣ ਮੈਦਾਨ ਵਿੱਚ ਉਤਾਰਿਆ ਜਾਵੇ ਤੇ ਚੰਨੀ ਲੋਕਾਂ ਦੀ ਪਸੰਦ ਹਨ ਅਤੇ ਭਾਰੀ ਬਹੁਮਤ ਨਾਲ ਜਿੱਤ ਦਰਜ ਕਰਨਗੇ। ਇਸ ਮੌਕੇ ਹਾਕਮ ਸਿੰਘ, ਨਿਰਮਲ ਸਿੰਘ ਨੇ ਕਿਹਾ ਕਿ ਭਾਰੀ ਬਹੁਮਤ ਨਾਲ ਚੰਨੀ ਨੂੰ ਜਿੱਤ ਦਰਜ ਕਰਵਾਕੇ ਸੰਸਦ ਵਿੱਚ ਭੇਜਿਆ ਜਾਵੇਗਾ ਉਨ੍ਹਾਂ ਕਿਹਾ ਕਿ ਲੋਕ ਸਭਾ ਹਲਕਾ ਫਤਿਹਗੜ੍ਹ ਸਾਹਿਬ ਦੇ ਲੋਕਾਂ ਦੀ ਪਹਿਲੀ ਪਸੰਦ ਵੀ ਚੰਨੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਦੇ ਉਮੀਦਵਾਰ ਪੂਰੇ ਪੰਜਾਬ ਵਿੱਚੋਂ ਇਸ ਵਾਰ ਵੱਡੀਆਂ ਜਿੱਤਾਂ ਦਰਜ ਕਰਨਗੇ ਤੇ ਵਿਰੋਧੀਆਂ ਨੂੰ ਵੱਡੀਆਂ ਹਾਰਾ ਦਾ ਸਾਹਮਣਾ ਕਰਨਾ ਪਵੇਗਾ। ਉਨ੍ਹਾਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਤੋਂ ਦੇਸ਼ ਵਾਸੀ ਦੁਖੀ ਹਨ ਤੇ ਉਹ ਕਾਂਗਰਸ ਪਾਰਟੀ ਦੀ ਸਰਕਾਰ ਬਣਾਉਣ ਦਾ ਮਨ ਬਣਾ ਚੁੱਕੇ ਹਨ।

...ਸਫ਼ਾ 1 ਦੇ ਬਾਕੀ

### 10 ਦੀ ਰੈਲੀ ਮੁਲਤਵੀ...

ਜਾਵੇ। ਕੀ ਉਕਤ ਕੰਪਨੀਆਂ ਆਰ.ਬੀ.ਆਈ. ਵੱਲੋਂ ਮਾਨਤਾ ਪ੍ਰਾਪਤ ਹਨ? ਉਕਤ ਕੰਪਨੀਆਂ ਦੇ ਵਿਆਜ ਦੀ ਦਰ ਚੈੱਕ ਕੀਤੀ ਜਾਵੇ। ਕਰਜ਼ੇ ਦੀਆਂ ਕਿਸ਼ਤਾਂ ਦੀ ਉਗਰਾਹੀ ਲਈ ਕੰਪਨੀਆਂ ਦੇ ਕਰਿੰਦਿਆਂ ਦੇ ਰੂਪ ਵਿੱਚ ਗੁੰਡਿਆਂ ਨੂੰ ਕਰਜ਼ਧਾਰੀਆਂ ਦੇ ਘਰਾਂ ਵਿੱਚ ਜਾਣ ਦੀ ਪੂਰਨ ਮਨਾਹੀ ਕੀਤੀ ਜਾਵੇ। ਉਕਤ ਕੰਪਨੀਆਂ ਦੇ ਕੋਲ ਫੰਡਾਂ ਦਾ ਕੀ ਸਰੋਤ ਹੈ? ਇਸ ਦੀ ਵੀ ਪੜਤਾਲ ਕਰਵਾਈ ਜਾਵੇ।


### ਕੋਰਟ ਨੋਟਿਸ

ਬਾ-ਅਦਾਲਤ ਸ੍ਰੀ ਨਵਦੀਪ ਸਿੰਘ ਭੋਗਲ, ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ ਫਾਸਟ ਟਰੈਕ ਕੋਰਟ ਆਫ ਐੱਨ ਆਰ ਆਈਜ਼, ਜਲੰਧਰ

ਕੇਸ ਨੰ. 404/ਐੱਫ ਟੀ ਸੀ/ਐੱਨ ਆਰ ਆਈਜ਼ ਕੇਸ ਅਨੁਵਾਨ : ਜਸਵੀਰ ਸਿੰਘ ਬਨਾਮ ਸੁਰਿੰਦਰ ਕੌਰ ਅਤੇ ਹੋਰ
ਵਾਕਿਆ ਪਿੰਡ : ਬਸਰਾਮਪੁਰ ਖੇਵਟ ਨੰ. 132, 128

ਇਸ ਨੋਟਿਸ ਰਾਹੀਂ ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ Jasvir Singh S/o Tarsem Singh S/o Munsha Singh R/o Vill. Basrampur, Tehsil Jalandhar-2 (Kartarpur), Distt. Jalandhar at Present 34-2510, Countryside Dr. Brampton on Canada L6R3T4 (Applicant)

ਨੋਟਿਸ ਬਨਾਮ : 1.Surinder Kaur Widow of Makhan Singh S/o Munsha Singh (2) Sandeep Singh S/o Makhan Singh S/o Munsha Singh (3) Inderpaljit Singh S/o Makhan Singh S/o Munsha Singh (4) Ravinder Singh S/o Makhan Singh S/o Munsha Singh (5) Gurpreet Singh S/o Makhan Singh S/o Munsha Singh (6) Buta Singh S/o Lashkar Singh S/o Banta Singh (7) Malkit Singh S/o Gurmukh Singh S/o Shaikar Singh (8) Jagtar Singh S/o Gurmukh Singh S/o Shaikar Singh (9) Major Singh S/o Gurmukh Singh S/o Shaikar Singh (10) Balvir Kaur D/o Gurmukh Singh S/o Shaikar Singh (11) Nirvair Singh S/o Bhajan Singh S/o Santu (12)Gurmail Singh S/o Bhajan Singh S/o Santu (13) Tara Singh S/o Bhajan Singh S/o Santu (14) Kashmir Singh S/o Bhajan Singh S/o Santu (15) Kashmir Kaur D/o Bhajan Singh S/o Santu (16) Gurdev Kaur D/o Bhajan Singh S/o Santu (17) Joginder Kaur D/o Bhajan Singh S/o Santu (18) Jagir Kaur D/o Bhajan Singh S/o Santu (19) Satnam Singh S/o Karnail Singh S/o Gujjar Singh (20) Charan Singh S/o Hakam Singh S/o Miha Singh (21) Randir Singh S/o Charan Singh S/o Hakam Singh (22) Daya Singh S/o Charan Singh S/o Hakam Singh (23) Sukhwinder Singh S/o Charan Singh S/o Hakam Singh (24) Surinder Singh S/o Mehnga Singh S/o Munsha Singh (25) Jaswinder Singh S/o Mehnga Singh S/o Munsha Singh (26) Manjit Kaur D/o Mehnga Singh S/o Munsha Singh (27) Baljit Kaur D/o Mehnga Singh S/o Munsha Singh (28) Kamaljit Kaur D/o Mehnga Singh S/o Munsha Singh (29) Amandeep Singh S/o Kuldeep Kaur D/o Mehnga Singh (30) Jagtar Singh S/o Sangara Singh S/o Gurmukh Singh (31) Bhajan Kaur D/o Charan Singh S/o Rurh Singh (32) Kuldeep Kaur D/o Mukhtar Singh S/o Shingara Singh (33) Mandeep Singh S/o Inderjit Singh S/o Gurmeet Singh (34) Jagjit Singh S/o Sardool Singh S/o Gurmeet Singh (35) Harnoor Singh S/o Sukhpal Singh S/o Gurmeet Singh (36) Jasveer Singh S/o Tarsem Singh S/o Munsha Singh (37) Prabhjit Kaur D/o Tarsem Singh S/o Munsha Singh (38) Amanjit Kaur D/o Tarsem Singh S/o Munsha Singh All R/o Vill. Basrampur, Tehsil Jalandhar-2 (Kartarpur), Distt. Jalandhar (39) M/s G.J Agro Industries, Fazalpur through its Representative (40) Oriental Bank of Commerce Branch Kartarpur, Distt. Jalandhar through its Branch Manager ((41) Oriental Bank of Commerce Branch Subhanpur, Distt. Kapurthala through its Branch Manager (43) The Syndicate Bank, Branch Kartarpur, Distt. Jalandhar through its Branch Manager ... (Respondents)

ਉਕਤ ਮੁਕੱਦਮੇ 'ਚ ਅਦਾਲਤ ਨੂੰ ਇਹ ਯਕੀਨ ਹੋ ਚੁੱਕਾ ਹੈ ਕਿ ਦੂਜੀ ਧਿਰ ਦੀ ਮਾਮੂਲੀ ਤਰੀਕੇ ਨਾਲ ਸੰਮਨ 'ਤੇ ਤਾਮੀਲ ਹੋਣੀ ਮੁਸ਼ਕਿਲ ਹੈ। ਇਸ ਲਈ ਮਿਤੀ 16/4/2024 ਨੂੰ ਦੁਪਹਿਰ 2.00 ਵਜੇ ਦੀ ਤਰੀਕ ਪੇਸ਼ੀ ਨੀਯਤ ਕਰਕੇ ਇਸ ਇਸ਼ਤਿਹਾਰ ਰਾਹੀਂ ਦੂਜੀ ਧਿਰ ਨੂੰ ਵਿਦਿਤ ਕੀਤਾ ਜਾਂਦਾ ਹੈ ਕਿ ਉਕਤ ਤਰੀਕ 'ਤੇ ਆਪ ਜਾਂ ਕਿਸੇ ਵਕੀਲ ਰਾਹੀਂ ਅਦਾਲਤ ਵਿੱਚ ਪੇਸ਼ ਹੋਵੋ, ਨਹੀਂ ਤਾਂ ਕਾਰਵਾਈ ਇੱਕਤਰਫਾ ਅਮਲ 'ਚ ਲਿਆਂਦੀ ਜਾਵੇਗੀ।

ਅੱਜ ਮਿਤੀ 28/3/24 ਨੂੰ ਮੇਰੇ ਦਸਤਖਤਾਂ ਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।

ਸਹੀ/- ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ, ਦਰਜਾ ਅੱਵਲ ਫਾਸਟ ਟਰੈਕ ਕੋਰਟ ਫਾਰ ਐੱਨ (ਨੰਬਰ : 337/ਰੀਡਰ/ਡੀ ਆਰ ਓ/ਮਿਤੀ : 28.3.2024) ਆਰ ਆਈਜ਼, ਜਲੰਧਰ



ਫਾਰਮ-3 [ਵੇਖੋ ਰੈਗੂਲੇਸ਼ਨ-15 (1)(ਏ)/16/3]

ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀ ਆਰ ਟੀ3)
ਗਰਾਊਂਡ ਫਲੋਰ, ਐੱਸ ਸੀ ਓ 33-34-35, ਸੈਕਟਰ 17-ਏ, ਚੰਡੀਗੜ੍ਹ-160017
ਮੁਕੱਦਮਾ ਨੰ. ਓ ਏ/123/2017
ਕਰਜ਼ਾ ਵਸੂਲੀ ਟ੍ਰਿਬਿਊਨਲ (ਅਮਲ) ਰੂਲਜ਼, 1993 ਦੇ ਨਿਯਮ 5 ਦੇ ਸਬ-ਨਿਯਮ (2-ਏ) ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 19 ਦੇ ਸਬ-ਸੈਕਸ਼ਨ (4) ਤਹਿਤ ਸੰਮਨ

ਈ ਐਕਸ ਐੱਚ ਨੰ. 14357

ਐੱਸਰੈੱਕ (ਇੰਡੀਆ) ਲਿਮਟਿਡ
ਬਨਾਮ
ਮੈਸ : ਓਸਵਾਲ ਅਪਾਰੇਲ ਪ੍ਰਾਈਵੇਟ ਲਿਮਟਿਡ ਅਤੇ ਹੋਰ

ਸੇਵਾ 'ਚ (1) ਮੈਸ: ਓਸਵਾਲ ਅਪਾਰੇਲ ਪ੍ਰਾਈਵੇਟ ਲਿਮਟਿਡ, ਜੀ ਟੀ ਰੋਡ, ਜਲੰਧਰ ਬਾਈਪਾਸ, ਲੁਧਿਆਣਾ (2) ਸ੍ਰੀ ਵਿਕਾਸ ਜੈਨ ਪੁੱਤਰ ਸਵ: ਸ੍ਰੀ ਕੀਮਤੀ ਲਾਲ ਜੈਨ, ਵਾਸੀ 25-ਜੀ ਸਰਾਭਾ ਨਗਰ, ਲੁਧਿਆਣਾ, ਪੰਜਾਬ (3) ਸ੍ਰੀਮਤੀ ਟੀਨਾ ਜੈਨ ਪਤਨੀ ਸ੍ਰੀ ਵਿਕਾਸ ਜੈਨ ਪੁੱਤਰ ਸਵ: ਸ੍ਰੀ ਕੀਮਤੀ ਲਾਲ ਜੈਨ, ਵਾਸੀ 25-ਜੀ, ਸਰਾਭਾ ਨਗਰ, ਲੁਧਿਆਣਾ, ਪੰਜਾਬ (4) ਸ੍ਰੀਮਤੀ ਮੀਨਾ ਜੈਨ ਪਤਨੀ ਸਵ: ਸ੍ਰੀ ਕੀਮਤੀ ਲਾਲ ਜੈਨ, ਵਾਸੀ 25-ਜੀ, ਸਰਾਭਾ ਨਗਰ, ਲੁਧਿਆਣਾ, ਪੰਜਾਬ (5) ਮੈਸ: ਓਸਵਾਲ ਫੈਸ਼ਨ ਪ੍ਰਾਈਵੇਟ ਲਿਮਟਿਡ, ਜੀ ਟੀ ਰੋਡ (ਪੱਛਮ) ਜਲੰਧਰ ਬਾਈਪਾਸ, ਲੁਧਿਆਣਾ, ਪੰਜਾਬ।

ਸੰਮਨ

ਜਦੋਂ ਕਿ ਓ ਏ/123/2017 ਮਾਣਯੋਗ ਪ੍ਰਜ਼ਾਇਡਿੰਗ ਅਫਸਰ/ਰਜਿਸਟਰਾਰ ਸਨਮੁੱਖ 14.12.2023 ਨੂੰ ਸੂਚੀਬੱਧ ਕੀਤਾ ਗਿਆ ਸੀ।

ਜਦੋਂ ਕਿ ਤੁਹਾਡੇ ਵਿਰੁੱਧ ਰੁਪਏ 483531421.30/- ਦੀ ਕਰਜ਼ਾ ਵਸੂਲੀ ਲਈ ਉਕਤ ਅਰਜ਼ੀ 'ਤੇ ਐਕਟ ਦੇ ਸੈਕਸ਼ਨ 19 (4) (ਓ ਏ) ਤਹਿਤ (ਅਰਜ਼ੀ ਸਮੇਤ ਦਸਤਾਵੇਜ਼ਾਂ ਆਦਿ ਦੀਆਂ ਨਕਲਾਂ, ਨੱਥੀ) ਇਹ ਮਾਣਯੋਗ ਟ੍ਰਿਬਿਊਨਲ ਸੰਮਨ/ਨੋਟਿਸ ਜਾਰੀ ਕਰਨ ਦੀ ਖੁਸ਼ੀ ਪ੍ਰਾਪਤ ਕਰ ਰਿਹਾ ਹੈ।

ਐਕਟ ਦੇ ਸੈਕਸ਼ਨ 19 ਦੇ ਸਬ-ਸੈਕਸ਼ਨ (4) ਦੇ ਅਨੁਸਾਰ, ਜਵਾਬਦੇਹਾਂ ਨੂੰ ਹੇਠਾਂ ਦਰਸਾਏ ਨਿਰਦੇਸ਼ ਦਿੱਤੇ ਜਾਂਦੇ ਹਨ :

(i) ਸੰਮਨ ਪ੍ਰਾਪਤੀ ਤੋਂ 30 ਦਿਨਾਂ ਦੇ ਅੰਦਰ ਕਾਰਨ ਦੱਸਿਆ ਜਾਵੇ ਕਿ ਦਿੱਤੀ ਗਈ ਰਾਹਤ ਮਨਜ਼ੂਰ ਕਿਉਂ ਨਾ ਕੀਤੀ ਜਾਵੇ।
(ii) ਅਸਲ ਅਰਜ਼ੀ ਦੇ ਲੜੀ ਨੰ. 3 ਏ ਅਧੀਨ ਬਿਨੈਕਾਰ ਵੱਲੋਂ ਦਰਸਾਈਆਂ ਗਈਆਂ ਜਾਇਦਾਦਾਂ ਅਤੇ ਐੱਸਟਸ ਤੋਂ ਇਲਾਵਾ ਹੋਰ ਜਾਇਦਾਦਾਂ ਜਾਂ ਐੱਸਟਸ ਦੇ ਵੇਰਵਿਆਂ ਦਾ ਖੁਲਾਸਾ ਕਰਨਾ।
(iii) ਅਸਲ ਅਰਜ਼ੀ ਦੇ ਲੜੀ ਨੰ. 3 ਏ ਤਹਿਤ ਖੁਲਾਸਾ ਕੀਤੇ ਗਏ ਸਕਿਉਰਡ ਐੱਸਟਸ ਜਾਂ ਅਜਿਹੇ ਹੋਰ ਐੱਸਟਸ, ਲੰਬਿਤ ਸੁਣਵਾਈ ਅਤੇ ਜਾਇਦਾਦਾਂ ਦੀ ਕੁਰਕੀ ਲਈ ਅਰਜ਼ੀ ਦੇ ਨਿਪਟਾਰੇ ਸੰਬੰਧੀ ਤੁਹਾਡੇ 'ਤੇ ਪਾਬੰਦੀ ਹੈ।
(iv) ਜਿਹੜੀ ਸਕਿਉਰਟੀ 'ਤੇ ਹਿੱਤ ਲਾਗੂ ਹਨ ਜਾਂ ਹੋਰ ਐੱਸਟਸ ਅਤੇ ਅਸਲ ਅਰਜ਼ੀ ਦੇ ਲੜੀ ਨੰ. 3 ਏ 'ਚ ਖੁਲਾਸਾ ਕੀਤੀਆਂ ਗਈਆਂ ਜਾਇਦਾਦਾਂ ਟ੍ਰਿਬਿਊਨਲ ਦੀ ਅਗਾਊਂ ਮਨਜ਼ੂਰੀ ਤੋਂ ਬਿਨਾਂ, ਬਿਜ਼ਨਸ ਦੇ ਸਧਾਰਨ ਕੋਰਸ ਤੋਂ ਇਲਾਵਾ ਤੁਸੀਂ ਵਿਕਰੀ, ਲੀਜ਼ ਜਾਂ ਕਿਸੇ ਹੋਰ ਢੰਗ ਨਾਲ ਤਬਦੀਲ ਨਹੀਂ ਕਰ ਸਕਦੇ।
(v) ਸਕਿਉਰਡ ਐੱਸਟਸ ਦੀ ਵਿਕਰੀ ਜਾਂ ਬਿਜ਼ਨਸ ਦੇ ਸਧਾਰਨ ਕੋਰਸ 'ਚ ਹੋਰ ਐੱਸਟਸ ਅਤੇ ਜਾਇਦਾਦਾਂ ਅਤੇ ਅਜਿਹੇ ਐੱਸਟਸ 'ਤੇ ਸਕਿਉਰਟੀ ਰੱਖਦੇ ਬੈਂਕ ਜਾਂ ਵਿੱਤੀ ਸੰਗਠਨਾਂ ਦੇ ਖਾਤਿਆਂ 'ਚ ਵਿਕਰੀ ਰਾਹੀਂ ਜਮ੍ਹਾਂ ਅਜਿਹੀ ਆਮਦਨ ਸਾਕਾਰ ਵਿਕਰੀ ਆਮਦਨ ਦਾ ਹਿਸਾਬ ਦੇਣ ਲਈ ਤੁਸੀਂ ਜਵਾਬਦੇਹ ਹੋਵੋਗੇ।

ਤੁਹਾਨੂੰ ਲਿਖਤੀ ਬਿਆਨ ਸਮੇਤ ਬਿਨੈਕਾਰ ਨੂੰ ਉਸ ਦੀ ਨਕਲ ਦੇਣ ਦਾਇਰ ਕਰਨ ਨਾਲ ਰਜਿਸਟਰਾਰ ਦੇ ਸਨਮੁੱਖ 26.04.2024 ਨੂੰ ਸਵੇਰੇ 10.30 ਵਜੇ ਪੇਸ਼ ਹੋਣ ਦੇ ਵੀ ਨਿਰਦੇਸ਼ ਦਿੱਤੇ ਜਾਂਦੇ ਹਨ। ਅਸਫਲ ਰਹਿਣ 'ਤੇ ਅਰਜ਼ੀ 'ਤੇ ਸੁਣਵਾਈ ਕੀਤੀ ਜਾਵੇਗੀ ਅਤੇ ਤੁਹਾਡੀ ਗੈਰ-ਹਾਜ਼ਰੀ 'ਚ ਫੈਸਲਾ ਦੇ ਦਿੱਤਾ ਜਾਵੇਗਾ।

ਮੇਰੇ ਦਸਤਖਤਾਂ ਤੇ ਟ੍ਰਿਬਿਊਨਲ ਦੀ ਮੋਹਰ ਨਾਲ 15.12.2023 ਨੂੰ ਜਾਰੀ ਕੀਤਾ ਗਿਆ।

ਸੰਮਨ ਜਾਰੀ ਕਰਨ ਦੇ ਅਧਿਕਾਰਤ ਅਫਸਰ ਦੇ ਦਸਤਖਤ



**SBI** RETAIL ASSETS CENTRAL PROCESSING CENTRE (05296), 1ST FLOOR, CIVIL LINES, FOUNTAIN CHOWK, LUDHIANA

ਰੂਲ (8-1) ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)

ਜਦੋਂ ਕਿ ਨਿਮਨਹਸਤਾਖਰੀ ਨੇ ਸਟੇਟ ਬੈਂਕ ਆਫ ਇੰਡੀਆ, ਆਰ ਏ ਸੀ ਪੀ ਸੀ, ਸਿਵਲ ਲਾਈਨਜ਼, ਲੁਧਿਆਣਾ ਦੇ ਅਧਿਕਾਰਤ ਅਫਸਰ ਵਜੋਂ ਸਕਿਉਰਿਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਮਿਤੀ 'ਤੇ ਕਰਜ਼ਦਾਰਾਂ/ਗਰੰਟਰਾਂ ਨੂੰ ਉਕਤ ਨੋਟਿਸਾਂ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਨੋਟਿਸਾਂ 'ਚ ਦਰਸਾਈ ਰਕਮ ਵਾਪਸ ਮੋੜਨ ਲਈ ਡਿਮਾਂਡ ਨੋਟਿਸ ਜਾਰੀ ਕੀਤੇ ਸਨ।

ਕਰਜ਼ਦਾਰ ਰਕਮ ਅਦਾ ਕਰਨ 'ਚ ਅਸਫਲ ਰਹੇ ਹਨ, ਜਾਇਦਾਦ ਦੇ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ ਹੇਠਾਂ ਦਰਸਾਏ ਖਾਤਿਆਂ ਵਿਰੁੱਧ ਇਨ੍ਹਾਂ ਮਿਤੀਆਂ ਨੂੰ ਕਬਜ਼ਾ ਹਾਸਲ ਕਰ ਲਿਆ ਹੈ।

ਖਾਸ ਕਰਕੇ ਸੰਬੰਧਤ ਪਾਰਟੀਆਂ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਸੌਦੇਬਾਜ਼ੀ ਨਾ ਕੀਤੇ ਜਾਣ ਲਈ ਖਬਰਦਾਰ ਕੀਤਾ ਜਾਂਦਾ ਹੈ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਕਰਨ 'ਤੇ ਸਟੇਟ ਬੈਂਕ ਆਫ ਇੰਡੀਆ, ਆਰ ਏ ਸੀ ਪੀ ਸੀ, ਸਿਵਲ ਲਾਈਨਜ਼, ਲੁਧਿਆਣਾ ਵੱਲੋਂ ਹੇਠਾਂ ਦਰਸਾਈ ਕੁੱਲ ਰਕਮ ਜਮ੍ਹਾਂ ਇਸ ਉਪਰ ਭਵਿੱਖੀ ਵਿਆਜ ਅਤੇ ਲਾਗਤਾਂ ਆਦਿ ਵਸੂਲ ਕੀਤੀ ਜਾਵੇਗੀ। ਉਪਲਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਕਰਜ਼ਦਾਰ/ਗਰੰਟਰ ਅਤੇ ਜਾਇਦਾਦ ਦੇ ਮਾਲਕ ਦਾ ਨਾਂਅ | ਚੱਲ ਜਾਇਦਾਦ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| ਕਰਜ਼ਦਾਰ : ਸ੍ਰੀ ਰਵਿੰਦਰ ਸਿੰਘ ਪੁੱਤਰ ਸ੍ਰੀ ਜਗੀਰ ਸਿੰਘ | ਸ੍ਰੀ ਰਵਿੰਦਰ ਸਿੰਘ ਪੁੱਤਰ ਸ੍ਰੀ ਜਗੀਰ ਸਿੰਘ ਦੇ ਨਾਂਅ 'ਤੇ ਰਜਿਸਟਰਡ ਗੱਡੀ ਨੰ. ਪੀ ਬੀ 10 ਐੱਫ ਬੀ 0093, ਮਾਡਲ ਨੰ. ਐਨਡੈਵਰ 3.2.1, ਟਿਟੇਨੀਅਮ ਏ ਡਬਲਯੂ ਡੀ, ਇੰਜਣ ਨੰ. ਐੱਚ ਆਰ 69562, ਚੈਸੀ ਨੰ. ਐੱਮ ਏ ਜੇ ਏ ਐੱਕਸ ਐੱਕਸ ਐੱਮ ਆਰ ਡਬਲਯੂ ਏ ਐੱਚ ਆਰ 69562, ਮੈਨੂੰਫੈਕਚਰਿੰਗ ਫੋਰਡ ਇੰਡੀਆ ਪ੍ਰਾਈਵੇਟ ਲਿਮਟਿਡ ਦੀ ਹਾਈਪੋਥੀਕੇਸ਼ਨ। | 04.01.2024 | 04.04.2024 | 04.01.2024 ਤੋਂ ਰੁ. 9,10,869/- ਜਮ੍ਹਾਂ 04.01.2024 ਤੋਂ ਭਵਿੱਖੀ ਵਿਆਜ ਅਤੇ ਅਚਨਚੇਤੀ ਚਾਰਜਿਜ਼। |

ਮਿਤੀ : 04.04.2024 ਸਥਾਨ : ਲੁਧਿਆਣਾ ਅਧਿਕਾਰਤ ਅਫਸਰ



### ਉੱਤਰ ਰੇਲਵੇ

ਆਜ਼ਾਦੀ ਕਾ ਅੰਮ੍ਰਿਤ ਮਹੋਤਸਵ

**ਈ-ਨਿਵਿਦਾ ਸੂਚਨਾ**

ਨਿਵਿਦਾ ਸੂਚਨਾ ਪੱਤਰ ਨੰ. 01 & 02-2024-25-Sr. DENC-FZR ਤਾਰੀਕ 02.04.2024

ਸੀਨੀਅਰ ਮੰਡਲ ਇੰਜੀਨੀਅਰ-ਤਾਲਮੇਲ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਟੈਂਡਰ ਬੋਲੀ ਅੰਤਮ ਮਿਤੀ 25.04.2024 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ www.ireps.gov.in ਪੋਰਟਲ ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ, ਤੇ ਕਰੈਡਿਟ ਕਾਰਡ ਆਦਿ ਨਾਲ ਭੁਗਤਾਨ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜ਼ਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 02.04.2024 | 11.04.2024 | 25.04.2024 / 15:00 ਵਜੇ |

| ਲ. ਨੰ. | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ | | |
|---|---|---|---|---|
| 1. | 01-2024-25-SrDENC-FZR | ਸਹਾਇਕ ਮੰਡਲ ਇੰਜੀਨੀਅਰ/ਜੰਮੂ ਦੇ ਤਹਿਤ ਪਠਾਨਕੋਟ-ਜੰਮੂ ਸੈਕਸ਼ਨ ਵਿਚ ਕਠੂਆ ਵਿਚ ਸਬ-ਡਿਪੋ-I ਅਤੇ II ਵਿਚ ਖਦਾਨ ਸਾਈਡਿੰਗ ਵਿਚ 45,000 ਕਯੂਬਿਕ ਮੀਟਰ 65 ਐਮ ਐਮ ਗੇਜ ਸਟੋਨ ਗਿਟੀ (ਮਸ਼ੀਨ ਦੇ ਦੁਆਰਾ ਤੋੜੀ ਗਈ) ਦਾ ਨਿਰਮਾਣ ਅਤੇ ਸਪਲਾਈ ਅਤੇ ਰੇਲਵੇ ਵੈਗਨਾਂ ਵਿਚ ਲੋਡਿੰਗ। | | |

| ਵਿਗਿਆਪਨ ਮੂਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੀਡਿਟੀ | ਸਮਾਪਤੀ ਦਾ ਸਮਾਂ |
|---|---|---|---|
| 2,66,47,200.00/- | 2,83,200.00/- | 60 ਦਿਨ | 06 ਮਹੀਨੇ |

ਸਮਾਨ ਨੇਚਰ ਦਾ ਕੰਮ- "ਰੇਲਵੇ ਰਾਜਮਾਰਗ/ਸੜਕਾਂ ਦੇ ਲਈ ਮਸ਼ੀਨ ਕ੍ਰਸ਼ਡ ਸਟੋਨ ਗਿਟੀ ਦੀ ਸਪਲਾਈ"।

| ਲ. ਨੰ. | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ |
|---|---|---|
| 2. | 02-2024-25-SrDENC-FZR | ਸਹਾਇਕ ਮੰਡਲ ਇੰਜੀਨੀਅਰ/ਜੰਮੂ ਦੇ ਤਹਿਤ ਪਠਾਨਕੋਟ-ਜੰਮੂ ਸੈਕਸ਼ਨ ਵਿਚ ਹੀਰਾਨਗਰ ਵਿਚ ਸਬ-ਡਿਪੋ-I ਵਿਚ ਖਦਾਨ ਸਾਈਡਿੰਗ ਵਿਚ 45,000 ਕਯੂਬਿਕ ਮੀਟਰ 65 ਐਮ ਐਮ ਗੇਜ ਸਟੋਨ ਗਿਟੀ (ਮਸ਼ੀਨ ਦੇ ਦੁਆਰਾ ਤੋੜੀ ਗਈ) ਦਾ ਨਿਰਮਾਣ ਅਤੇ ਸਪਲਾਈ ਅਤੇ ਰੇਲਵੇ ਵੈਗਨਾਂ ਵਿਚ ਲੋਡਿੰਗ। |

| ਵਿਗਿਆਪਨ ਮੂਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੀਡਿਟੀ | ਸਮਾਪਤੀ ਦਾ ਸਮਾਂ |
|---|---|---|---|
| 2,66,47,200.00/- | 2,83,200.00/- | 60 ਦਿਨ | 09 ਮਹੀਨੇ |

ਸਮਾਨ ਨੇਚਰ ਦਾ ਕੰਮ- "ਰੇਲਵੇ ਰਾਜਮਾਰਗ/ਸੜਕਾਂ ਦੇ ਲਈ ਮਸ਼ੀਨ ਕ੍ਰਸ਼ਡ ਸਟੋਨ ਗਿਟੀ ਦੀ ਸਪਲਾਈ"।

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਵੇਗੀ।

993/24

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



### ਉੱਤਰ ਰੇਲਵੇ

ਆਜ਼ਾਦੀ ਕਾ ਅੰਮ੍ਰਿਤ ਮਹੋਤਸਵ

**ਖੁਲੀ ਟੈਂਡਰ ਸੂਚਨਾ**

ਸੀ. ਮੰਡਲ ਵਿਦੁਤ ਇੰਜੀਨੀਅਰ/ਟੀ.ਆਰ.ਡੀ., ਉ. ਰੇ., ਫ਼ਿਰੋਜ਼ਪੁਰ ਦੇ ਲਈ ਅਤੇ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਈ-ਟੈਂਡਰ ਆਖਰੀ ਮਿਤੀ 29.04.2024 ਨੂੰ 15:00 ਵਜੇ ਤਕ ਮੰਗ ਕੀਤੀ ਜਾਂਦੀ ਹੈ। ਟੈਂਡਰਕਾਰਕ ਅਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ 29.04.2024 ਨੂੰ 15:00 ਵਜੇ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹੈ।

**ਟੈਂਡਰ ਨੰਬਰ : 601-ਟੀ.ਆਰ.ਡੀ.-ਫ਼ਿਰੋਜ਼ਪੁਰ-2024-25**
ਕੰਮਾਂ ਦਾ ਵੇਰਵਾ : ਫ਼ਿਰੋਜ਼ਪੁਰ ਡਵੀਜਨ ਉਤੇ ADEE/TRD/ASR ਦੇ ਅਧਿਕਾਰ ਖੇਤਰ ਵਿਚ ਤਰਨਤਾਰਨ, ਅੰਮ੍ਰਿਤਸਰ ਅਤੇ ਗੁਰਦਾਸਪੁਰ ਟੀਆਰਡੀ ਡਿਪੋ ਦੀ ਪੀਐਸਆਈ ਅਤੇ ਓਐਚਈ ਸੰਪਤੀਆਂ ਦੇ ਲਈ ਰੱਖ-ਰੱਖਾਵ ਗਤੀਵਿਧੀਆਂ ਦੀ ਦੋ ਸਾਲ ਦੇ ਸਮੇਂ ਦੇ ਲਈ ਆਊਟਸੋਰਸਿੰਗ
ਅਨਮਾਨਿਤ ਲਾਗਤ (ਰੁ:) : 2,99,45,433.29
ਟੈਂਡਰ ਦੀ ਕੀਮਤ (ਰੁ:) : ਸਿਫ਼ਰ
ਟੈਂਡਰ ਦੀ ਪੂਰਾ ਕਰਨ ਦੀ ਮਿਤੀ ਤੇ ਸਮਾਂ : 29.04.2024, 15:00 ਵਜੇ ਤਕ
ਬਿਆਨਾ ਰਾਸ਼ੀ # (ਰੁ:) : 1,66,200/-
ਕੰਮ ਦਾ ਸਮਾਂ : 24 ਮਹੀਨੇ
ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ : 29.04.2024, 15:00 ਵਜੇ ਦੇ ਬਾਦ
ਵੇਬਸਾਈਟ : www.ireps.gov.in

**ਟੈਂਡਰ ਨੰਬਰ : 602-ਟੀ.ਆਰ.ਡੀ.-ਫ਼ਿਰੋਜ਼ਪੁਰ-2024-25**
ਕੰਮਾਂ ਦਾ ਵੇਰਵਾ : ਫ਼ਿਰੋਜ਼ਪੁਰ ਡਵੀਜਨ ਉਤੇ ADEE/TRD/JAT ਦੇ ਅਧਿਕਾਰ ਖੇਤਰ ਵਿਚ ਪਠਾਨਕੋਟ ਕੈਂਟ, ਸਾਂਬਾ ਅਤੇ ਉਧਮਪੁਰ ਟੀਆਰਡੀ ਡਿਪੋ ਦੀ ਪੀਐਸਆਈ ਅਤੇ ਓਐਚਈ ਸੰਪਤੀਆਂ ਦੇ ਲਈ ਰੱਖ-ਰੱਖਾਵ ਗਤੀਵਿਧੀਆਂ ਦੀ ਦੋ ਸਾਲ ਦੇ ਸਮੇਂ ਦੇ ਲਈ ਆਊਟਸੋਰਸਿੰਗ
ਅਨਮਾਨਿਤ ਲਾਗਤ (ਰੁ:) : 2,75,88,032.10
ਟੈਂਡਰ ਦੀ ਕੀਮਤ (ਰੁ:) : ਸਿਫ਼ਰ
ਟੈਂਡਰ ਦੀ ਪੂਰਾ ਕਰਨ ਦੀ ਮਿਤੀ ਤੇ ਸਮਾਂ : 29.04.2024, 15:00 ਵਜੇ ਤਕ
ਬਿਆਨਾ ਰਾਸ਼ੀ # (ਰੁ:) : 2,31,700/-
ਕੰਮ ਦਾ ਸਮਾਂ : 24 ਮਹੀਨੇ
ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ : 29.04.2024, 15:00 ਵਜੇ ਦੇ ਬਾਦ
ਵੇਬਸਾਈਟ : www.ireps.gov.in

**ਟੈਂਡਰ ਨੰਬਰ : 603-ਟੀ.ਆਰ.ਡੀ.-ਫ਼ਿਰੋਜ਼ਪੁਰ-2024-25**
ਕੰਮਾਂ ਦਾ ਵੇਰਵਾ : ਫ਼ਿਰੋਜ਼ਪੁਰ ਡਵੀਜਨ ਉਤੇ ADEE/TRD/JUC ਦੇ ਅਧਿਕਾਰ ਖੇਤਰ ਵਿਚ ਲੁਧਿਆਣਾ, ਜਲੰਧਰ ਕੈਂਟ, ਦਸੂਆ, ਲੋਹਿਆਂ ਖਾਸ, ਮੋਗਾ ਅਤੇ ਨਵਾਂਸ਼ਹਿਰ ਟੀਆਰਡੀ ਡਿਪੋ ਦੀ ਪੀਐਸਆਈ ਅਤੇ ਓਐਚਈ ਸੰਪਤੀਆਂ ਦੇ ਲਈ ਰੱਖ-ਰੱਖਾਵ ਗਤੀਵਿਧੀਆਂ ਦੀ ਦੋ ਸਾਲ ਦੇ ਸਮੇਂ ਦੇ ਲਈ ਆਊਟਸੋਰਸਿੰਗ
ਅਨਮਾਨਿਤ ਲਾਗਤ (ਰੁ:) : 3,75,39,246.37
ਟੈਂਡਰ ਦੀ ਕੀਮਤ (ਰੁ:) : ਸਿਫ਼ਰ
ਟੈਂਡਰ ਦੀ ਪੂਰਾ ਕਰਨ ਦੀ ਮਿਤੀ ਤੇ ਸਮਾਂ : 29.04.2024, 15:00 ਵਜੇ ਤਕ
ਬਿਆਨਾ ਰਾਸ਼ੀ # (ਰੁ:) : 2,31,700/-
ਕੰਮ ਦਾ ਸਮਾਂ : 24 ਮਹੀਨੇ
ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ : 29.04.2024, 15:00 ਵਜੇ ਦੇ ਬਾਦ
ਵੇਬਸਾਈਟ : www.ireps.gov.in

ਨੋਟ : # ਟੈਂਡਰਕਰਤਾ ਕ੍ਰਿਪਾ ਧਿਆਨ ਦੇਣ ਕਿ ਬੋਲੀ ਸੁਰੱਖਿਆ ਦੇ ਬਗੈਰ ਪ੍ਰਾਪਤ ਪ੍ਰਸਤਾਵ ਜਾਂ ਤਾਂ ਈ-ਪੇਮੈਂਟ ਗੇਟਵੇ ਦੇ ਦੁਵਾਰਾ ਤੋਂ ਨਕਦ ਵਿਚ ਜਾਂ ਭਾਰਤ ਦੇ ਕਿਸੀ ਅਨੁਸੂਚਿਤ ਵਾਣਿਜਿਕ ਬੈਂਕ ਤੋਂ ਬੈਂਕ ਗਰੰਟੀ ਬਾਂਡ ਦੇ ਰੂਪ ਵਿਚ ਜਾਂ ਟੈਂਡਰ ਦਸਤਾਵੇਜ਼ਾਂ ਵਿਚ ਉਲੇਖਿਤ (ਅਨੁਲਗਨਕ-21 ਦੇ ਅਨੁਸਾਰ) ਇਕ ਸਮੇਂ ਦੇ ਲਈ ਵੈਧ ਹੈ। ਬੋਲੀ ਦੀ ਵੈਧਤਾ ਸਮੇਂ ਦੇ ਬਾਦ 90 ਦਿਨਾਂ ਦੇ ਲਈ ਅਪੂਰਣ ਅਤੇ ਅਮਾਨਯ ਪ੍ਰਸਤਾਵ ਦੇ ਰੂਪ ਵਿਚ ਮੰਨਿਆ ਜਾਵੇਗਾ ਅਤੇ ਜਿਸਦੇ ਲਈ ਠੇਕੇਦਾਰ ਦਾ ਰੇਲਵੇ ਉਤੇ ਕੋਈ ਦਾਵਾ ਨਹੀਂ ਹੋਵੇਗਾ।

ਨੰ:- 601, 602 & 603-ਟੀ.ਆਰ.ਡੀ.-ਫ਼ਿਰੋਜ਼ਪੁਰ-2024-25 ਮਿਤੀ: 04.04.2024 995/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**
ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਲੜਕੀਆਂ ਨੂੰ ਫ਼ੌਜ 'ਚ ਕਮਿਸ਼ਨਡ ਅਫ਼ਸਰ ਵਜੋਂ ਕੈਰੀਅਰ ਸ਼ੁਰੂ ਕਰਨ ਦਾ ਸੁਨਹਿਰੀ ਮੌਕਾ : ਡਿਪਟੀ ਕਮਿਸ਼ਨਰ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ)**-ਫ਼ੌਜ ਵਿਚ ਕਮਿਸ਼ਨਡ ਅਫਸਰ ਵਜੋਂ ਕੈਰੀਅਰ ਸ਼ੁਰੂ ਕਰਨ ਦੀਆਂ ਚਾਹਵਾਨ ਲੜਕੀਆਂ ਲਈ ਮਾਈ ਭਾਗੋ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਫਾਰ ਗਰਲਜ਼, ਮੁਹਾਲੀ ਵਿਖੇ ਸਿਖਲਾਈ ਹਾਸਲ ਕਰਨ ਦਾ ਸੁਨਹਿਰੀ ਮੌਕਾ ਪ੍ਰਦਾਨ ਕੀਤਾ ਜਾ ਰਿਹਾ ਹੈ।ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਦੱਸਿਆ ਕਿ ਮਾਈ ਭਾਗੋ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਫਾਰ ਗਰਲਜ਼ (ਐਮ. ਬੀ. ਏ. ਐਫ. ਪੀ. ਆਈ), ਮੁਹਾਲੀ ਵੱਲੋਂ ਦਸਵੇਂ ਬੈਚ ਲਈ ਦਾਖ਼ਲਾ ਪ੍ਰੀਖਿਆ 28 ਅਪ੍ਰੈਲ 2024 ਨੂੰ ਲਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਐਮ. ਬੀ. ਏ. ਐਫ. ਪੀ. ਆਈ ਸੰਸਥਾ ਵਿਚ ਆਮ ਜਾਣਕਾਰੀ, ਕਮਿਊਨੀਕੇਸ਼ਨ ਸਕਿੱਲਜ਼, ਵਿਅਕਤੀਤਵ ਵਿਕਾਸ ਤੇ ਆਤਮ-ਵਿਸ਼ਵਾਸ ਸਿਰਜਣਾ, ਐਨ.ਸੀ.ਸੀ ਸਿਖਲਾਈ, ਸਰੀਰਕ ਸਿੱਖਿਆ ਅਤੇ ਅੰਦਰੂਨੀ ਤੇ ਬਾਹਰੀ ਖੇਡ ਗਤੀਵਿਧੀਆਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ। ਵਿਦਿਆਰਥਣਾਂ ਨੂੰ ਪੇਸ਼ੇਵਰਾਂ ਵਲੋਂ ਐਸ.ਐਸ.ਬੀ



ਅਤੇ ਹਥਿਆਰਬੰਦ ਬਲਾਂ ਵਿਚ ਜਾਣ ਲਈ ਦਾਖ਼ਲਾ ਪ੍ਰੀਖਿਆ ਦੀ ਸਿਖਲਾਈ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਥੋਂ ਸਿਖਲਾਈ ਪ੍ਰਾਪਤ ਕਰਨ ਵਾਲੀਆਂ ਲੜਕੀਆਂ ਨੂੰ ਐਮ.ਸੀ.ਐਮ. ਡੀ.ਏ.ਵੀ ਕਾਲਜ ਚੰਡੀਗੜ੍ਹ ਤੋਂ 3 ਸਾਲ ਦੀ ਗ੍ਰੈਜੂਏਸ਼ਨ ਡਿਗਰੀ ਵੀ ਕਰਵਾਈ ਜਾਂਦੀ ਹੈ। ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਬਿਨੈਕਾਰਾਂ ਲਈ ਮੁੱਢਲੀ ਯੋਗਤਾ ਵਿਚ ਪੰਜਾਬ ਦਾ ਵਸਨੀਕ ਹੋਣਾ ਅਤੇ ਬਾਰ੍ਹਵੀਂ ਦੀ ਪ੍ਰੀਖਿਆ ਅਪੀਅਰ/ਪਾਸ ਕੀਤੇ ਹੋਣਾ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਚਾਹਵਾਨ ਉਮੀਦਵਾਰ ਦਾਖ਼ਲਾ ਪ੍ਰੀਖਿਆ ਲਈ ਮਾਈ ਭਾਗੋ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਫਾਰ ਗਰਲਜ਼ ਦੇ ਆਨਲਾਈਨ ਪੋਰਟਲ www.mbafpigirls.in 'ਤੇ ਕਲਿੱਕ ਕਰਕੇ ਵਧੇਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਇਸ ਸਿਖਲਾਈ ਦੌਰਾਨ ਟ੍ਰੇਨਿੰਗ, ਖਾਣਾ, ਵਰਦੀ ਆਦਿ ਮੁਫ਼ਤ ਮੁਹੱਈਆ ਕਰਵਾਈ ਜਾਂਦੀ ਹੈ।

# ਡਾ. ਅੰਬੇਡਕਰ ਦਾ ਜਨਮ ਦਿਹਾੜਾ 11 ਨੂੰ ਮਨਾਇਆ ਜਾਵੇਗਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਸੰਵਿਧਾਨ ਨਿਰਮਾਤਾ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਸਾਹਿਬ ਦਾ ਜਨਮ ਦਿਹਾੜਾ 11 ਅਪ੍ਰੈਲ ਦਿਨ ਵੀਰਵਾਰ ਨੂੰ ਸ਼੍ਰੀ ਗੁਰੂ ਰਵਿਦਾਸ ਭਵਨ ਦਸੂਹਾ ਵਿਖੇ ਮਨਾਇਆ ਜਾਵੇਗਾ। ਡਾ. ਬੀ. ਆਰ. ਅੰਬੇਡਕਰ ਸੋਸ਼ਲ ਅਵੇਅਰਨੈੱਸ ਅਤੇ ਐਜੂਕੇਸ਼ਨ ਮਿਸ਼ਨ ਪੰਜਾਬ ਦੇ ਕਨਵੀਨਰ ਇੰਦਰ ਸੁਖਦੀਪ ਸਿੰਘ ਓਢਰਾ, ਮਨਜੀਤ ਸਿੰਘ ਦਸੂਹਾ, ਅਜੇ ਨਈਅਰ, ਹਰਜਿੰਦਰ ਸਿੰਘ ਸੋਨੂੰ, ਸੰਦੀਪ ਸਿੰਘ ਕੁਲਾਰ, ਮਨਜੀਤ ਸਿੰਘ ਮੋਰੀਆਂ, ਸਾਬਕਾ ਸਰਪੰਚ ਕੁਲਵੀਰ ਸਿੰਘ ਪੱਸੀ-ਕੰਢੀ, ਮੱਖਣ ਸਿੰਘ ਜਲੋਟਾ, ਕੁਲਵੰਤ ਸਿੰਘ ਜਲੋਟਾ ਅਤੇ ਪ੍ਰਵੀਨ ਮਾਂਗਟ ਆਦਿ ਆਗੂਆਂ ਨੇ ਦੱਸਿਆ 11 ਅਪ੍ਰੈਲ ਨੂੰ ਸ਼੍ਰੀ ਗੁਰੂ ਰਵਿਦਾਸ ਭਵਨ ਦਸੂਹਾ ਵਿਖੇ ਡਾ. ਅੰਬੇਡਕਰ ਸਾਹਿਬ ਦਾ ਜਨਮ ਦਿਹਾੜਾ ਮਨਾਉਂਦਿਆਂ ਸਵੇਰੇ 9 ਵਜੇ ਤੋਂ ਬਾਅਦ ਦੁਪਹਿਰ 12 ਵਜੇ ਤੱਕ ਦਸਵਾਂ ਸਮਾਜਿਕ ਜਾਗਰੂਕਤਾ ਸੈਮੀਨਾਰ ਅਤੇ ਕ੍ਰਾਂਤੀਕਾਰੀ ਨਾਟਕ ਮੇਲਾ ਕਰਵਾਇਆ ਜਾਵੇਗਾ ਜਿਸ ਵਿੱਚ ਪੰਜਾਬ ਪ੍ਰਸਿੱਧ ਮਾਨਵਤਾ ਕਲਾ ਮੰਚ ਪਿੰਡ ਨੱਗਰ ਜ਼ਿਲ੍ਹਾ ਜਲੰਧਰ ਦੇ ਕਲਾਕਾਰਾਂ ਵਲੋਂ ਦਾ.ਅੰਬੇਡਕਰ ਸਾਹਿਬ ਦੇ ਜੀਵਨ, ਮਿਸ਼ਨ ਅਤੇ ਉਨ੍ਹਾਂ ਦੁਆਰਾ ਸਮੁੱਚੀ ਲੋਕਾਈ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਕੀਤੇ ਯਤਨਾਂ ਨੂੰ ਦਰਸਾਉਂਦੇ ਕ੍ਰਾਂਤੀਕਾਰੀ ਨਾਟਕ ਪੇਸ਼ ਕੀਤੇ ਜਾਣਗੇ। ਇਸ ਮੌਕੇ ਅੰਬੇਡਕਰੀ ਅਤੇ ਮਾਰਕਸਵਾਦੀ ਵਿਚਾਰਧਾਰਾ ਦੇ ਸਾਹਿਤ ਅਤੇ ਪੁਸਤਕਾਂ ਦੇ ਸਟਾਲ ਵੀ ਲੱਗਣਗੇ ਅਤੇ ਵਿਦਿਆਰਥੀਆਂ ਨੂੰ ਸਟੇਸ਼ਨਰੀ ਵੀ ਵੰਡੀ ਜਾਵੇਗੀ।

# ਭ੍ਰਿਸ਼ਟਾਚਾਰ ਦੇ ਰਿਕਾਰਡ ਕਾਇਮ ਕਰਨ ਵਾਲੀ ਮੋਦੀ ਸਰਕਾਰ ਦਾ ਬੋਰੀਆ-ਬਿਸਤਰਾ ਗੋਲ ਕਰੋ : ਪਾਸਲਾ

**ਜਲੰਧਰ** : "ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐਮ ਪੀ.ਆਈ.) ਕਾਰਪੋਰੇਟ ਪੱਖੀ, ਫਿਰਕੂ-ਫਾਸ਼ੀ ਮੋਦੀ ਸਰਕਾਰ ਅਤੇ ਆਰ.ਐਸ.ਐਸ. ਦੇ ਭ੍ਰਿਸ਼ਟ ਕਾਰਨਾਮਿਆਂ ਅਤੇ ਲੋਕ ਵਿਰੋਧੀ ਕਾਰਵਾਈਆਂ ਨੂੰ ਬੇਪਰਦ ਕਰਨ ਲਈ ਵਿਸ਼ਾਲ ਲੋਕ ਲਾਮਬੰਦੀ ਮੁਹਿੰਮ ਅਰੰਭੇਗੀ। ਇਸ ਮੁਹਿੰਮ ਦੌਰਾਨ ਲੋਕਾਂ ਨੂੰ ਸੱਦਾ ਦਿੱਤਾ ਜਾਵੇਗਾ ਕਿ ਉਹ 2024 ਦੀਆਂ ਲੋਕ ਸਭਾ ਚੋਣਾਂ 'ਚ, ਆਜ਼ਾਦ ਭਾਰਤ ਦਾ ਸਭ ਤੋਂ ਵੱਡਾ, 'ਚੋਣ ਬਾਂਡ ਘਪਲਾ' ਉਜਾਗਰ ਹੋਣ ਪਿੱਛੋਂ, ਭ੍ਰਿਸ਼ਟਾਚਾਰ ਦੀ ਗੰਗੋਤਰੀ ਸਿੱਧ ਹੋ ਚੁੱਕੀ ਮੋਦੀ-ਸ਼ਾਹ ਸਰਕਾਰ ਅਤੇ ਇਸ ਦੇ ਲੁਕਵੇਂ ਤੇ ਜ਼ਾਹਿਰਾ ਸਹਿਯੋਗੀਆਂ ਨੂੰ ਸੱਤਾ ਤੋਂ ਬੇਦਖ਼ਲ ਕਰਨ ਲਈ ਮਤਦਾਨ ਕਰਨ।" ਉਕਤ ਐਲਾਨ ਸਾਥੀ ਰਤਨ ਸਿੰਘ ਰੰਧਾਵਾ ਦੀ ਪ੍ਰਧਾਨਗੀ ਹੇਠ ਹੋਈ ਪਾਰਟੀ ਦੀ ਪੰਜਾਬ ਰਾਜ ਕਮੇਟੀ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੌਮੀ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਨੇ ਕੀਤਾ। ਪਾਸਲਾ ਨੇ ਕਿਹਾ ਕਿ ਪਾਰਟੀ, ਮੋਦੀ-ਸ਼ਾਹ ਸਰਕਾਰ ਦੀਆਂ ਦਸਾਂ ਸਾਲਾਂ ਦੀਆਂ ਘੋਰ ਨਾਕਾਮੀਆਂ ਦੀ ਪਰਦਾਪੋਸ਼ੀ ਕਰਨ ਲਈ ਗੋਦੀ ਮੀਡੀਆ, ਸੰਘ-ਭਾਜਪਾ ਦੇ ਆਈ.ਟੀ. ਸੈਲ ਅਤੇ ਸੰਘੀ ਸੰਗਠਨਾਂ ਦੇ ਝੂਠ ਫੈਲਾਉਣ ਦੇ ਮਾਹਿਰ ਕਾਰਕੁੰਨਾਂ ਵਲੋਂ ਕੀਤੇ ਜਾ ਰਹੇ ਸਰਕਾਰ ਦੀਆਂ ਫਰਜ਼ੀ ਪ੍ਰਾਪਤੀਆਂ ਦੇ ਗੁੰਮਰਾਹਕੁੰਨ ਦਾਅਵਿਆਂ ਦਾ ਕੱਚ-ਸੱਚ ਲੋਕਾਂ ਸਾਹਵੇਂ ਤੱਥਾਂ ਸਹਿਤ ਨੰਗਾ ਕਰਦੀ ਹੋਈ ਸੰਘ ਪਰਵਾਰ ਦੇ ਫਿਰਕੂ ਵੰਡ ਤਿੱਖੀ ਕਰਨ ਦੇ ਕੋਝੇ ਮਨਸੂਬਿਆਂ ਤੋਂ ਵੀ ਲੋਕਾਈ ਨੂੰ ਸੁਚੇਤ ਕਰੇਗੀ। ਉਨ੍ਹਾਂ ਕਿਹਾ ਕਿ ਇਹ ਹੈਰਾਨੀ ਦੀ ਗੱਲ ਹੈ ਕਿ ਈਡੀ, ਸੀਬੀਆਈ ਤੇ ਇਨਕਮ ਟੈਕਸ ਵਿਭਾਗ ਰਾਹੀਂ ਡਰਾ-ਧਮਕਾ ਕੇ ਅਤੇ ਤਰ੍ਹਾਂ-ਤਰ੍ਹਾਂ ਦੇ ਲੋਭ-ਲਾਲਚ ਦੇ ਕੇ ਭ੍ਰਿਸ਼ਟ ਸਿਆਸਤਦਾਨਾਂ ਨੂੰ ਭਾਜਪਾ 'ਚ ਸ਼ਾਮਲ ਕਰਵਾਉਣ ਵਾਲੀ ਮੋਦੀ ਸਰਕਾਰ ਕੁਰੱਪਸ਼ਨ ਖਤਮ ਕਰਨ ਦੇ ਦਾਅਵੇ ਕਰਕੇ ਵੋਟਰਾਂ ਨੂੰ ਭੁਚਲਾਉਣਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਇਹ ਡਾਢੇ ਦੁੱਖ ਅਤੇ ਰੋਸ ਦਾ ਵਿਸ਼ਾ ਹੈ ਕਿ ਭਾਰਤ ਦਾ ਚੋਣ ਕਮਿਸ਼ਨ, ਭਾਜਪਾ ਆਗੂਆਂ, ਖਾਸ ਕਰਕੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਵਲੋਂ ਵਿਰੋਧੀਆਂ ਪ੍ਰਤੀ ਵਰਤੀ ਜਾ ਰਹੀ ਨੀਵੇਂ ਪੱਧਰ ਦੀ ਬਿਆਨਬਾਜ਼ੀ, ਲੋਕ ਲੁਭਾਊ ਲਾਰਿਆਂ, ਚੋਣ ਪ੍ਰਚਾਰ 'ਤੇ ਕੀਤੇ ਜਾ



ਰਹੇ ਬੇਤਹਾਸ਼ਾ ਖਰਚ, ਧਰਮ ਅਤੇ ਧਾਰਮਿਕ ਚਿੰਨ੍ਹਾਂ ਦੇ ਇਸਤੇਮਾਲ ਅਤੇ ਸੰਘ-ਭਾਜਪਾ ਦੇ ਫਿਰਕੂ-ਵੰਡਵਾਦੀ ਹੱਥਕੰਡਿਆਂ ਖਿਲਾਫ਼ ਸਖ਼ਤ ਕਦਮ ਚੁੱਕਣ ਦੀ ਬਜਾਇ ਵਿਰੋਧੀ ਧਿਰਾਂ ਦੇ ਆਗੂਆਂ ਦੀ ਜ਼ੁਬਾਨਬੰਦੀ ਕਰਨ ਲੱਗਾ ਹੋਇਆ ਹੈ। ਸਾਥੀ ਪਾਸਲਾ ਨੇ ਕਿਹਾ ਕਿ ਭਾਜਪਾ ਦੇ ਉਮੀਦਵਾਰਾਂ ਵਲੋਂ ਚਾਰ ਸੌ ਸੀਟਾਂ ਜਿੱਤ ਕੇ ਸੰਵਿਧਾਨ ਬਦਲਣ ਦੇ ਕੀਤੇ ਜਾ ਰਹੇ ਦਾਅਵਿਆਂ ਤੋਂ ਦੇਸ਼ ਵਾਸੀਆਂ, ਵਿਸ਼ੇਸ਼ ਕਰਕੇ ਲੋਕ ਰਾਜੀ ਪ੍ਰਬੰਧ ਨੂੰ ਪਿਆਰ ਕਰਨ ਵਾਲੇ ਚੇਤੰਨ ਨਾਗਰਿਕਾਂ ਦੇ ਮਨ 'ਚ ਸੰਘ-ਭਾਜਪਾ ਦੇ ਮੰਨੂ ਸਿਮਰਤੀ ਦੇ ਚੌਖਟੇ ਵਾਲੀ ਧਰਮ ਅਧਾਰਤ ਤਾਨਾਸ਼ਾਹ ਵਿਵਸਥਾ ਕਾਇਮ ਕਰਨ ਦੇ ਘਾਤਕ ਮਨਸੂਬਿਆਂ ਬਾਰੇ ਕੋਈ ਭੁਲੇਖਾ ਨਹੀਂ ਰਹਿਣਾ ਚਾਹੀਦਾ। ਉਨ੍ਹਾਂ ਕਿਹਾ ਕਿ ਆਰ.ਐਮਪੀ.ਆਈ. ਭਾਜਪਾ ਦੀ ਹਾਰ ਯਕੀਨੀ ਬਣਾਉਣ ਲਈ ਦੇਸ਼ ਪੱਧਰ 'ਤੇ 'ਇੰਡੀਆ' ਗੱਠਜੋੜ ਦੇ ਉਮੀਦਵਾਰਾਂ ਦੀ ਹਿਮਾਇਤ ਕਰੇਗੀ। ਰਾਜ ਕਮੇਟੀ ਦੇ ਸਕੱਤਰ ਕਾਮਰੇਡ ਪਰਗਟ ਸਿੰਘ ਜਾਮਾਰਾਏ ਨੇ ਜਾਣਕਾਰੀ ਦਿੱਤੀ ਹੈ ਕਿ ਮੀਟਿੰਗ ਨੇ ਪੰਜਾਬ 'ਚ 'ਇੰਡੀਆ' ਦੇ ਭਾਈਵਾਲਾਂ, ਕਾਂਗਰਸ ਅਤੇ 'ਆਪ' ਦਰਮਿਆਨ ਕੋਈ ਸਹਿਮਤੀ ਨਾ ਬਨਣ ਨੂੰ ਮੰਦਭਾਗਾ ਕਰਾਰ ਦਿੰਦਿਆਂ ਭਾਜਪਾ ਅਤੇ ਉਸ ਦੇ ਸਹਿਯੋਗੀਆਂ ਨੂੰ ਹਰਾਉਣ ਦੇ ਸਮਰੱਥ ਉਮੀਦਵਾਰਾਂ ਦੀ ਮਦਦ ਕਰਨ ਦਾ ਨਿਰਣਾ ਲਿਆ ਹੈ। ਉਪਰੋਕਤ ਕਾਰਜ ਦੀ ਸਫਲਤਾ ਲਈ ਤਹਿਸੀਲ ਪੱਧਰੀ ਜਨਰਲ ਬਾਡੀ ਮੀਟਿੰਗਾਂ ਕਰਨ ਅਤੇ ਪਿੰਡ-ਮੁਹੱਲਾ ਪੱਧਰ 'ਤੇ ਘਰ-ਘਰ ਜਾ ਕੇ ਪਾਰਟੀ ਦਾ ਸੁਨੇਹਾ ਦੇਣ ਦੀ ਠੋਸ ਯੋਜਨਾਬੰਦੀ ਕੀਤੀ ਗਈ ਹੈ। ਮੁਹਿੰਮ ਦੌਰਾਨ ਫਿਰਕੂ-ਫਾਸੀਵਾਦੀਆਂ ਦੀਆਂ ਖਤਰਨਾਕ ਸਾਜ਼ਿਸ਼ਾਂ ਅਤੇ ਬੇਰਹਿਮ ਕਰਤੂਤਾਂ ਤੋਂ ਲੋਕਾਈ ਨੂੰ ਜਾਣੂੰ ਕਰਾਉਂਦੇ ਸਾਹਿਤ ਦੀ ਵੱਡੇ ਪੱਧਰ 'ਤੇ ਵਿਕਰੀ ਕੀਤੀ ਜਾਵੇਗੀ। ਜਾਮਾਰਾਏ ਨੇ ਦੱਸਿਆ ਹੈ ਕਿ 14 ਅਪ੍ਰੈਲ ਨੂੰ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦੇ ਜਨਮ ਦਿਵਸ ਮੌਕੇ ਜਿਲ੍ਹਾ-ਤਹਿਸੀਲ ਪੱਧਰ 'ਤੇ ਭਰਵੇਂ ਇਕੱਠ ਕਰਕੇ "ਸੰਵਿਧਾਨ ਬਚਾਓ ਲੋਕ ਤੰਤਰ ਬਚਾਓ" ਦਾ ਹੋਕਾ ਦਿੱਤਾ ਦਿਵਸ," 21 ਅਪ੍ਰੈਲ ਨੂੰ ਗ਼ਦਰ ਪਾਰਟੀ ਦਾ ਸਥਾਪਨਾ ਦਿਵਸ ਦੇਸ਼ ਦੀ ਸੁਤੰਤਰਤਾ, ਪ੍ਰਭੂ ਸੰਪੰਨਤਾ ਅਤੇ ਭਾਈਚਾਰਕ ਸਾਂਝ ਦੀ ਰਾਖੀ ਲਈ ਜੂਝਣ ਦਾ ਅਹਿਦ ਲੈਣ ਦੇ ਦਿਹਾੜੇ ਵਜੋਂ ਮਨਾਇਆ ਜਾਵੇਗਾ। ਪਹਿਲੀ ਮਈ ਨੂੰ ਕੌਮਾਂਤਰੀ ਮਜਦੂਰ ਦਿਹਾੜੇ 'ਤੇ ਵਿਸ਼ਾਲ ਇਕੱਠਾਂ ਰਾਹੀਂ ਸਾਮਰਾਜੀ ਤੇ ਕਾਰਪੋਰੇਟੀ ਲੁੱਟ-ਖਸੁੱਟ ਤੇ ਦਾਬੇ ਦੇ ਖਾਤਮੇ ਦਾ ਯੁੱਧ ਪ੍ਰਚੰਡ ਕਰਨ ਦਾ ਸੰਕਲਪ ਲਿਆ ਜਾਵੇਗਾ। ਰਾਜ ਕਮੇਟੀ ਨੇ ਸੈਨਿਕ ਸਕੂਲਾਂ ਦਾ ਪ੍ਰਬੰਧ ਆਰ ਐਸ ਐਸ ਅਤੇ ਹਿੰਦੂਤਵੀ ਸੰਗਠਨਾਂ ਦੇ ਹੱਥੀਂ ਸੌਂਪਣ ਦੀਆਂ ਖਬਰਾਂ ਦਾ ਗੰਭੀਰ ਨੋਟਿਸ ਲੈਂਦਿਆਂ ਦੇਸ਼ ਵਾਸੀਆਂ ਨੂੰ ਸਰਕਾਰ ਦੇ ਇਸ ਕਦਮ ਤੋਂ ਨਿਕਲਣ ਵਾਲੇ ਖਤਰਨਾਕ ਸਿੱਟਿਆਂ ਤੋਂ ਸੁਚੇਤ ਹੋਣ ਅਤੇ ਅਜਿਹੇ ਨਿਰਣਿਆਂ ਦਾ ਡਟਵਾਂ ਵਿਰੋਧ ਕਰਨ ਦੀ ਅਪੀਲ ਕੀਤੀ ਹੈ।

# ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਦੇ ਨਵੇਂ ਮੈਨੇਜਰ ਨੇ ਚਾਰਜ ਸੰਭਾਲਿਆ

**ਸਰਾਏ ਅਮਾਨਤ ਖਾਂ (ਮੱਖਣ ਮਨੋਜ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਾਂ ਹੇਠ ਚੱਲ ਰਹੇ ਇਤਿਹਾਸਕ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਦੇ ਪਹਿਲੇ ਮੈਨੇਜਰ ਰਜਿੰਦਰ ਸਿੰਘ ਟੌਹੜਾ ਦਾ ਇੱਥੋਂ ਤਬਾਦਲਾ ਹੋਣ ਉਪਰੰਤ ਅੱਜ ਨਵੇਂ ਆਏ ਮੈਨੇਜਰ ਸਤਨਾਮ ਸਿੰਘ



ਝਬਾਲ ਨੇ ਆਪਣਾ ਚਾਰਜ ਸੰਭਾਲ ਲਿਆ। ਚਾਰਜ ਸੰਭਾਲਣ ਉਪਰੰਤ ਉਨ੍ਹਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਇੱਥੇ ਪਵਿੱਤਰ ਅਸਥਾਨ 'ਤੇ ਸੇਵਾ ਕਰਨ ਦਾ ਮੌਕਾ ਮਿਲਿਆ ਹੈ ਜੋ ਉਹ ਪੂਰੀ ਇਮਾਨਦਾਰੀ ਨਾਲ ਅਤੇ ਲਗਨ ਨਾਲ ਆਪਣੀ ਡਿਊਟੀ ਨਿਭਾਉਣਗੇ। ਇਸ ਮੌਕੇ ਉਨ੍ਹਾ ਨਾਲ ਸਾਬਕਾ ਮੀਤ ਸਕੱਤਰ ਪਰਮਜੀਤ ਸਿੰਘ ਮੁੰਡਾਪਿੰਡ, ਹੈਡ ਗ੍ਰੰਥੀ ਗਿਆਨੀ ਨਿਸ਼ਾਨ ਸਿੰਘ ਗੰਡੀਵਿੰਡ, ਸਾਬਕਾ ਮੈਨੇਜਰ ਰਜਿੰਦਰ ਸਿੰਘ ਟੌਹੜਾ, ਅਕਾਲੀ ਆਗੂ ਦਲਜੀਤ ਸਿੰਘ ਐਮਾ, ਰਵੇਲ ਸਿੰਘ ਜੌਹਲ, ਮੈਨੇਜਰ ਨਵਤੇਜ ਸਿੰਘ ਠੱਠਾ, ਸਾਬਕਾ ਸਰਪੰਚ ਜਸਬੀਰ ਸਿੰਘ ਸਵਰਗਾਪੁਰੀ, ਮੀਤ ਮੈਨੇਜਰ ਅਜੇ ਸਿੰਘ, ਸੁਰਿੰਦਰ ਸਿੰਘ ਚੂਸਲੇਵੜ, ਬਾਬਾ ਮਨੋਹਰ ਸਿੰਘ ਠੱਠਾ, ਜਸਪਾਲ ਸਿੰਘ ਨੌਸ਼ਹਿਰਾ ਢਾਲਾ, ਦਲਜੀਤ ਸਿੰਘ ਪੰਜਵੜ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕੇ ਦੇ ਪਤਵੰਤੇ ਹਾਜ਼ਰ ਸਨ।

# ਮਹਿਲਾ ਵੋਟਰਾਂ ਨੂੰ ਜਾਗਰੂਕ ਕਰਨ ਲਈ ਮਹਿੰਦੀ ਤੇ ਰੰਗੋਲੀ ਮੁਕਾਬਲੇ ਕਰਵਾਏ

**ਹੁਸ਼ਿਆਰਪੁਰ, (ਓਮ ਪ੍ਰਕਾਸ਼ ਰਾਣਾ )**-ਡਿਪਟੀ ਕਮਿਸ਼ਨਰ ਕੋਮਲ ਮਿੱਤਲ ਦੇ ਦਿਸ਼ਾ-ਨਿਰਦੇਸ਼ਾਂ ਅਤੇ ਉਪ ਮੰਡਲ ਮੈਜਿਸਟਰੇਟ ਮੁਕੇਰੀਆਂ ਅਸ਼ੋਕ ਕੁਮਾਰ ਦੀ ਅਗਵਾਈ ਹੇਠ ਕੁਮਾਰੀ ਮੰਜੂ ਬਾਲਾ ਬਾਲ ਵਿਕਾਸ ਪ੍ਰੋਜੈਕਟ ਅਫਸਰ ਮੁਕੇਰੀਆਂ ਵਲੋਂ ਸਵੀਪ ਗਤੀਵਿਧੀਆਂ ਅਧੀਨ ਪਿੰਡ ਡੁਗਰੀ ਰਾਜਪੂਤਾਂ ਵਿਖੇ ਮਹਿਲਾ ਵੋਟਰਾਂ ਅਤੇ ਖਾਸ ਕਰਕੇ 'ਫਸਟ ਟਾਇਮ ਵੋਟਰਜ਼' ਨੂੰ ਜਾਗਰੂਕ ਕਰਨ ਲਈ ਮਹਿੰਦੀ ਮੁਕਾਬਲੇ ਅਤੇ



ਰੰਗੋਲੀ ਮੁਕਾਬਲੇ ਕਰਵਾਏ ਗਏ। ਇਸ ਦੌਰਾਨ ਪਹਿਲੀ ਵਾਰ ਵੋਟਰ ਬਣੀਆਂ ਕਿਸ਼ੋਰ ਲੜਕੀਆਂ ਨੇ ਵੋਟਾਂ ਪਾਉਣ ਲਈ ਜਾਗਰੂਕ ਕਰਦਿਆਂ ਆਪਣੇ ਹੱਥਾਂ 'ਤੇ ਬਹੁਤ ਹੀ ਵਧੀਆ ਮਹਿੰਦੀ ਦੇ ਡਿਜ਼ਾਇਨ ਬਣਾਏ, ਜਿਨ੍ਹਾਂ ਨੂੰ ਦੇਖ ਕੇ ਪਤਾ ਲੱਗ ਰਿਹਾ ਸੀ ਕਿ ਬਲਾਕ ਮੁਕੇਰੀਆਂ ਵਿਚ ਔਰਤਾਂ ਨੂੰ 100 ਫੀਸਦੀ ਮਤਦਾਨ ਕਰਨ ਲਈ ਪ੍ਰੇਰਿਤ ਕਰਨ ਲਈ ਬੇਹੱਦ ਉਤਸ਼ਾਹ ਹੈ। ਆਂਗਣਵਾੜੀ ਵਰਕਰਾਂ ਵਲੋਂ ਵੱਖ-ਵੱਖ ਰੰਗੋਲੀ ਦੇ ਡਿਜ਼ਾਇਨ ਬਣਾ ਕੇ ਪਿੰਡ ਦੀਆਂ ਔਰਤਾਂ ਨੂੰ ਹਰ ਹਾਲਤ ਵਿੱਚ ਵੋਟ ਪਾਉਣ ਲਈ ਪ੍ਰੇਰਿਤ ਕੀਤਾ ਗਿਆ। ਸੁਪਰਵਾਈਜ਼ਰ ਸੀਮਾ ਦੇਵੀ ਅਤੇ ਸੁਪਰਵਾਈਜ਼ਰ ਰਵਿੰਦਰ ਕੌਰ ਵਲੋਂ ਕਿਸ਼ੋਰ ਲੜਕੀਆਂ ਅਤੇ ਔਰਤਾ ਨੂੰ ਦੱਸਿਆ ਗਿਆ ਕਿ ਕਿਸ ਤਰ੍ਹਾਂ ਅਸੀਂ ਆਪਣੀ ਵੋਟ ਦਾ ਸਹੀ ਇਸਤੇਮਾਲ ਕਰਕੇ ਲੋਕਤੰਤਰ ਨੂੰ ਮਜ਼ਬੂਤ ਕਰ ਸਕਦੇ ਹਾਂ ਅਤੇ ਆਪਣੀ ਆਵਾਜ਼ ਉੱਪਰ ਤੱਕ ਪਹੁੰਚਾ ਸਕਦੇ ਹਾਂ । ਉਨ੍ਹਾਂ ਨੇ ਲੋਕ ਸਭਾ ਚੋਣਾਂ-2024 ਲਈ ਪੰਜਾਬ ਵਿਚ 1 ਜੂਨ ਨੂੰ ਪੈ ਰਹੀਆਂ ਵੋਟਾਂ ਵਾਲੇ ਦਿਨ ਹਰ ਹਾਲਤ ਵਿਚ ਵੋਟ ਪਾਉਣ ਦੀ ਤਾਕੀਦ ਕੀਤੀ। ਇਸ ਮੌਕੇ ਸੁਪਰਵਾਈਜ਼ਰ ਮੋਨਿਕਾ ਸ਼ਰਮਾ, ਸੁਪਰਵਾਈਜ਼ਰ ਉਰਮਿਲਾ ਰਾਣੀ ਅਤੇ ਸੁਪਰਵਾਈਜ਼ਰ ਰਾਜ ਕੁਮਾਰੀ ਤੋਂ ਇਲਾਵਾ ਵੱਡੀ ਗਿਣਤੀ ਵਿਚ ਆਂਗਣਵਾੜੀ ਵਰਕਰਾਂ, ਪਿੰਡ ਦੀਆਂ ਔਰਤਾਂ ਅਤੇ ਪਹਿਲੀ ਵਾਰ ਵੋਟਰ ਬਣੀਆਂ ਕਿਸ਼ੋਰ ਲੜਕੀਆਂ ਮੌਜੂਦ ਸਨ।..

# ਜਵਾਹਰ ਨਵੋਦਿਆ ਲਈ ਸੈਕੰਡਰੀ ਸਕੂਲ ਚੂਹੜ ਚੱਕ ਦੀ ਵਿਦਿਆਰਥਣ ਦੀ ਚੋਣ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-2024 ਜਵਾਹਰ ਨਵੋਦਿਆ ਸਕੂਲ ਦੇ ਸਲਾਨਾ ਟੈਸਟ ਨਤੀਜਿਆਂ ਵਿੱਚ ਬਲਾਕ ਦੀਨਾਨਗਰ ਦੇ ਬਾਬਾ ਸ੍ਰੀ ਚੰਦ ਮਾਡਰਨ ਸੀਨੀਅਰ ਸੈਕੰਡਰੀ ਸਕੂਲ ਚੂਹੜ ਚੱਕ (ਲੋਧਾ) ਦੀ ਵਿਦਿਆਰਥਣ



ਦਿਵੰਸ਼ਕਾ ਦੇ ਪਾਸ ਹੋਣ 'ਤੇ ਸਕੂਲ ਵਿੱਚ ਖੁਸ਼ੀ ਦਾ ਮਾਹੌਲ ਪਾਇਆ ਗਿਆ। ਇਸ ਮੌਕੇ ਪ੍ਰਿੰਸੀਪਲ ਸੁਭਾਸ਼ ਚੰਦਰ ਨੇ ਦੱਸਿਆ ਕਿ ਸਾਡੇ ਸਕੂਲ ਤੋਂ ਪਹਿਲਾਂ ਵੀ ਬਹੁਤ ਵਿਦਿਆਰਥੀ ਨਵੋਦਿਆ ਸਕੂਲ ਦਾ ਟੈਸਟ ਪਾਸ ਕਰ ਕੇ ਨਵੋਦਿਆ ਵਿਦਿਆਲਿਆ ਵਿਚ ਦਾਖਲਾ ਲੈ ਚੁੱਕੇ ਹਨ। ਸਾਡੇ ਸਕੂਲ ਦੇ ਬੋਰਡ ਦੇ ਨਤੀਜੇ ਵੀ ਹਰ ਸਾਲ 100 % ਆਉਂਦੇ ਹਨ। ਇਸ ਮੌਕੇ ਸਕੂਲ ਚੇਅਰਮੈਨ ਸਤਨਾਮ ਸਿੰਘ ਤੇ ਐਮ ਡੀ ਮੈਡਮ ਰੀਨਾ ਸ਼ਰਮਾਲ ਅਤੇ ਸਕੂਲ ਅਧਿਆਪਕ ਅਸ਼ਵਨੀ ਕੁਮਾਰ, ਕ੍ਰਿਸ਼ਨਾ ਦੇਵੀ, ਅਮਨਦੀਪ, ਕਾਜਲ ਸਲਾਰੀਆ, ਕਾਜਲ, ਗੁਰਜਿੰਦਰ, ਪਲਵੀ, ਸੁਰੇਖਾ, ਨੇਹਾ , ਕਮਲਜੀਤ, ਕੇਵਲ ਕ੍ਰਿਸ਼ਨ, ਤਾਨੀਆ ਸਭ ਨੇ ਮਿਲ ਕੇ ਬੱਚੇ ਨੂੰ ਸਨਮਾਨਤ ਕੀਤਾ ਤੇ ਉਸ ਦੇ ਪਰਵਾਰ ਨੂੰ ਮੁਬਾਰਕਾਂ ਦਿੱਤੀਆਂ। ਮੁੱਖ ਅਧਿਆਪਕ ਨੇ ਕਿਹਾ ਕਿ ਇਹ ਬੱਚੇ ਦੀ ਸਖਤ ਮਿਹਨਤ ਤੇ ਅਧਿਆਪਕਾਂ ਦੇ ਲਗਾਤਾਰ ਯਤਨਾਂ ਕਰਕੇ ਸੰਭਵ ਹੋਇਆ ਹੈ। ਇਸ ਖੁਸ਼ੀ ਦੇ ਮੌਕੇ ਸਕੂਲ ਦੇ ਮੁੱਖ ਅਧਿਆਪਕ ਸੁਭਾਸ਼ ਚੰਦਰ ਨੇ ਬੱਚੀ ਦਿਵੰਸ਼ਕਾ ਦੇ ਜਮਾਤ ਇੰਚਾਰਜ ਮੈਡਮ ਕਾਜਲ ਨੂੰ ਵੀ ਸਨਮਾਨਤ ਕੀਤਾ।

# ਅੰਮ੍ਰਿਤਪਾਲ ਸਿੰਘ ਅਲਾਵਲਪੁਰ ਬਣੇ ਯੂਥ ਅਕਾਲੀ ਦਲ ਪੰਜਾਬ ਦੇ ਜਨਰਲ ਸਕੱਤਰ

**ਕਲਾਨੌਰ (ਮਨਦੀਪ ਕੋਹਲੀ)**-ਪੰਜਾਬ ਵਿੱਚ ਲੋਕ ਸਭਾ ਚੋਣਾਂ ਦਾ ਬਿਗੁਲ ਵੱਜ ਚੁੱਕਿਆ ਹੈ। ਉਸ ਦੇ ਨਾਲ ਹੀ ਹਰ ਇੱਕ ਪਾਰਟੀ ਵੱਲੋਂ ਆਪਣੇ ਆਪਣੇ-ਆਪਣੇ ਵਰਕਰਾਂ ਨੂੰ ਬਣਦਾ ਮਾਣ-ਸਤਿਕਾਰ ਦਿੱਤਾ ਜਾ ਰਿਹਾ ਹੈ। ਉਸ ਦੇ ਨਾਲ ਹੀ ਅਹੁਦੇ ਦੇ ਕੇ ਵੀ ਨਿਵਾਜਿਆ ਜਾ ਰਿਹਾ ਹੈ। ਕਲਾਨੌਰ ਇਲਾਕੇ ਦੇ ਅਗਾਂਹਵਧੂ ਯੂਥ ਆਗੂ ਅੰਮ੍ਰਿਤਪਾਲ ਸਿੰਘ ਅਲਾਵਲਪੁਰ ਨੂੰ ਵੀ ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਯੂਥ ਅਕਾਲੀ ਦਲ ਪੰਜਾਬ ਦਾ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਅੰਮ੍ਰਿਤਪਾਲ ਸਿੰਘ ਅਲਾਵਲਪੁਰ ਯੂਥ ਅਕਾਲੀ ਦਲ ਪੰਜਾਬ ਦੇ ਜਨਰਲ ਸਕੱਤਰ ਨੇ ਕਿਹਾ ਕਿ ਜੋ ਵੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਹਲਕਾ ਇੰਚਾਰਜ ਡੇਰਾ ਬਾਬਾ ਨਾਨਕ ਰਵੀਕਰਨ ਸਿੰਘ ਕਾਹਲੋਂ ਵੱਲੋਂ ਉਨ੍ਹਾਂ ਨੂੰ ਮਾਣ-ਸਤਿਕਾਰ ਦਿਵਾਇਆ ਗਿਆ ਹੈ ਉਹ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਨ ਅਤੇ ਨਾਲ ਹੀ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਦਾ ਵੀ ਧੰਨਵਾਦ ਕਰਦੇ ਹਨ। ਉਨ੍ਹਾਂ ਨੇ ਕਿਹਾ ਕਿ ਜੋ ਪਾਰਟੀ ਵੱਲੋਂ ਮੈਨੂੰ ਜ਼ਿੰਮੇਵਾਰੀ ਸੌਂਪੀ ਗਈ ਹੈ ਮੈਂ ਉਹ ਪੂਰੀ ਇਮਾਨਦਾਰੀ ਨਾਲ ਨਿਭਾਵਾਂਗਾ ਅਤੇ ਪਾਰਟੀ ਵੱਲੋਂ ਜੋ ਹੋਰ ਵੀ ਅਹੁਦੇ ਦਿੱਤੇ ਜਾ ਰਹੇ ਹਨ ਇਨ੍ਹਾਂ ਅਹੁਦਿਆਂ ਦਾ ਫਾਇਦਾ ਪਾਰਟੀ ਨੂੰ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਜ਼ਰੂਰ ਦੇਖਣ ਨੂੰ ਮਿਲੇਗਾ ।

# ਕਸਬਾ ਝਬਾਲ ਕਲਾਂ 'ਚ ਨਵੇਂ ਗੁਰਦੁਆਰਾ ਸਾਹਿਬ ਦਾ ਮਹੂਰਤ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਗੁਰਦੁਆਰਾ ਬਜ਼ਾਰ ਵਾਲਾ ਪੱਕਾ ਕਿਲਾ ਝਬਾਲ ਕਲਾਂ ਦੇ ਪ੍ਰਧਾਨ ਜਥੇਦਾਰ ਰਣਜੀਤ ਸਿੰਘ ਨੇ ਦੱਸਿਆ ਕਿ ਇਹ ਗੁਰਦੁਆਰਾ ਸਾਹਿਬ ਪਿਛਲੇ ਛੇ ਸਾਲਾਂ ਤੋਂ ਉਸਾਰੀ ਅਧੀਨ ਸੀ।ਇਸ ਗੁਰਦੁਆਰਾ ਦਾ ਨੀਂਹ ਪੱਥਰ ਛੇ ਸਾਲ ਪਹਿਲਾਂ ਦਲ ਬਾਬਾ ਬਿਧੀ ਚੰਦ ਸਾਹਿਬ ਦੇ ਦਲ ਪੰਥ ਦੇ 12ਵੇਂ ਮੌਜੂਦਾ ਮੁਖੀ ਜਥੇਦਾਰ ਸੰਤ ਬਾਬਾ ਅਵਤਾਰ ਸਿੰਘ ਵੱਲੋਂ ਅਰੰਭਤਾ ਕੀਤੀ ਗਈ ਸੀ।ਹੁਣ ਇਹ ਗੁਰਦੁਆਰਾ ਨਗਰ ਇਲਾਕੇ ਅਤੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਆਲੀਸ਼ਾਨ ਇਮਾਰਤ ਬਣ ਕੇ ਤਿਆਰ ਹੋ ਗਈ ਹੈ।ਇਸ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ 'ਚ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਕੀਤੇ ਗਏ ਸਨ, ਜਿਨ੍ਹਾਂ ਦੇ ਅੱਜ ਭੋਗ ਪਾਏ ਗਏ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਰਣਜੀਤ ਸਿੰਘ ਤੇ ਸਮੂਹ ਨਗਰ ਦੀ ਸੰਗਤ ਵੱਲੋਂ ਜਥੇਦਾਰ ਸੰਤ ਬਾਬਾ ਅਵਤਾਰ ਸਿੰਘ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਸਨਮਾਨਤ ਕੀਤਾ ਗਿਆ।ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।ਇਸ ਗੁਰੂ ਘਰ ਦੇ ਸ਼ੁੱਭ ਮਹੂਰਤ ਸਮੇਂ ਜਥੇਦਾਰ ਨਰਵੈਲ ਸਿੰਘ, ਜਥੇਦਾਰ ਇੰਦਰਪ੍ਰੀਤ ਸਿੰਘ,ਬਾਬਾ ਗੁਰਸੇਵਕ ਸਿੰਘ ਮੁਖੀ ਗੁਰਦੁਆਰਾ ਮਾਤਾ ਭਾਗ ਕੌਰ ਜੀ, ਜਥੇਦਾਰ ਇੰਦਰਪਾਲ ਸਿੰਘ ਬਾਬਾ ਲੰਗਾਹ, ਨਾਥੂ ਢਿੱਲੋਂ, ਬਾਬਾ ਬਲਜਿੰਦਰ ਸਿੰਘ ਕਾਲਾ ਤੇ ਹੋਰ ਬੇਅੰਤ ਸੰਗਤਾਂ ਹਾਜ਼ਰ ਸਨ।

# ਮੋਬਾਇਲ ਫ਼ੋਨ ਝਪਟਣ ਤੇ ਕਾਰ ਚੋਰੀ ਕਰਨ ਵਾਲਿਆਂ ਖ਼ਿਲਾਫ਼ ਮਾਮਲਾ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**- ਥਾਣਾ ਬਹਿਰਾਮਪੁਰ ਪੁਲਿਸ ਨੇ ਮੋਬਾਈਲ ਫ਼ੋਨ ਝਪਟਣ ਵਾਲੇ ਚੋਰਾਂ ਨੂੰ ਕਾਬੂ ਕਰਕੇ ਉਨ੍ਹਾਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਸੁਲੱਖਣ ਸਿੰਘ ਨੇ ਦੱਸਿਆ ਕਿ ਚੈਂਚਲ ਕੁਮਾਰ ਪੁੱਤਰ ਪ੍ਰਸ਼ੋਤਮ ਲਾਲ ਵਾਸੀ ਨੇੜੇ ਡੀ.ਏ.ਵੀ. ਸਕੂਲ ਬਹਿਰਾਮਪੁਰ ਨੇ ਕਿਹਾ ਕਿ ਉਹ ਅੱਡਾ ਬਹਿਰਾਮਪੁਰ ਵਿਖੇ ਚੈਂਚਲ ਟੈਲੀਕਾਮ ਨਾਂਅ ਦੀ ਦੁਕਾਨ 'ਤੇ ਮੋਬਾਇਲ ਵੇਚਣ ਦਾ ਕੰਮ ਕਰਦਾ ਹੈ। 2 ਅਪ੍ਰੈਲ ਨੂੰ ਉਹ ਆਪਣੀ ਦੁਕਾਨ 'ਤੇ ਮੌਜੂਦ ਸੀ ਕਿ ਸਮਾਂ 5 ਵਜੇ ਇਕ ਲੜਕਾ ਉਸ ਦੀ ਦੁਕਾਨ 'ਤੇ ਪੁਰਾਣਾ ਮੋਬਾਇਲ ਖਰੀਦਣ ਲਈ ਆਇਆ ਅਤੇ ਇਸ ਦਾ ਇੱਕ ਸਾਥੀ ਦੁਕਾਨ ਦੇ ਬਾਹਰ ਮੋਟਰਸਾਈਕਲ ਸਟਾਰਟ ਕਰਕੇ ਖੜ੍ਹਾ ਰਿਹਾ। ਜਦ ਉਹ ਇਸ ਨੂੰ ਪੁਰਾਣਾ ਮੋਬਾਇਲ ਮਾਰਕਾ ਵੀਵੋ ਦਿਖਾਉਣ ਲੱਗਾ ਤਾਂ ਉਕਤ ਨੌਜਵਾਨ ਨੇ ਮੋਬਾਇਲ ਝਪਟ ਮਾਰ ਕੇ ਖੋਹ ਲਿਆ ਅਤੇ ਬਾਹਰ ਖੜ੍ਹੇ ਆਪਣੇ ਸਾਥੀ ਦੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਗੁਰਦਾਸਪੁਰ ਸਾਇਡ ਨੂੰ ਫਰਾਰ ਹੋ ਗਿਆ। ਮੋਟਰਸਾਈਕਲ ਦਾ ਨੰਬਰ ਪੀ.ਬੀ. ਈ 6369 ਪੜ੍ਹਿਆ ਗਿਆ ਹੈ। ਇਤਲਾਹ ਮਿਲਣ 'ਤੇ ਤਫਤੀਸ਼ੀ ਅਫਸਰ ਨੇ ਸਮੇਤ ਪੁਲਸ ਪਾਰਟੀ ਪਿੰਡ ਕੋਠੇ ਮਜੀਠੀ ਮੋੜ ਵਿਖੇ ਨਾਕਾਬੰਦੀ ਕਰਕੇ ਕਥਿਤ ਦੋਸ਼ੀਆਂ ਦਲਜੀਤ ਸਿੰਘ ਨਿੱਕਾ ਪੁੱਤਰ ਕੁਲਦੀਪ ਸਿੰਘ ਵਾਸੀ ਸ਼ਾਹਪੁਰ ਥਾਣਾ ਦੋਰਾਂਗਲਾ, ਪ੍ਰਿੰਸਪਾਲ ਸਿੰਘ ਪੁੱਤਰ ਸੁਖਵਿੰਦਰ ਸਿੰਘ ਵਾਸੀ ਦੋਰਾਂਗਲਾ ਨੂੰ ਖੋਹ ਕੀਤੇ ਮੋਬਾਈਲ ਅਤੇ ਉਕਤ ਨੰਬਰੀ ਮੋਟਰਸਾਈਕਲ ਸਮੇਤ ਕਾਬੂ ਕਰ ਲਿਆ ਹੈ। ਪੁਲਸ ਨੇ ਦੋਸ਼ੀਆਂ ਖ਼ਿਲਾਫ਼ ਜ਼ੇਰੇ ਧਾਰਾ 379 ਬੀ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ। ਇਸੇ ਤਰ੍ਹਾਂ ਥਾਣਾ ਦੀਨਾਨਗਰ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਰਕੇਸ਼ ਗੋਇਲ ਪੁੱਤਰ ਰੇਨੂੰਕਾ ਨੰਦਨ ਵਾਸੀ ਮਾਸਟਰ ਕਲੋਨੀ ਦੀਨਾਨਗਰ ਨੇ ਦੱਸਿਆ ਕਿ 2 ਅਪ੍ਰੈਲ ਨੂੰ ਮੈਂ ਆਪਣੀ ਭਰਜਾਈ ਨਿਧੀਮਾ ਅਗਰਵਾਲ ਪਤਨੀ ਰਮਨ ਗੋਇਲ ਪਾਸੋਂ ਉਨ੍ਹਾਂ ਦੀ ਕਾਰ ਨੰਬਰੀ ਪੀ.ਬੀ..06.ਏ.ਵੀ 0099 ਮਾਰਕਾ ਵਿਟਾਰਾ ਬ੍ਰਿਜਾ ਰੰਗ ਚਿੱਟਾ ਆਪਣੇ ਬਿਜ਼ਨਸ ਦੇ ਸਬੰਧ ਵਿੱਚ ਬਾਹਰ ਜਾਣ ਲਈ ਮੰਗ ਕੇ ਲਿਆਇਆ ਸੀ ਅਤੇ ਉਸੇ ਦਿਨ ਰਾਤ 10 ਵਜੇ ਆਪਣੇ ਘਰ ਦੇ ਬਾਹਰ ਬਣੀ ਪਾਰਕ ਵਿੱਚ ਕਾਰ ਖੜ੍ਹੀ ਕਰਕੇ ਲਾਕ ਕਰਕੇ ਆਪਣੇ ਘਰ ਨੂੰ ਚਲਾ ਗਿਆ ਸੀ ਕਿ 3 ਅਪ੍ਰੈਲ ਨੂੰ ਕਰੀਬ ਸਵੇਰੇ 8 ਵਜੇ ਪਾਰਕ ਵਿੱਚੋਂ ਕਾਰ ਲੈਣ ਲਈ ਗਿਆ ਤਾਂ ਦੇਖਿਆ ਕਾਰ ਉਥੇ ਨਹੀਂ ਸੀ। ਥਾਣਾ ਦੀਨਾਨਗਰ ਪੁਲਸ ਨੇ ਨਾ-ਮਾਲੂਮ ਵਿਅਕਤੀਆਂ ਖ਼ਿਲਾਫ਼ ਜ਼ੇਰੇ 379 ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

# ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਬਲਾਕ ਸ੍ਰੀ ਹਰਗੋਬਿੰਦਪੁਰ ਤੇ ਕਾਦੀਆਂ ਦੀ ਵਿਸ਼ੇਸ਼ ਮੀਟਿੰਗ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਪੰਜਾਬ ਬਲਾਕ ਸ੍ਰੀ ਹਰਗੋਬਿੰਦਪੁਰ ਕਾਦੀਆਂ ਦੀ ਮੀਟਿੰਗ ਬਲਾਕ ਪ੍ਰਧਾਨ ਕੈਪਟਨ ਅਜੀਤ ਸਿੰਘ ਸੈਰੋਵਾਲ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਸਾਹਿਬ ਚੀਮਾ ਖੁੱਡੀ ਵਿਚ ਹੋਈ । ਮੀਟਿੰਗ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਕੁਲਦੀਪ ਸਿੰਘ ਦਾਦੂਜੋਧ ਨੇ ਸ਼ੰਭੂ ਅਤੇ ਖਨੌਰੀ ਬਾਰਡਰਾਂ 'ਤੇ ਚੱਲ ਰਹੇ ਕਿਸਾਨ ਮੋਰਚੇ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਜ਼ਿਲ੍ਹਾ ਖਜ਼ਾਨਚੀ ਪਾਲ ਸਿੰਘ ਚੀਮਾ ਖੁੱਡੀ ਅਤੇ ਜ਼ਿਲ੍ਹਾ ਕਮੇਟੀ ਮੈਂਬਰ ਜਗੀਰ ਸਿੰਘ ਅਤੇਪੁਰ ਨੇ ਕਿਹਾ ਕਿ ਬਾਰਡਰਾਂ 'ਤੇ ਮੋਰਚੇ ਵਿੱਚ ਲੜੀਵਾਰ ਜਥੇ ਬਲਾਕ ਵਿੱਚੋਂ ਭੇਜਣ ਦੀ ਵਿਉਂਤਬੰਦੀ ਕਰ ਲਈ ਗਈ ਹੈ। ਪ੍ਰੈਸ



ਸਕੱਤਰ ਡਾ. ਅਸ਼ੋਕ ਭਾਰਤੀ ਨੇ ਕਿਹਾ ਕਿ ਫਾਸ਼ੀਵਾਦੀ ਭਾਜਪਾ ਹਕੂਮਤ ਲਈ ਇਹ ਮੋਰਚਾ ਜ਼ਬਰਦਸਤ ਚੁਣੌਤੀ ਬਣਿਆ ਹੋਇਆ ਹੈ, ਉਥੇ ਲੋਕਾਂ ਲਈ ਰੋਸ਼ਨੀ ਦੀ ਕਿਰਨ ਹੈ। ਹਰਿਆਣਾ ਸਰਕਾਰ ਨੇ ਸੈਂਕੜੇ ਕਿਸਾਨਾਂ ਨੂੰ ਨਜ਼ਰਬੰਦ ਕੀਤਾ ਹੋਇਆ ਹੈ। ਉਨ੍ਹਾਂ ਨੂੰ ਰਿਹਾਅ ਕਰਨ ਦੀ ਬਜਾਏ ਨਵੇਂ ਸਿਰਿਓਂ ਨੌਜਵਾਨਾਂ /ਕਿਸਾਨਾਂ ਦੀਆਂ ਗ੍ਰਿਫਤਾਰੀਆਂ ਕੀਤੀਆਂ ਹਨ। ਗ੍ਰਿਫਤਾਰ ਕਿਸਾਨਾਂ ਨੂੰ ਰਿਹਾਅ ਕਰਵਾਉਣ ਮੰਡੀਆਂ ਨੂੰ ਰਲੇਵਾਂ ਕਰ ਕੇ ਗਿਣਤੀ ਘਟਾਉਣ ਅਤੇ ਮੋਰਚਿਆਂ ਉੱਤੇ ਢੁਕਵੀਂ ਬਿਜਲੀ ਵਿਵਸਥਾ ਕਰਵਾਉਣ ਲਈ 7 ਅਪ੍ਰੈਲ ਨੂੰ ਜ਼ਿਲ੍ਹਾ ਹੈਡਕੁਆਰਟਰ ਗੁਰਦਾਸਪੁਰ ਵਿਖੇ ਵਿਰੋਧ ਮਾਰਚ ਕਰਕੇ ਭਾਰਤੀ ਜਨਤਾ ਪਾਰਟੀ ਸਰਕਾਰ ਦਾ ਪੁਤਲਾ ਫੂਕਿਆ ਜਾਵੇਗਾ।ਇਸ ਮੌਕੇ ਪਿਆਰਾ ਸਿੰਘ ਵਿਠਵਾਂ, ਸਤਨਾਮ ਸਿੰਘ ਨੰਗਲ ਝੌਰ, ਕਸ਼ਮੀਰ ਸਿੰਘ ਮਠੋਲਾ, ਸਰਦੂਲ ਸਿੰਘ ਚੀਮਾ ਖੁੱਡੀ, ਮਹਿੰਦਰ ਸਿੰਘ ਚੀਮਾ ਖੁੱਡੀ, ਗੁਰਦਿਆਲ ਸਿੰਘ ਸੈਰੋਵਾਲ ਕਸ਼ਮੀਰ ਸਿੰਘ ਨੰਗਲ ਝੌਰ, ਅੰਮ੍ਰਿਤ ਪਾਲ ਸਿੰਘ ਵਿਠਵਾਂ, ਕੁਲਵਿੰਦਰ ਸਿੰਘ ਬਸਰਾਵਾਂ, ਸੁਖਦੇਵ ਸਿੰਘ ਭਗਤੂਪੁਰ, ਬਖਸ਼ੀਸ਼ ਸਿੰਘ ਭਰਥ, ਸੰਤੋਖ ਸਿੰਘ ਖੋਖੋਵਾਲ, ਦਵਿੰਦਰ ਸਿੰਘ ਢਪੱਈ, ਸਿਕੰਦਰ ਸਿੰਘ ਚੀਮਾ ਖੁੱਡੀ ਆਦਿ ਹਾਜ਼ਰ ਸਨ।

# ਹਿੰਦੂ ਨਵੇਂ ਸਾਲ ਦੀ ਆਮਦ 'ਤੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਜਾਵੇਗੀ : ਅਜੈ ਕੁਮਾਰ

**ਦੀਨਾਨਗਰ (ਸੰਜੀਵ)**-ਸ਼ਿਵ ਸੈਨਾ ਊਧਵ ਬਾਲਾ ਸਾਹਿਬ ਠਾਕਰੇ ਦੇ ਯੂਥ ਵਿੰਗ ਦੇ ਸੂਬਾਈ ਬੁਲਾਰੇ ਅਜੇ ਕੁਮਾਰ ਨੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ 9 ਅਪ੍ਰੈਲ ਨੂੰ ਆ ਰਹੇ ਹਿੰਦੂ ਨਵੇਂ ਸਾਲ ਵਿਕਰਮੀ ਸੰਮਤ 2081 ਨੂੰ ਲੈ ਕੇ ਸ਼ਿਵ ਸੈਨਾ ਊਧਵ ਬਾਲਾ ਸਾਹਿਬ ਠਾਕਰੇ ਦੀ ਦੀਨਾਨਗਰ ਇਕਾਈ ਦੇ ਪੰਜਾਬ ਪ੍ਰਧਾਨ ਯੋਗਰਾਜ ਸ਼ਰਮਾ ਅਤੇ



ਪੰਜਾਬ ਪ੍ਰਧਾਨ ਯੁਵਾ ਵਿੰਗ ਹਨੀ ਮਹਾਜਨ ਦੇ ਨਿਰਦੇਸ਼ਾਂ 'ਤੇ ਦੁਪਹਿਰ 12:00 ਵਜੇ ਭਾਰਤੀ ਮੰਦਰ ਵਿਖੇ ਯੱਗ ਕਰਕੇ ਸਨਾਤਨ ਧਰਮ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਜਾਵੇਗੀ ਅਤੇ ਬੱਸ ਸਟੈਂਡ 'ਤੇ ਸੰਗਤਾਂ ਨੂੰ ਪ੍ਰਸ਼ਾਦ ਵੰਡਿਆ ਜਾਵੇਗਾ। ਅਜੈ ਕੁਮਾਰ ਨੇ ਦੱਸਿਆ ਕਿ ਸਾਡੀ ਭਾਰਤੀ ਸੱਭਿਅਤਾ ਅਤੇ ਸੰਸਕ੍ਰਿਤੀ ਵਿਚ ਹਿੰਦੂ ਨਵੇਂ ਸਾਲ ਦਾ ਬਹੁਤ ਮਹੱਤਵ ਹੈ। ਇਸ ਮਹੀਨੇ 'ਚ ਦਿਨ ਲੰਬੇ ਅਤੇ ਰਾਤਾਂ ਛੋਟੀਆਂ ਹੁੰਦੀਆਂ ਹਨ, ਫਸਲਾਂ ਦੀ ਵਾਢੀ ਹੁੰਦੀ ਹੈ।

## 35 ਕਿਲੋ ਲਾਹਣ ਸਮੇਤ ਕਾਬੂ

**ਗੁਰਦਾਸਪੁਰ, (ਜਨਕ ਮਹਾਜਨ)**- ਥਾਣਾ ਕਲਾਨੌਰ ਪੁਲਸ ਨੇ 35 ਕਿੱਲੋ ਲਾਹਣ ਬਰਾਮਦ ਕਰਕੇ ਇਕ ਵਿਅਕਤੀ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਸੁਲੱਖਣ ਸਿੰਘ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਪਾਰਟੀ ਨੇ ਇੱਕ ਇਤਲਾਹ 'ਤੇ ਹੀਰਾ ਪੁੱਤਰ ਗੇਜਾ ਵਾਸੀ ਮੱਲਮੂਆ ਦੇ ਘਰ ਰੇਡ ਕਰਕੇ ਕਥਿਤ ਦੋਸ਼ੀ ਨੂੰ 35 ਕਿਲੋ ਲਾਹਣ ਸਮੇਤ ਕਾਬੂ ਕੀਤਾ ਹੈ। ਪੁਲਸ ਨੇ ਕਥਿਤ ਦੋਸ਼ੀ ਖ਼ਿਲਾਫ਼ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

# ਵੋਟਰਾਂ ਨੂੰ ਉਤਸ਼ਾਹਤ ਕਰਨ ਲਈ ਵਿਸ਼ੇਸ਼ ਸਵੀਪ ਗਤੀਵਿਧੀਆਂ ਕੈਂਪ

**ਗੁਰਦਾਸਪੁਰ (ਜਨਕ ਮਹਾਜਨ, ਦਿਨੇਸ਼)** - ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਤਹਿਤ ਲੋਕ ਸਭਾ ਚੋਣਾਂ ਦੌਰਾਨ ਵੋਟਿੰਗ ਇਸ ਵਾਰ ਸੱਤਰ ਪਾਰ ਦਾ ਟੀਚਾ ਪੂਰਾ ਕਰਨ ਲਈ ਮਿਸ਼ਨ ਸਵੀਪ ਤਹਿਤ ਪਿਛਲੀਆਂ ਲੋਕ ਸਭਾ ਚੋਣਾਂ ਦੌਰਾਨ ਜਿਨ੍ਹਾਂ ਪੋਲਿੰਗ ਬੂਥਾਂ 'ਤੇ ਰਾਸ਼ਟਰੀ ਵੋਟਿੰਗ ਪ੍ਰਤੀਸ਼ਤਾ (67.40 ਫ਼ੀਸਦੀ) ਤੋਂ ਘੱਟ ਪੋਲਿੰਗ ਹੋਈ ਸੀ, ਉਨ੍ਹਾਂ ਬੂਥਾਂ/ਖੇਤਰਾਂ ਵਿੱਚ ਵੋਟਰਾਂ ਨੂੰ ਉਤਸ਼ਾਹਤ/ਜਾਗਰੂਕ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵਿਸ਼ੇਸ਼ ਸਵੀਪ ਗਤੀਵਿਧੀਆਂ/ਕੈਂਪ ਆਯੋਜਨ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਵੋਟਰ ਜਾਗਰੂਕਤਾ ਮੁਹਿੰਮ ਤਹਿਤ ਘੱਟ ਪੋਲਿੰਗ ਵਾਲੇ ਬੂਥਾਂ ਉੱਪਰ ਸਵੀਪ ਤਹਿਤ ਵਿਸ਼ੇਸ਼ ਪ੍ਰੋਗਰਾਮ ਕਰਕੇ ਵੋਟਰਾਂ ਨੂੰ ਵੋਟ ਦੇ ਹੱਕ ਦਾ ਇਸਤੇਮਾਲ ਕਰਨ ਲਈ ਪ੍ਰੇਰਿਤ ਕੀਤਾ ਜਾਵੇਗਾ।ਇਸ ਸਬੰਧੀ ਵਧੀਕ ਜ਼ਿਲ੍ਹਾ ਚੋਣ ਅਧਿਕਾਰੀ-ਕਮ-ਵਧੀਕ ਡਿਪਟੀ ਕਮਿਸ਼ਨਰ (ਜ) ਸੁਭਾਸ਼ ਚੰਦਰ ਨੇ ਦੱਸਿਆ ਕਿ 5 ਅਪ੍ਰੈਲ ਨੂੰ ਸਰਕਾਰੀ ਕਾਲਜ ਗੁਰਦਾਸਪੁਰ ਵਿਖੇ ਵਿਸ਼ੇਸ਼ ਸਵੀਪ ਗਤੀਵਿਧੀਆਂ ਕੀਤੀਆਂ ਜਾਣਗੀਆਂ, ਜਿਸ ਤਹਿਤ ਵੋਟਰਾਂ ਨੂੰ ਉਨ੍ਹਾਂ ਦੀ ਵੋਟ ਦੀ ਮਹੱਤਤਾ ਬਾਰੇ ਜਾਣਕਾਰੀ ਦੇਣ ਲਈ ਵਿਸ਼ੇਸ਼ ਸਪੀਚ, ਵੋਟਰ ਪ੍ਰਣ, ਸਵੀਪ ਗੀਤ, ਸਵੀਪ ਸਿਗਨੇਚਰ ਮੁਹਿੰਮ ਅਤੇ ਵੋਟ ਦੀ ਮਹੱਤਤਾ ਬਾਰੇ ਨੁੱਕੜ ਨਾਟਕ ਪੇਸ਼ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ 9 ਅਪ੍ਰੈਲ ਨੂੰ ਵਿਧਾਨ ਸਭਾ ਹਲਕਾ ਦੀਨਾਨਗਰ ਦੇ ਸਰਕਾਰੀ ਪ੍ਰਾਇਮਰੀ ਸਕੂਲ ਤੂਰ, ਸਰਕਾਰੀ ਮਿਡਲ ਸਕੂਲ ਭਰਿਆਲ, ਸਰਕਾਰੀ ਪ੍ਰਾਇਮਰੀ ਸਕੂਲ ਝਬਕਰਾ ਵਿਖੇ ਵੋਟਰ ਜਾਗਰੂਕਤਾ ਪ੍ਰੋਗਰਾਮ ਕੀਤੇ ਜਾਣਗੇ।ਵਧੀਕ ਜ਼ਿਲ੍ਹਾ ਚੋਣ ਅਧਿਕਾਰੀ ਨੇ ਅੱਗੇ ਦੱਸਿਆ ਕਿ 12 ਅਪ੍ਰੈਲ ਨੂੰ ਵਿਧਾਨ ਸਭਾ ਹਲਕਾ ਕਾਦੀਆਂ ਦੇ ਸਰਕਾਰੀ ਮਿਡਲ ਸਕੂਲ ਕੋਟਲੀ ਸੈਣੀਆਂ ਅਤੇ ਦਾਰਾਪੁਰ ਵਿਖੇ, 15 ਅਪ੍ਰੈਲ ਨੂੰ ਵਿਧਾਨ ਸਭਾ ਹਲਕਾ ਬਟਾਲਾ ਦੇ ਸਰਕਾਰੀ ਪ੍ਰਾਇਮਰੀ ਸਕੂਲ ਉਮਰਪੁਰਾ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਅਬਾਦੀ, ਉਮਰਪੁਰਾ ਬਟਾਲਾ ਵਿਖੇ, 19 ਅਪ੍ਰੈਲ ਨੂੰ ਵਿਧਾਨ ਸਭਾ ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ (ਐਸ.ਸੀ.) ਦੇ ਸਰਕਾਰੀ ਪ੍ਰਾਇਮਰੀ ਸਕੂਲ ਪੱਤੀ ਟਾਂਡਾ, ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਮਾੜੀ ਬੁੱਚੀਆਂ, 24 ਅਪ੍ਰੈਲ ਨੂੰ ਵਿਧਾਨ ਸਭਾ ਹਲਕਾ ਫ਼ਤਿਹਗੜ੍ਹ ਚੂੜੀਆਂ ਦੇ ਸਰਕਾਰੀ ਐਲੀਮੈਂਟਰੀ ਸਕੂਲ ਸੁਨੱਈਆ, ਸਰਕਾਰੀ ਪ੍ਰਾਇਮਰੀ ਸਕੂਲ ਧੀਰ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਧੌਲਪੁਰ ਵਿਖੇ ਸਵੀਪ ਗਤੀਵਿਧੀਆਂ ਕੀਤੀਆਂ ਜਾਣਗੀਆਂ।ਵਧੀਕ ਜ਼ਿਲ੍ਹਾ ਚੋਣ ਅਧਿਕਾਰੀ ਸੁਭਾਸ਼ ਚੰਦਰ ਨੇ ਦੱਸਿਆ ਕਿ 29 ਅਪ੍ਰੈਲ ਨੂੰ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੇ ਸਰਕਾਰੀ ਪ੍ਰਾਇਮਰੀ ਸਕੂਲ ਜੌੜੀਆਂ ਕਲਾਂ, ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਕਲਾਨੌਰ, ਡੀ.ਏ.ਵੀ. ਹਾਈ ਸਕੂਲ ਕਲਾਨੌਰ, ਸਰਕਾਰੀ ਪ੍ਰਾਇਮਰੀ ਸਕੂਲ ਕਲਾਨੌਰ ਵਿਖੇ ਵੋਟਰ ਜਾਗਰੂਕਤਾ ਮੁਹਿੰਮ ਤਹਿਤ ਵੋਟਰਾਂ ਨੂੰ ਵੋਟ ਪਾਉਣ ਲਈ ਜਾਗਰੂਕ ਕੀਤਾ ਜਾਵੇਗਾ।

# ਦਿ ਰੈਵੀਨਿਊ ਪਟਵਾਰ ਯੂਨੀਅਨ ਦੀ ਅਹਿਮ ਇਕੱਤਰਤਾ

**ਬਾਬਾ ਬਕਾਲਾ ਸਾਹਿਬ (ਜਸਪਾਲ ਸਿੰਘ)**-ਦਿ ਰੈਵੀਨਿਊ ਪਟਵਾਰ ਯੂਨੀਅਨ ਤਹਿਸੀਲ ਬਾਬਾ ਬਕਾਲਾ ਸਾਹਿਬ ਦੀ ਇਕ ਮੀਟਿੰਗ ਦਵਿੰਦਰ ਸਿੰਘ ਰੰਧਾਵਾ ਅਤੇ ਅੰਗਰੇਜ਼ ਸਿੰਘ ਤਹਿਸੀਲ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਤਹਿਸੀਲ ਦੇ ਸਮੂਹ ਕਾਨੂੰਗੋ ਅਤੇ ਪਟਵਾਰੀ ਸ਼ਾਮਿਲ ਹੋਏ ।ਇਸ ਮੌਕੇ ਪੰਜਾਬ ਸਰਕਾਰ ਵੱਲੋਂ ਪਟਵਾਰੀਆਂ ਦੀਆਂ 1056 ਪੋਸਟਾਂ ਘੱਟ ਕਰਨ ਦਾ ਸਖਤ ਵਿਰੋਧ ਕੀਤਾ ਗਿਆ ।ਬੁਲਾਰਿਆਂ ਨੇ ਕਿਹਾ ਕਿ ਇੱਕ ਪਾਸੇ ਸਰਕਾਰ ਬੇਰੁਜ਼ਗਾਰ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੀ ਗੱਲ ਕਰਦੀ ਹੈ, ਪਰ ਦੂਜੇ ਪਾਸੇ ਅੰਦਰ ਖਾਤੇ ਪਟਵਾਰੀਆਂ ਦੀਆਂ 1056 ਪੋਸਟਾਂ ਖਤਮ ਕਰ ਦਿੱਤੀਆਂ ਹਨ । ਪ੍ਰਸ਼ਾਸਨ ਤੋਂ ਮੰਗ ਕੀਤੀ ਗਈ ਕਿ ਜਮਾਂਬੰਦੀ ਦਾ ਸਮਾਂ ਵਧਾਇਆ ਜਾਵੇ, ਸਰਵਿਸ ਬੁੱਕਾਂ ਮੁਕੰਮਲ ਕੀਤੀਆਂ ਜਾਣ, ਡੀਏ ਦੀਆਂ ਬਕਾਇਆ ਕਿਸ਼ਤਾਂ ਦੇ ਬਿੱਲ ਬਣਾਏ ਜਾਣ ।ਇਸ ਮੌਕੇ ਹੋਰਨਾਂ ਤੋਂ ਇਲਾਵਾ ਰਣਜੀਤ ਸਿੰਘ ਕਾਨੂੰਗੋ, ਰਛਪਾਲ ਸਿੰਘ ਜਲਾਲ ਉਸਮਾ ਜ਼ਿਲ੍ਹਾ ਨੁਮਾਇੰਦਾ, ਗੁਰਦੇਵ ਸਿੰਘ ਬੁੱਟਰ, ਕੁਲਵਿੰਦਰ ਸਿੰਘ ਅਤੇ ਹਰਪ੍ਰਤਾਪ ਸਿੰਘ, ਸਬਪਰੀਤ ਕੌਰ, ਸਰਬਜੀਤ ਸਿੰਘ ਕਾਨੂੰਗੋ, ਹਰਜਿੰਦਰ ਸਿੰਘ, ਜਸਕੀਰਤ ਸਿੰਘ, ਪ੍ਰਭਜੋਤ ਸਿੰਘ, ਸੁਖਚੈਨ ਸਿੰਘ, ਸ਼ਰਨਜੀਤ ਕੌਰ, ਗੌਰਵ ਸਿੰਘ, ਗੁਰਮੇਜ ਸਿੰਘ, ਬਿਕਰਮਜੀਤ ਸਿੰਘ, ਮੇਹਰਬਾਨ ਸਿੰਘ, ਸੋਨੂੰ ਕੁਮਾਰ, ਮੋਹਿਤ ਮਹਿਤਾ, ਮਨਦੀਪ ਸਿੰਘ, ਮਨਪ੍ਰੀਤ ਸਿੰਘ ਗੁਰਪ੍ਰੀਤ ਸਿੰਘ, ਸਤਪਾਲ ਸਿੰਘ, ਜਗਜੀਤ ਸਿੰਘ, ਮਨਪ੍ਰੀਤ ਸਿੰਘ, ਵਰਿੰਦਰ ਪਾਲ ਸਿੰਘ, ਰਵਿੰਦਰ ਸਿੰਘ, ਬਲਵਿੰਦਰ ਸਿੰਘ, ਗਗਨਦੀਪ ਸਿੰਘ, ਸੁਰਿੰਦਰ ਸਿੰਘ, ਸਾਰੇ ਪਟਵਾਰੀ ਸਾਥੀ ਹਾਜ਼ਰ ਹੋਏ।



# ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਤਰਨਜੀਤ ਸਿੰਘ ਸੰਧੂ ਵੱਲੋਂ ਅਜਨਾਲਾ 'ਚ ਚੋਣ ਰੈਲੀ



**ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)**-ਭਾਰਤੀ ਜਨਤਾ ਪਾਰਟੀ ਦੇ ਲੋਕ ਸਭਾ ਹਲਕਾ ਅੰਮ੍ਰਿਤਸਰ ਤੋਂ ਉਮੀਦਵਾਰ ਸ. ਤੇਜਾ ਸਿੰਘ ਸਮੁੰਦਰੀ ਦੇ ਪੋਤਰੇ ਤਰਨਜੀਤ ਸਿੰਘ ਸੰਧੂ ਵੱਲੋਂ ਅੱਜ ਵਿਧਾਨ ਸਭਾ ਹਲਕਾ ਅਜਨਾਲਾ ਵਿੱਚ ਇੱਕ ਸੀਆਰ ਪੈਲਸ ਵਿੱਚ ਰੱਖੀ ਮੀਟਿੰਗ ਰੈਲੀ ਦਾ ਰੂਪ ਧਾਰਨ ਕਰ ਗਈ। ਇਹ ਮੀਟਿੰਗ ਅਜਨਾਲੇ ਹਲਕੇ ਦੇ ਸਾਬਕਾ ਵਿਧਾਇਕ ਬੋਨੀ ਅਮਰਪਾਲ ਸਿੰਘ ਅਜਨਾਲਾ ਪ੍ਰਧਾਨ ਓ ਬੀ ਸੀ ਮੋਰਚਾ ਪੰਜਾਬ ਦੀ ਅਗਵਾਈ ਵਿੱਚ ਹੋਈ। ਇਸ ਮੀਟਿੰਗ ਵਿੱਚ ਅੰਮ੍ਰਿਤਸਰ ਜ਼ਿਲ੍ਹੇ ਤੋਂ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਲੀਡਰ ਹਰਦਿਆਲ ਸਿੰਘ ਕੰਬੋ, ਰਾਜਵੀਰ ਸਿੰਘ ਸ਼ਰਮਾ, ਬਾਊ ਰਾਮ ਸ਼ਰਮਾ ਹਾਜ਼ਰ ਹੋਏ। ਇਸ ਮੌਕੇ ਅਜਨਾਲੇ ਹਲਕੇ ਦੇ ਸਾਬਕਾ ਵਿਧਾਇਕ ਮੋਨੀ ਅਮਰਪਾਲ ਸਿੰਘ ਅਜਨਾਲਾ ਨੇ ਦਾਅਵਾ ਕੀਤਾ ਕਿ ਅਜਨਾਲੇ ਹਲਕੇ ਤੋਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਤਰਨਜੀਤ ਸਿੰਘ ਸੰਧੂ ਨੂੰ ਭਾਰੀ ਬਹੁਮਤ ਵੋਟਾਂ ਨਾਲ ਜਿਤਾਇਆ ਜਾਵੇਗਾ।ਇਸ ਮੌਕੇ ਡਾਕਟਰ ਅਵਤਾਰ ਕੌਰ, ਡਾਕਟਰ ਅਨੁਜੋਤ ਕੌਰ, ਬੀਬੀ ਜਗਦੀਸ਼ ਕੌਰ, ਸਿੰਮੀ ਸਰੀਨ ਅਤੇ ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹੇ ਦੇ ਮੀਤ ਪ੍ਰਧਾਨ ਪ੍ਰਦੀਪ ਕੁਮਾਰ ਬੰਟਾ, ਦੀਪੂ ਅਰੋੜਾ, ਕੌਂਸਲਰ ਵਿਕਰਮ ਬੇਦੀ, ਡਾਕਟਰ ਦੀਪਕ ਸਰਪਾਲ, ਵਿਨੋਦ ਅਰੋੜਾ, ਵਿਨੋਦ ਕੁਮਾਰ ਸਰੀਨ, ਧਰਮਿੰਦਰ ਸਿੰਘ ਪ੍ਰਿੰਸ, ਬਾਹੂ ਅਸ਼ੋਕ ਕੁਮਾਰ ਮੰਨਣ, ਐਡਵੋਕੇਟ ਸੰਦੀਪ ਕੌਸ਼ਲ ਗਾਂਧੀ ਜੀ ਮੋਬਾਇਲਾਂ ਵਾਲੇ ਆਦਿ ਹਾਜ਼ਰ ਸਨ

# ਐੱਸ ਡੀ ਐੱਮ ਦੁਕਾਨਾਂ ਦਾ ਮੁਆਵਜ਼ਾ ਪੰਚਾਇਤ ਦੀ ਬਜਾਏ ਕਿਰਾਏਦਾਰਾਂ ਨੂੰ ਦੇ ਰਿਹੈ : ਪਿੰਡ ਵਾਸੀ

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**-ਬਲਾਕ ਤਰਸਿੱਕਾ ਅਧੀਨ ਪੈਂਦੇ ਪਿੰਡ ਸੈਦੋਲੇਲ ਦੇ ਨਿਵਾਸੀਆਂ ਨੇ ਅੱਡਾ ਸੈਦੋਲੇਲ ਵਿੱਚ ਬਣੀਆਂ ਪੰਚਾਇਤੀ ਦੁਕਾਨਾਂ ਦਾ ਮੁਆਵਜ਼ਾ ਕਿਰਾਏਦਾਰਾਂ ਦੇ ਖਾਤਿਆਂ ਵਿੱਚ ਜਬਰੀ ਪੈਸੇ ਪਾਏ ਜਾਣ ਦਾ ਐਸ ਡੀ ਐਮ ਬਾਬਾ ਬਕਾਲਾ ਤੇ ਦੋਸ਼ ਲਗਾਇਆ ਹੈ। ਅੱਜ ਗੁਰਦੁਆਰਾ ਸਾਹਿਬ ਵਿਖੇ ਹੋਈ ਪਿੰਡ ਦੇ ਮੋਹਤਬਰਾਂ ਅਤੇ ਪੰਚਾਂ ਸਰਪੰਚਾਂ ਦੀ ਮੀਟਿੰਗ ਦੌਰਾਨ ਜਾਣਕਾਰੀ ਦਿੰਦਿਆਂ ਸਾਬਕਾ ਸਰਪੰਚ ਸੁਖਵਿੰਦਰ ਸਿੰਘ, ਸਾਬਕਾ ਸਰਪੰਚ ਧਰਮਿੰਦਰ ਸਿੰਘ, ਮੈਂਬਰ ਪ੍ਰੇਮ ਸਿੰਘ, ਸੁਰਜੀਤ ਸਿੰਘ, ਸੇਵਾ ਸਿੰਘ, ਡਾਕਟਰ ਬਲਬੀਰ ਸਿੰਘ, ਸੁਖਵਿੰਦਰ ਸਿੰਘ, ਬਲਦੇਵ ਸਿੰਘ, ਬਚਨ ਸਿੰਘ, ਗੁਰਪ੍ਰੀਤ ਸਿੰਘ,ਪਲਵਿੰਦਰ ਸਿੰਘ, ਬਲਵਿੰਦਰ ਸਿੰਘ, ਹਰਚਰਨ ਸਿੰਘ ਅਤੇ ਸਰਦੂਲ ਸਿੰਘ ਨੇ ਦੱਸਿਆ ਕਿ ਅੱਡਾ ਸੈਦੋ ਲੇਹਲ ਵਿੱਚ ਗ੍ਰਾਮ ਪੰਚਾਇਤ ਸੈਦੋਲੇਹਲ ਦੀਆਂ ਪੰਜ ਦੁਕਾਨਾਂ ਹਨ ਜਿਨ੍ਹ ਦੀ ਉਸਾਰੀ ਗ੍ਰਾਮ ਪੰਚਾਇਤ ਵੱਲੋਂ ਕੀਤੀ ਗਈ ਸੀ ਅਤੇ ਇਹ ਦੁਕਾਨਾਂ ਤੇ ਪਿਛਲੇ ਕਾਫੀ ਸਮੇਂ ਤੋਂ ਕਿਰਾਏ ੱਤੇ ਦਿੱਤੀਆਂ ਹੋਈਆਂ ਸਾਨੂੰ ਜਿਨਾਂ ਦਾ ਕਿਰਾਇਆ ਵੀ ਕਿਰਾਏਦਾਰਾਂ ਵੱਲੋਂ ਨਹੀਂ ਦਿੱਤਾ ਜਾ ਰਿਹਾ ਸੀ, ਹੁਣ ਇਹ ਦੁਕਾਨਾਂ ਅੰਮ੍ਰਿਤਸਰ ਤੋਂ ਮਹਿਤਾ ਰੋਡ ਨੂੰ ਬਣ ਰਹੇ ਹਾਈਵੇ ਵਿੱਚ ਆ ਜਾਣ ਕਰਕੇ ਢੱਠ ਰਹੀਆਂ ਹਨ ਅਤੇ ਇਸ ਦਾ ਮੁਆਵਜ਼ਾ ਵੀ ਗ੍ਰਾਮ ਪੰਚਾਇਤ ਸੈਦੋਲੇਹਲ ਨੂੰ ਮਿਲਣਾ ਹੈ ਪਰ ਐਸ ਡੀ ਐਮ ਬਾਬਾ ਬਕਾਲਾ ਜਬਰੀ ਇਨ੍ਹਾਂ ਦੁਕਾਨਾਂ ਦਾ ਮੁਆਵਜ਼ਾ ਡਿਫਾਲਟਰ ਕਿਰਾਏਦਾਰਾਂ ਨੂੰ ਦੇ ਰਿਹਾ ਹੈ ਜੋ ਸਰਾਸਰ ਪੰਚਾਇਤ ਨਾਲ



ਧੱਕਾ ਹੈ, ਜਿਸ ਨੂੰ ਪਿੰਡ ਦੀ ਪੰਚਾਇਤ ਅਤੇ ਪਿੰਡ ਵਾਸੀ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ। ਉਨ੍ਹਾਂ ਦੱਸਿਆ ਕਿ ਐਸ ਡੀ ਐਮ ਬਾਬਾ ਬਕਾਲਾ ਸਚਾਈ ਨੂੰ ਅੱਖੋਂ ਪਰੋਖੇ ਕਰਕੇ ਪੰਚਾਇਤ ਨਾਲ ਧੱਕਾ ਕਰ ਰਿਹਾ ਅਤੇ ਜੇਕਰ ਗ੍ਰਾਮ ਪੰਚਾਇਤ ਨੂੰ ਛੱਡ ਕੇ ਕਿਰਾਏਦਾਰਾਂ ਨੂੰ ਇਸ ਦਾ ਮੁਆਵਜ਼ਾ ਦਿੱਤਾ ਗਿਆ ਤਾਂ ਅੰਮ੍ਰਿਤਸਰ ਮਹਿਤਾ ਰੋਡ ਜਾਮ ਕਰਕੇ ਸੰਘਰਸ਼ ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਮੰਗ ਕੀਤੀ ਕਿ ਉਕਤ ਦੁਕਾਨਾਂ ਦਾ ਮੁਆਵਜ਼ਾ ਪੰਚਾਇਤ ਦੇ ਖਾਤੇ ਵਿੱਚ ਪਾਇਆ ਜਾਵੇ । ਇਸ ਸਬੰਧੀ ਜਦੋਂ ਉਕਤ ਦੁਕਾਨਾਂ ਦੇ ਕਿਰਾਏਦਾਰਾਂ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਕਿਹਾ ਕਿ ਇਹ ਜਗ੍ਹਾ ਤਾਂ ਭਾਵੇਂ ਪੰਚਾਇਤ ਦੀ ਹੈ ਪਰ ਦੁਕਾਨਾਂ ਦੀ ਉਸਾਰੀ ਉਨ੍ਹਾਂ ਨੇ ਕੀਤੀ ਹੈ, ਇਸ ਲਈ ਉਸਾਰੀ ਮੁਆਵਜ਼ੇ 'ਤੇ ਉਨ੍ਹਾਂ ਦਾ ਹੱਕ ਬਣਦਾ ਹੈ। ਇਸ ਸਬੰਧੀ ਜਦੋਂ ਪੱਤਰਕਾਰ ਵੱਲੋਂ ਐਸ ਡੀ ਐਮ ਬਾਬਾ ਬਕਾਲਾ ਨੂੰ ਫੋਨ ਕੀਤਾ ਗਿਆ ਤਾਂ ਉਨ੍ਹਾਂ ਮੋਬਾਇਲ ਰਿਸੀਵ ਨਹੀਂ ਕੀਤਾ ।

# ਲੱਖਾਂ ਦੀ ਡਕੈਤੀ ਤੇ ਲੱਖਾਂ ਦੇ ਗਹਿਣਿਆਂ ਦੀ ਲੁੱਟ ਮਾਮਲੇ 'ਚ ਚਾਰ ਗ੍ਰਿਫ਼ਤਾਰ

**ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)**-ਪੁਲਸ ਵੱਲੋਂ 11 ਲੱਖ 7,000 ਅਤੇ ਖਿਡੌਣਾ ਨੁਮਾ ਪਿਸਤੌਲ ਬਰਾਮਦ ਕੀਤੀ ਗਈ। ਚਾਰਾਂ ਦੋਸ਼ੀਆਂ ਵਿੱਚੋਂ ਤਿੰਨਾਂ ਉੱਤੇ ਪਹਿਲਾਂ ਵੀ ਅਪਰਾਧਕ



ਐਸ ਪੀ ਦਿਹਾਤੀ ਦੀ ਅਗਵਾਈ ਹੇਠ ਪੁਲਸ ਦੀਆਂ ਅਲੱਗ ਅਲੱਗ ਟੀਮਾਂ ਗਠਨ ਕੀਤੀਆਂ ਗਈਆਂ ਸਨ, ਜਿਸ ਤੋਂ ਬਾਅਦ ਵੀਰਵਾਰ ਪੁਲਸ ਨੂੰ ਵੱਡੀ ਸਫਲਤਾ ਹਾਸਲ ਹੋਈ । ਜਿਸ ਮਾਮਲੇ ਦਰਜ ਹਨ। ਡੀ ਐਸ ਪੀ ਅਜਨਾਲਾ ਦੇ ਦਫਤਰ 'ਚ ਪ੍ਰੈਸ ਕਾਨਫਰੰਸ ਕਰ ਐਸ ਪੀ ਡੀ ਹਰਿੰਦਰ ਸਿੰਘ ਗਿੱਲ ਨੇ ਦੱਸਿਆ ਕਿ ਪਿਛਲੇ ਦਿਨੀਂ ਚੁਗਾਵਾਂ ਰੋਡ 'ਤੇ ਸੁਰਿੰਦਰ ਕੁਮਾਰ ਦੇ ਘਰ ਤੜਕਸਾਰ ਜਦੋਂ ਉਹ ਆਪਣੀ ਦੁਕਾਨ 'ਤੇ ਚੱਲੇ ਸੀ ਤਾਂ ਪਿਸਟਲ ਦੀ ਨੋਕ 'ਤੇ ਲੱਖਾਂ ਰੁਪਏ ਅਤੇ ਗਹਿਣਿਆਂ ਦੀ ਲੁੱਟ ਹੋਈ ਸੀ। ਉਨ੍ਹਾਂ ਅੱਗੇ ਦੱਸਿਆ ਐਸ ਵਿੱਚ ਪੁਲਸ ਵੱਲੋਂ ਚਾਰ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਇਨ੍ਹਾਂ ਪਾਸੋਂ 11, ਲੱਖ 7000 ਰੁਪਏ ਅਤੇ ਖਿਡੌਣਾ ਪਿਸਤੌਲ ਬਰਾਮਦ ਕਰ ਲਿਆ ਗਿਆ । ਐਸ ਪੀ ਐਚ ਐਸ ਗਿੱਲ ਨੇ ਅੱਗੇ ਦੱਸਿਆ ਕਿ ਇਨ੍ਹਾਂ ਦੋਸ਼ੀਆਂ ਨੂੰ ਕੋਰਟ ਵਿੱਚ ਪੇਸ਼ ਕਰ ਪੰਜ ਦਿਨ ਦਾ ਰਿਮਾਂਡ ਹਾਸਲ ਕੀਤਾ ਗਿਆ ਹੈ।

## ਨਵਾਂ ਸ਼ਾਲਾ 'ਚ ਲੱਕੜ ਦੀ ਸ਼ੈੱਡ ਡਿਗਣ ਕਾਰਨ ਆਵਾਜਾਈ ਪ੍ਰਭਾਵਤ

**ਗੁਰਦਾਸਪੁਰ, (ਜਨਕ ਮਹਾਜਨ)**- ਗੁਰਦਾਸਪੁਰ- ਮੁਕੇਰੀਆਂ ਮੁੱਖ ਸੜਕ 'ਤੇ ਪੈਂਦੇ ਕਸਬਾ ਨਵਾਂ ਸ਼ਾਲਾ ਵਿਖੇ ਹਨੇਰੀ ਨਾਲ ਲੱਕੜ ਦੀ ਸ਼ੈਡ ਡਿੱਗੀ ਪਈ ਹੈ ਜਿਸ ਨਾਲ ਆਵਾਜਾਈ ਪ੍ਰਭਾਵਿਤ ਹੋ ਰਹੀ ਹੈ। ਵਾਤਾਵਰਣ ਪ੍ਰੇਮੀ ਸੰਗੀਤਾ ਸ਼ਰਮਾ ਨੇ ਦੱਸਿਆ ਕਿ ਇਹ ਸ਼ੈਡ ਪਿਛਲੇ ਦੋ ਹਫ਼ਤਿਆਂ ਤੋਂ ਤੇਜ਼ ਹਨੇਰੀ ਦੇ ਚੱਲਣ ਕਾਰਨ ਡਿੱਗੀ ਪਈ ਹੈ ਅਤੇ ਲੋਕਾਂ ਦੀ ਆਵਾਜਾਈ ਵਿਚ ਰੁਕਾਵਟ ਦਾ ਕਾਰਨ ਵੀ ਬਣ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਸੜਕ 'ਤੇ ਆਉਂਦੇ ਤੇਜ਼ ਰਫ਼ਤਾਰ ਨਾਲ ਵਾਹਨ ਇਸ ਨਾਲ ਟਕਰਾ ਕੇ ਜਾਨੀ ਮਾਲੀ ਨੁਕਸਾਨ ਹੋਣ ਦਾ ਵੀ ਡਰ ਬਣਿਆ ਰਹਿੰਦਾ ਹੈ ਅਤੇ ਇਸ ਪਿੱਛੇ ਦੁਕਾਨਦਾਰਾਂ ਦਾ ਕਾਰੋਬਾਰ ਵੀ ਪ੍ਰਭਾਵਿਤ ਹੋ ਰਿਹਾ ਹੈ। ਉਨ੍ਹਾਂ ਨੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਪਾਸੋਂ ਮੰਗ ਕੀਤੀ ਹੈ ਕਿ ਸਬੰਧਤ ਵਿਭਾਗ ਵਲੋਂ ਸੜਕ ਕੰਢੇ ਡਿੱਗੀ ਲੱਕੜ ਦੀ ਸ਼ੈਡ ਨੂੰ ਚੁਕਵਾਇਆ ਜਾਵੇ ਤਾਂ ਜੋ ਕੋਈ ਅਣਸਖਾਵੀਂ ਘਟਨਾ ਨਾ ਵਾਪਰ ਸਕੇ।

# ਪੰਜਾਬ ਸਰਕਾਰ ਨੂੰ ਸ਼ਹੀਦ ਕਿਸਾਨਾਂ ਦੇ ਪਰਵਾਰਾਂ ਦੀ ਬਾਂਹ ਫੜਨੀ ਚਾਹੀਦੀ : ਮਜੀਠੀਆ

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**-ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ ਅਧੀਨ ਪੈਂਦੇ ਅਹਿਮ ਕਸਬਾ ਤਰਸਿੱਕਾ ਦੇ ਕਿਸਾਨ ਦਇਆ ਸਿੰਘ ਪੁੱਤਰ ਸ਼ਿੰਗਾਰਾ ਸਿੰਘ ਜੋ ਕਿ ਕਿਸਾਨੀ ਸੰਘਰਸ਼ ਦੇ ਦੌਰਾਨ ਬੀਤੀ ਦਿਨੀਂ ਸ਼ੰਭੂ ਬਾਰਡਰ 'ਤੇ ਡਟੇ ਹੋਏ ਸਨ ਜਿਸ ਦੌਰਾਨ ਦਿਲ ਦਾ ਦੌਰਾ ਪੈਣ ਕਾਰਨ ਦਇਆ ਸਿੰਘ ਦੀ ਉੱਥੇ ਮੌਤ ਹੋ ਗਈ ਸੀ ਦੇ ਗ੍ਰਹਿ ਵਿਖੇ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਪਰਵਾਰ ਨਾਲ ਅਫਸੋਸ ਕਰਨ ਲਈ ਉਚੇਚੇ ਤੌਰ 'ਤੇ ਪਹੁੰਚੇ ਜਿਨ੍ਹਾਂ ਨੇ ਪਰਵਾਰ ਦੇ ਨਾਲ ਦੁੱਖ ਵੰਡਾਇਆ। ਇਸ ਮੌਕੇ ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਜੀਠੀਆ ਨੇ ਕਿਹਾ ਕਿ ਉਹ ਪਰਵਾਰ ਨਾਲ ਦੁੱਖ ਸਾਂਝਾ ਕਰਨ ਲਈ ਆਏ ਹਨ ਜਿੱਥੇ ਇਲਾਕੇ ਦੇ ਲੋਕਾਂ ਅਤੇ ਮੋਹਤਬਰਾਂ ਦੀ ਇਹ ਮੰਗ ਅਸੀਂ ਸਰਕਾਰ ਆਪ ਸਰਕਾਰ ਅੱਗੇ ਰੱਖਦੇ ਹਾਂ ਕਿ ਜੋ 14 ਕਿਸਾਨਾਂ ਦੀਆਂ ਬਾਰਡਰ 'ਤੇ ਬੈਠਿਆਂ ਦੀ ਮੌਤ ਹੋਈ ਹੈ ਉਨ੍ਹਾਂ ਦੇ ਪਰਵਾਰਾਂ ਨੂੰ ਮਾਲੀ ਸਹਾਇਤਾ ਅਤੇ ਪਰਵਾਰ ਦੇ ਇੱਕ ਇੱਕ ਜੀਅ ਨੂੰ ਸਰਕਾਰੀ ਨੌਕਰੀ ਮੁਹਈਆ ਕਰਵਾਈ ਜਾਵੇ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਸ਼ੁਭਕਰਨ ਸਿੰਘ ਦੇ ਮਾਮਲੇ ਵਿੱਚ ਕਿਸਾਨ ਜਥੇਬੰਦੀਆਂ ਦੀ ਰੱਖੀ ਮੰਗ ਸਰਕਾਰ ਨੇ ਪ੍ਰਵਾਨ ਕੀਤੀ ਸੀ, ਇਸੇ ਤਰ੍ਹਾਂ ਬਾਕੀ ਸ਼ਹੀਦ ਕਿਸਾਨਾਂ ਦੀ ਵਡਮੁੱਲੀ ਸ਼ਹਾਦਤ ਨੂੰ ਮੁੱਖ ਰੱਖਦਿਆਂ ਕਿਸਾਨਾਂ ਦੇ ਪਰਵਾਰਾਂ ਦੀ ਬਾਂਹ ਫੜਨੀ ਸਰਕਾਰ ਨੂੰ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਕਿਸਾਨ ਦਇਆ ਸਿੰਘ ਜੋ ਕਿ ਸਾਬਕਾ ਫੌਜੀ ਸੀ ਅਤੇ ਡੇਢ ਏਕੜ ਜ਼ਮੀਨ ਦਾ ਮਾਲਕ ਸੀ, ਦੇ ਪਰਵਾਰ ਦੀ ਬਾਂਹ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਇਸ ਹਲਕੇ ਤੋਂ ਵਿਧਾਇਕ ਤੇ ਕੈਬਨਿਟ ਮੰਤਰੀ ਹਰਭਜਨ ਸਿੰਘ



ਈਟੀਓ ਨੂੰ ਤਵੱਜੋ ਦੇ ਕੇ ਮਦਦ ਕਰਨੀ ਚਾਹੀਦੀ ਹੈ । ਇਸ ਮੌਕੇ ਤੇ ਵੱਡੀ ਗਿਣਤੀ ਵਿੱਚ ਇਲਾਕੇ ਦੇ ਮੋਹਤਬਰ ਆਗੂ, ਕਿਸਾਨ ਆਗੂ, ਸਰਪੰਚ ਪੰਚ ਵੀ ਹਾਜ਼ਰ ਸਨ ।

5-Apral-PAGE-4.qxd 4/4/2024 10:55 PM Page 1

ਨਵਾਂ ਜ਼ਮਾਨਾ
ਸ਼ੁੱਕਰਵਾਰ, 5 ਅਪ੍ਰੈਲ 2024

# ਇਹਤਿਆਤ 'ਚ ਹੀ ਬਿਹਤਰੀ

*ਘੱਟ ਗਿਣਤੀਆਂ 'ਤੇ ਵਧ ਰਹੇ ਹਮਲਿਆਂ ਦੇ ਮੱਦੇਨਜ਼ਰ ਭਾਰਤ ਵਿਚ ਕੈਥੋਲਿਕ ਭਾਈਚਾਰੇ ਦੀ ਸਭ ਤੋਂ ਵੱਡੀ ਜਥੇਬੰਦੀ—ਕੈਥੋਲਿਕ ਬਿਸ਼ਪ'ਸ ਕਾਨਫਰੰਸ ਆਫ ਇੰਡੀਆ (ਸੀ ਬੀ ਸੀ ਆਈ) ਨੇ ਆਪਣੇ ਤਹਿਤ ਚਲਦੇ ਵਿਦਿਅਕ ਅਦਾਰਿਆਂ ਲਈ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ। ਇਨ੍ਹਾਂ ਵਿਚ ਕਿਹਾ ਗਿਆ ਹੈ ਕਿ ਵਿੱਦਿਅਕ ਅਦਾਰਿਆਂ 'ਚ ਗੈਰ-ਈਸਾਈ ਧਰਮਾਂ ਦੇ ਵਿਦਿਆਰਥੀਆਂ 'ਤੇ ਈਸਾਈ ਰਵਾਇਤਾਂ ਨਾ ਮੜ੍ਹੀਆਂ ਜਾਣ ਤੇ ਸਵੇਰ ਦੀ ਪ੍ਰਾਰਥਨਾ ਸਭਾ ਵਿਚ ਸੰਵਿਧਾਨ ਦੀ ਪ੍ਰਸਤਾਵਨਾ ਦਾ ਪਾਠ ਕਰਾਇਆ ਜਾਵੇ। ਪ੍ਰਸਤਾਵਨਾ ਨੂੰ ਮੇਨ ਗੇਟ 'ਤੇ ਵੀ ਪ੍ਰਦਰਸ਼ਤ ਕੀਤਾ ਜਾਵੇ। ਇਸ ਤੋਂ ਇਲਾਵਾ ਸਕੂਲਾਂ ਵਿਚ ਅੰਤਰ-ਧਰਮ ਪ੍ਰਾਰਥਨਾ ਕਮਰਾ ਕਾਇਮ ਕੀਤਾ ਜਾਵੇ। ਕੁਝ ਪ੍ਰਮੁੱਖ ਭਾਰਤੀ ਆਜ਼ਾਦੀ ਘੁਲਾਟੀਆਂ, ਵਿਗਿਆਨੀਆਂ, ਕਵੀਆਂ ਤੇ ਕੌਮੀ ਨੇਤਾਵਾਂ ਦੀਆਂ ਤਸਵੀਰਾਂ ਸਕੂਲ ਦੀ ਲੌਬੀ ਤੇ ਲਾਇਬ੍ਰੇਰੀ ਵਿਚ ਲਗਾਈਆਂ ਜਾਣ। ਸੀ ਬੀ ਸੀ ਆਈ ਦੀ ਸੋਚ ਹੈ ਕਿ ਇਸ ਤਰ੍ਹਾਂ ਕਰਨ ਨਾਲ ਚਲੰਤ ਸਮਾਜੀ-ਸੱਭਿਆਚਾਰ, ਧਾਰਮਕ ਤੇ ਸਿਆਸੀ ਸਥਿਤੀ ਕਾਰਨ ਪੈਦਾ ਹੋ ਰਹੀਆਂ ਵੰਗਾਰਾਂ ਨਾਲ ਸਿੱਝਣ ਵਿਚ ਮਦਦ ਮਿਲੇਗੀ।*

*ਸੀ ਬੀ ਸੀ ਆਈ ਤਹਿਤ ਦੇਸ਼ ਭਰ ਵਿਚ ਕਰੀਬ 14 ਹਜ਼ਾਰ ਸਕੂਲ, 650 ਕਾਲਜ, 7 ਯੂਨੀਵਰਸਿਟੀਆਂ, ਪੰਜ ਮੈਡੀਕਲ ਕਾਲਜ ਤੇ 450 ਤਕਨੀਕੀ ਤੇ ਕਿੱਤਾਕਾਰੀ ਅਦਾਰੇ ਚਲਦੇ ਹਨ। ਉਸ ਨੇ ਉਪਰੋਕਤ ਦਿਸ਼ਾ-ਨਿਰਦੇਸ਼ ਪਿੱਛੇ ਜਿਹੇ ਈਸਾਈ ਭਾਈਚਾਰੇ ਵੱਲੋਂ ਚਲਾਏ ਜਾ ਰਹੇ ਵਿੱਦਿਅਕ ਅਦਾਰਿਆਂ ਦੇ ਪ੍ਰਿੰਸੀਪਲਾਂ ਤੇ ਸਟਾਫ ਉੱਤੇ ਹਮਲਿਆਂ ਤੇ ਪ੍ਰਦਰਸ਼ਨਾਂ ਦੇ ਪਿਛੋਕੜ ਵਿਚ ਜਾਰੀ ਕੀਤੇ ਹਨ। ਫਰਵਰੀ ਵਿਚ ਤ੍ਰਿਪੁਰਾ ਦੇ ਇਕ ਨਿੱਜੀ ਈਸਾਈ ਮਿਸ਼ਨਰੀ ਸਕੂਲ ਦੇ ਇਕ ਟੀਚਰ 'ਤੇ ਬਜਰੰਗ ਦਲੀਆਂ ਨੇ ਉਦੋਂ ਪ੍ਰੋਟੈੱਸਟ ਕੀਤਾ ਸੀ, ਜਦੋਂ ਉਸ ਨੇ ਇਕ ਵਿਦਿਆਰਥੀ ਨੂੰ ਗੁੱਟ 'ਤੇ ਹਿੰਦੂ ਧਰਮ ਨੂੰ ਦਰਸਾਉਂਦਾ ਗਾਨਾ ਬੰਨ੍ਹਣ ਤੋਂ ਵਰਜਿਆ। ਉਸੇ ਮਹੀਨੇ ਆਸਾਮ ਦੇ ਇਕ ਗਰਮ ਖਿਆਲ ਹਿੰਦੂ ਗਰੁੱਪ ਨੇ ਸੂਬੇ ਦੇ ਈਸਾਈ ਸਕੂਲਾਂ ਵਿਚ ਸਾਰੇ ਈਸਾਈ ਪ੍ਰਤੀਕ ਤੇ ਧਾਰਮਕ ਆਦਤਾਂ ਨੂੰ ਹਟਾਉਣ ਲਈ 15 ਦਿਨਾਂ ਦਾ ਅਲਟੀਮੇਟਮ ਦਿੱਤਾ ਸੀ।*

*ਹਿੰਦੂ ਕੱਟੜਵਾਦੀਆਂ ਵੱਲੋਂ ਮੋਦੀ ਰਾਜ ਵਿਚ ਮਚਾਈ ਜਾ ਰਹੀ ਬੁਰਛਾਗਰਦੀ ਦਰਮਿਆਨ ਈਸਾਈਆਂ ਤੋਂ ਇਲਾਵਾ ਹੋਰਨਾਂ ਘੱਟ ਗਿਣਤੀ ਫਿਰਕਿਆਂ ਵੱਲੋਂ ਚਲਾਏ ਜਾਂਦੇ ਵਿੱਦਿਅਕ ਅਦਾਰਿਆਂ ਵਿਚ ਵੀ ਅਜਿਹੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨਾ ਚੰਗਾ ਰਹੇਗਾ। ਜਦੋਂ ਸੂਬਾ ਸਰਕਾਰਾਂ ਸੁਰੱਖਿਆ ਦੀ ਗਰੰਟੀ ਨਾ ਦੇ ਸਕਣ ਤਾਂ ਖੁਦ ਹੀ ਬਚਾਅ ਕਰਨਾ ਠੀਕ ਰਹੇਗਾ। ਇਸ ਤਰ੍ਹਾਂ ਦਾ ਕੋਈ ਮੌਕਾ ਨਹੀਂ ਦੇਣਾ ਚਾਹੀਦਾ, ਜਿਸ ਨੂੰ ਕੱਟੜਵਾਦੀ ਆਪਣੇ ਸੁਆਰਥੀ ਹਿੱਤਾਂ ਲਈ ਵਰਤ ਸਕਣ।*

# ਮੁਨਾਫੇ 'ਤੇ ਅਧਾਰਤ ਸਮਾਜ ਭ੍ਰਿਸ਼ਟ, ਸ਼ੋਸ਼ਣਕਾਰੀ ਤੇ ਅਮਾਨਵੀ



ਪਵਨ ਕੁਮਾਰ ਕੌਸ਼ਲ

ਮੁਨਾਫੇ 'ਤੇ ਅਧਾਰਤ ਸਮਾਜ ਭ੍ਰਿਸ਼ਟ, ਸ਼ੋਸ਼ਣਕਾਰੀ ਅਤੇ ਗੈਰ-ਮਾਨਵੀ ਹੁੰਦਾ ਹੈ। ਸ਼ੋਸ਼ਣਕਾਰੀ ਸਮਾਜ 'ਮੁਨਾਫਾ ਪਹਿਲਾਂ ਮਾਨਵਤਾ ਬਾਅਦ ਵਿੱਚ' ਵਾਲੇ ਸਿਧਾਂਤ ਦਾ ਪੈਰੋਕਾਰ ਹੁੰਦਾ ਹੈ। ਭਾਰਤ ਸਰਕਾਰ ਵੀ ਇਸੇ ਸਿਧਾਂਤ ਉਪਰ ਚੱਲ ਰਹੀ ਹੈ। ਕੇਂਦਰ ਸਰਕਾਰ ਦੀਆਂ ਨੀਤੀਆਂ ਪੂਰਨ ਤੌਰ 'ਤੇ ਸ਼ੋਸ਼ਣਕਾਰੀ ਹਨ। ਸੂਬਾਈ ਸਰਕਾਰਾਂ ਵੀ ਕੋਈ ਘੱਟ ਜਾਂ ਵੱਧ ਸ਼ੋਸ਼ਣਕਾਰੀ ਨੀਤੀਆਂ ਉਪਰ ਹੀ ਚਲਦੀਆਂ ਹਨ। ਸਾਰੀਆਂ ਸਕੀਮਾਂ ਦੇ ਨਾਂਅ ਲੋਕ ਭਲਾਈ ਦੇ ਨਾਂਅ ਉਪਰ ਹੀ ਰੱਖੇ ਜਾਂਦੇ ਹਨ, ਪ੍ਰੰਤੂ ਹਿੱਤ ਵੱਡੇ ਪੂੰਜੀਪਤੀਆਂ ਅਤੇ ਇਜਾਰੇਦਾਰਾਂ ਦੇ ਪਾਲੇ ਜਾਂਦੇ ਹਨ।

ਮੁਨਾਫ਼ੇ ਦੀ ਮੁਹਿੰਮ ਪੂੰਜੀਵਾਦ ਦਾ ਕੇਂਦਰ ਬਿੰਦੂ ਹੈ। ਇਹ ਇੱਕ ਅਜਿਹੀ ਪ੍ਰਣਾਲੀ ਹੈ, ਜਿੱਥੇ ਕਾਰੋਬਾਰ ਇਸ ਲਈ ਉਤਪਾਦਨ ਸਥਾਪਤ ਨਹੀਂ ਕਰਦੇ ਹਨ, ਕਿਉਂਕਿ ਉਹ ਸੋਚਦੇ ਹਨ ਕਿ ਕੋਈ ਉਤਪਾਦ ਜ਼ਰੂਰੀ ਜਾਂ ਮਹੱਤਵਪੂਰਨ ਹੈ, ਪਰ ਇਸ ਗੱਲ 'ਤੇ ਅਧਾਰਤ ਹੈ ਕਿ ਕੀ ਇਥੇ ਮੁਨਾਫਾ ਕਮਾਉਣ ਦੀ ਸੰਭਾਵਨਾ ਹੈ। ਮੁਨਾਫਾ ਕਮਾਉਣ ਦਾ ਭੇਤ/ਰਾਜ਼ ਮਨੁੱਖੀ ਕਿਰਤ ਦੇ ਵਿਸ਼ੇਸ਼ ਗੁਣਾਂ ਵਿੱਚ ਪਾਇਆ ਜਾਂਦਾ ਹੈ।

ਕਾਰਲ ਮਾਰਕਸ ਦੇ ਕਥਨ ਅਨੁਸਾਰ, 'ਪੂੰਜੀਵਾਦ ਅਤੇ ਪੂੰਜੀਪਤੀ ਸਮਾਜ ਸਾਰੀਆਂ ਬੁਰਾਈਆਂ ਦੀ ਜੜ੍ਹ ਹੈ। ਇਹ ਧਰਤੀ ਉੱਤੇ ਨਰਕ ਦਾ ਅੱਡਾ ਹੈ।'

'ਸਰਮਾਏਦਾਰ ਦੀ ਯਕੀਨਨ ਜਿੰਨਾ ਸੰਭਵ ਹੋ ਸਕੇ ਕੰਮ ਲੈਣ ਦੀ ਇਹ ਇੱਛਾ ਜ਼ਰੂਰ ਹੁੰਦੀ ਹੈ । ਅਸੀਂ ਕੀ ਕਰਨਾ ਹੈ ਉਸ ਦੀ ਇੱਛਾ ਬਾਰੇ ਗੱਲ ਨਹੀਂ ਕਰਨੀ ਹੈ, ਬਲਕਿ ਉਸ ਦੀ ਸ਼ਕਤੀ, ਉਸ ਸ਼ਕਤੀ ਦੀਆਂ ਸੀਮਾਵਾਂ ਅਤੇ ਉਨ੍ਹਾਂ ਸੀਮਾਵਾਂ ਦੇ ਚਰਿੱਤਰ ਬਾਰੇ ਜਾਨਣਾ ਹੈ।' (ਉਜਰਤ, ਕੀਮਤ ਅਤੇ ਮੁਨਾਫਾ) ਸਾਰੀਆਂ ਵਸਤੂਆਂ ਆਖਿਰਕਾਰ ਕਿਰਤ ਦੀ ਉਪਜ ਹਨ। ਇੱਥੋਂ ਤੱਕ ਕਿ ਉਹ ਸੰਦ, ਫੈਕਟਰੀਆਂ ਅਤੇ ਮਸ਼ੀਨਾਂ ਜਿਨ੍ਹਾਂ ਦੀ ਵਰਤੋਂ ਕਾਮੇ ਉਤਪਾਦ ਬਣਾਉਣ ਲਈ ਕਰਦੇ ਹਨ, ਉਹ ਖੁਦ ਮਨੁੱਖੀ ਕਿਰਤ ਦੁਆਰਾ ਇਕੱਠੇ ਕੀਤੇ ਗਏ ਸਨ। ਲੋਹੇ ਅਤੇ ਸਟੀਲ ਵਰਗੇ ਕੱਚੇ ਮਾਲ, ਜੋ ਉਹਨਾਂ ਵਿੱਚ ਜਾਂਦੇ ਸਨ, ਉਹਨਾਂ ਨੂੰ ਖੁਦਾਈ ਅਤੇ ਪ੍ਰੋਸੈੱਸ ਕਰਨਾ ਪੈਂਦਾ ਸੀ।

ਇਸ ਵਿੱਚ ਸ਼ਾਮਲ ਤਕਨਾਲੋਜੀ ਨੂੰ ਵਿਕਸਤ ਕਰਨ ਲਈ ਵਿਗਿਆਨੀਆਂ ਅਤੇ ਇੰਜੀਨੀਅਰਾਂ ਤੋਂ ਮਨੁੱਖੀ ਮਿਹਨਤ ਦੇ ਮਹੀਨਿਆਂ ਜਾਂ ਸਾਲਾਂ ਦੀ ਵੀ ਲੋੜ ਹੁੰਦੀ ਹੈ, ਪਰ ਸਰਮਾਏਦਾਰੀ ਅਧੀਨ ਮਜ਼ਦੂਰਾਂ ਦੀ ਕਿਰਤ ਬਾਕੀ ਸਭ ਚੀਜ਼ਾਂ ਵਾਂਗ ਆਪਣੇ ਆਪ ਵਿੱਚ ਇੱਕ ਵਸਤੂ ਹੈ। ਇੱਕ 'ਲੇਬਰ ਬਜ਼ਾਰ' ਹੈ, ਜਿੱਥੇ ਕਾਮੇ ਮਜ਼ਦੂਰੀ ਦੇ ਬਦਲੇ ਇੱਕ ਕੰਪਨੀ ਨੂੰ ਕੰਮ ਕਰਨ ਦੀ ਆਪਣੀ ਸਮਰੱਥਾ ਵੇਚਦੇ ਹਨ।

'ਇੱਕ ਪੂੰਜੀਪਤੀ ਇੱਕ ਦਿਨ ਦੀ ਕਿਰਤ-ਸ਼ਕਤੀ ਲਈ ਭੁਗਤਾਨ ਕਰਦਾ ਹੈ, ਫਿਰ ਇੱਕ ਦਿਨ ਲਈ ਉਸ ਸ਼ਕਤੀ ਦੀ ਵਰਤੋਂ ਕਰਨ ਦਾ ਅਧਿਕਾਰ ਉਸ ਦਾ ਹੈ।' ਮਹੱਤਵਪੂਰਨ ਤੌਰ 'ਤੇ ਇਸ ਦਾ ਮਤਲਬ ਇਹ ਹੈ ਕਿ ਇੱਕ ਸਰਮਾਏਦਾਰ ਮਜ਼ਦੂਰਾਂ ਨੂੰ ਉਜਰਤਾਂ ਦੇ ਰੂਪ ਵਿੱਚ ਦਿੱਤੇ ਗਏ ਮੁੱਲ/ਕੀਮਤ ਨਾਲੋਂ ਵੱਧ ਮੁੱਲ ਦੀਆਂ ਨਵੀਂਆਂ ਵਸਤੂਆਂ ਬਣਾਉਣ ਲਈ ਪ੍ਰਾਪਤ ਕਰ ਸਕਦਾ ਹੈ।

ਮਜ਼ਦੂਰਾਂ ਵੱਲੋਂ ਬਿਨਾਂ ਉਜਰਤ ਕੀਤੇ ਕੰਮ ਨੂੰ ਮਾਰਕਸ 'ਵਾਧੂ ਮੁੱਲ ਜਾਂ ਵਾਫਰ ਕਦਰ' ਕਹਿੰਦੇ ਹਨ। ਇਹ ਸਰਮਾਏਦਾਰਾਂ ਦੇ ਮੁਨਾਫੇ ਦਾ ਸਰੋਤ ਹੈ ਅਤੇ ਇਹ ਪੂੰਜੀਵਾਦ ਦੇ ਅਧੀਨ ਦੌਲਤ ਅਤੇ ਵਸਤੂਆਂ ਦੇ ਅਸਧਾਰਨ ਸੰਗ੍ਰਹਿ ਦੀ ਵਿਆਖਿਆ ਕਰਦਾ ਹੈ।

ਇਹ ਇਹ ਵੀ ਦਰਸਾਉਂਦਾ ਹੈ ਕਿ ਪੂੰਜੀਵਾਦ ਬੁਨਿਆਦੀ ਤੌਰ 'ਤੇ ਸ਼ੋਸ਼ਣ 'ਤੇ ਅਧਾਰਤ ਹੈ। ਇੱਥੋਂ ਤੱਕ ਕਿ ਚੰਗੀ ਤਨਖਾਹ ਵਾਲੇ ਕਾਮਿਆਂ ਕੋਲ ਆਪਣੇ ਮਾਲਕਾਂ ਦੇ ਮੁਨਾਫੇ ਪੈਦਾ ਕਰਨ ਲਈ ਉਹਨਾਂ ਤੋਂ ਲਏ ਗਏ ਮੁੱਲ ਦਾ ਹਿੱਸਾ ਹੋਵੇਗਾ। ਇਸ ਦਾ ਮਿਆਰੀ ਕਾਰਨ ਇਹ ਦਿੱਤਾ ਗਿਆ ਹੈ ਕਿ ਸਰਮਾਏਦਾਰ ਨੇ ਸੰਦ, ਕਾਰਖਾਨੇ ਜਾਂ ਕੰਮ ਵਾਲੀ ਥਾਂ ਪ੍ਰਦਾਨ ਕੀਤੀ, ਜਿੱਥੇ ਮੁਨਾਫਾ ਕਮਾਇਆ ਗਿਆ।

ਪੂੰਜੀਪਤੀ ਲਈ ਮੁਨਾਫੇ ਦਾ ਇੱਕ ਤਰੀਕਾ ਸਿਰਫ਼ ਕਾਮਿਆਂ ਨੂੰ ਸਖ਼ਤ ਮਿਹਨਤ ਕਰਨ ਲਈ ਮਜਬੂਰ ਕਰਨਾ ਹੈ, ਜਿਵੇਂ ਕਿ ਕੰਮ ਦੀ ਗਤੀ ਅਤੇ ਤੀਬਰਤਾ ਨੂੰ ਵਧਾਉਣਾ ਜਾਂ ਕੰਮਕਾਜੀ ਦਿਨ ਵਿੱਚ ਘੰਟਿਆਂ ਦੀ ਗਿਣਤੀ ਵਧਾਉਣਾ। ਜਿਸ ਤਰ੍ਹਾਂ ਹੁਣ ਹੋ ਰਿਹਾ ਹੈ ਦਿਹਾੜੀ 8 ਘੰਟੇ ਹੋਣ ਦੇ ਬਾਵਜੂਦ ਮਜ਼ਦੂਰ ਤੋਂ 10-12 ਘੰਟੇ ਕੰਮ ਲਿਆ ਜਾ ਰਿਹਾ ਹੈ, ਇਸ ਨੂੰ ਮਾਰਕਸ ਨੇ 'ਸੰਪੂਰਨ ਵਾਧੂ ਮੁੱਲ' ਕਿਹਾ।

ਇਸ ਤਰ੍ਹਾਂ ਪੂੰਜੀਵਾਦੀ ਸ਼ੋਸ਼ਣ ਦਾ ਮਤਲਬ ਹੈ ਕਿ ਵਾਧੂ/ਵਾਫਰ ਮੁੱਲ ਦੇ ਸਰਮਾਏਦਾਰਾਂ ਦੁਆਰਾ ਜ਼ਬਰਦਸਤੀ ਆਪਣੇ ਅਧੀਨ ਕਰਨਾ ਹੈ। ਪੂੰਜੀਵਾਦ ਦੇ ਅਧੀਨ ਮਜ਼ਦੂਰ ਦੇ ਪੈਦਾਵਾਰ ਦੇ ਸਾਧਨਾਂ ਦੀ ਮਾਲਕੀ ਦੀ ਘਾਟ ਕਾਰਨ ਆਪਣੀ ਕਿਰਤ ਸ਼ਕਤੀ ਨੂੰ ਉਹਨਾਂ ਦੁਆਰਾ ਪੈਦਾ ਕੀਤੀਆਂ ਵਸਤੂਆਂ ਉੱਪਰ ਲੱਗੀ ਕਿਰਤ ਦੇ ਪੂਰੇ ਮੁੱਲ ਤੋਂ ਘੱਟ ਕੀਮਤ ਦੇ ਪੂੰਜੀਪਤੀਆਂ ਨੂੰ ਵੇਚਣ ਲਈ ਮਜਬੂਰ ਕੀਤਾ ਜਾਂਦਾ ਹੈ।

ਭ੍ਰਿਸ਼ਟਾਚਾਰ ਸਿਸਟਮ ਦਾ ਅਜਿਹਾ ਅੰਦਰੂਨੀ ਹਿੱਸਾ ਹੈ ਕਿ ਕਾਰਪੋਰੇਟ ਟੈਕਸ ਅਦਾ ਕਰਨ ਤੋਂ ਬਚਣਾ ਆਮ ਅਤੇ ਅਟੱਲ ਸਮਝਿਆ ਜਾਂਦਾ ਹੈ, ਇੱਕ ਜਾਇਜ਼ ਛੁਟਕਾਰਾ ਪਾਉਣ ਵਾਲੀ ਕਲਾ। ਇਸ ਦੀ ਇੱਕ ਸ਼ਾਨਦਾਰ ਉਦਾਹਰਨ ਇਹ ਤੱਥ ਹੈ ਕਿ ਅੰਦਰੂਨੀ ਮਾਲ ਸੇਵਾ ਨੇ ਅਤੀਤ ਵਿੱਚ ਕੰਪਨੀਆਂ ਨੂੰ ਕਾਨੂੰਨੀ ਕਾਰੋਬਾਰੀ ਖਰਚਿਆਂ ਵਜੋਂ ਵਿਦੇਸ਼ੀ ਏਜੰਟਾਂ ਨੂੰ ਰਿਸ਼ਵਤ ਦੀ ਕਟੌਤੀ ਕਰਨ ਦੀ ਇਜਾਜ਼ਤ ਦੇ ਦਿੱਤੀ ਜਾਂਦੀ ਹੈ।

ਵਿਆਪਕ ਰੂਪ ਵਿੱਚ ਭ੍ਰਿਸ਼ਟਾਚਾਰ ਵਿੱਚ ਨੈਤਿਕ ਤੌਰ 'ਤੇ ਇਤਰਾਜ਼ਯੋਗ ਤਰੀਕਿਆਂ ਨਾਲ ਦੂਜਿਆਂ ਉੱਤੇ ਸੱਤਾ ਤੋਂ ਲਾਭ ਪ੍ਰਾਪਤ ਕਰਨਾ ਸ਼ਾਮਲ ਹੈ। ਸਰਮਾਏਦਾਰੀ ਦੇ ਭ੍ਰਿਸ਼ਟ ਹੋਣ ਦਾ ਦੋਸ਼ ਲਾਹੇਵੰਦ ਢੰਗ ਨਾਲ ਇੱਕ ਦਾਅਵੇ ਵਜੋਂ ਸਮਝਿਆ ਜਾਂਦਾ ਹੈ ਕਿ ਆਧੁਨਿਕ ਪੂੰਜੀਵਾਦੀ ਅਰਥ ਵਿਵਸਥਾਵਾਂ ਲਾਜ਼ਮੀ ਤੌਰ 'ਤੇ ਅਤੇ ਵਿਆਪਕ ਤੌਰ 'ਤੇ ਭ੍ਰਿਸ਼ਟ ਲਾਭ ਪੈਦਾ ਕਰਦੀਆਂ ਹਨ, ਇਸ ਅਰਥ ਵਿੱਚ ਅਜਿਹੇ ਵਿਹਾਰ ਦੁਆਰਾ ਜੋ ਵਿਅਕਤੀ ਦੇ ਆਰਥਕ ਆਚਰਣ ਲਈ ਪੂੰਜੀਵਾਦੀ ਨਿਯਮਾਂ ਦੀ ਉਲੰਘਣਾ ਨਹੀਂ ਕਰਦਾ ਹੈ।

ਰਾਜਨੀਤਕ ਭ੍ਰਿਸ਼ਟਾਚਾਰ ਚੁਣੇ ਹੋਏ ਸਰਕਾਰੀ ਅਧਿਕਾਰੀਆਂ ਦੁਆਰਾ ਨਿੱਜੀ ਲਾਭ ਲਈ ਜਬਰੀ ਵਸੂਲੀ, ਮੰਗਣ ਜਾਂ ਰਿਸ਼ਵਤ ਦੇ ਕੇ ਜਨਤਕ ਸ਼ਕਤੀ, ਦਫਤਰ ਜਾਂ ਸਰੋਤਾਂ ਦੀ ਦੁਰਵਰਤੋਂ ਹੈ। ਇਹ ਟੈਕਸਦਾਤਾਵਾਂ ਦੇ ਪੈਸੇ ਦੀ ਵਰਤੋਂ ਕਰਨ ਵਾਲੇ ਕਾਨੂੰਨ ਬਣਾ ਕੇ ਵੋਟਾਂ ਖਰੀਦ ਕੇ ਆਪਣੇ ਅਹੁਦੇ 'ਤੇ ਬਣੇ ਰਹਿਣ ਦਾ ਰੂਪ ਵੀ ਲੈ ਸਕਦਾ ਹੈ।

ਆਰਥਿਕ ਉਦਾਰੀਕਰਨ ਦੇ ਵਾਧੇ ਵਜੋਂ ਭ੍ਰਿਸ਼ਟਾਚਾਰ ਨੂੰ ਖਤਮ ਕਰਨਾ, ਪਰ ਇਹ ਤੱਥ ਕਿ ਨਿਯੰਤਰਿਤ ਅਰਥ ਵਿਵਸਥਾਵਾਂ ਨੇ ਸਭ ਤੋਂ ਭ੍ਰਿਸ਼ਟ ਸਮਾਜ ਪੈਦਾ ਕੀਤੇ ਹਨ, ਜਿਨ੍ਹਾਂ ਨੂੰ ਦੁਨੀਆ ਜਾਣਦੀ ਹੈ, ਸਾਨੂੰ ਸੋਚਣ ਲਈ ਵਿਰਾਮ ਦੇਣਾ ਚਾਹੀਦਾ ਹੈ।

**ਭਾਰਤੀ ਰਾਜਨੀਤਕ ਪ੍ਰਣਾਲੀ ਮੂਲ ਰੂਪ ਵਿੱਚ ਭ੍ਰਿਸ਼ਟ ਹੈ**

ਭ੍ਰਿਸ਼ਟਾਚਾਰ ਦਾ ਵਿਸ਼ਲੇਸ਼ਣ ਇਹ ਹੈ ਕਿ ਇਹ ਸਰਮਾਏਦਾਰੀ ਦੀ ਸਿਆਸੀ ਆਰਥਿਕਤਾ ਦੇ ਅੰਦਰ ਇੱਕ ਆਮ, ਅਸਧਾਰਨ ਸਥਿਤੀ ਨਹੀਂ ਹੈ, ਉਦਾਰੀਕਰਨ ਇਸ ਨੂੰ ਹੋਰ ਵੀ ਬਦਤਰ ਬਣਾਉਂਦਾ ਹੈ। ਉਦਾਰੀਕਰਨ ਨੇ ਅਖੌਤੀ ਲਾਇਸੈਂਸ-ਰਾਜ ਦੇ ਅਧੀਨ ਦਿਖਾਈ ਦੇਣ ਵਾਲੀ ਕਿਸੇ ਵੀ ਚੀਜ਼ ਨਾਲੋਂ ਬਹੁਤ ਵੱਡੇ ਰੂਪਾਂ ਵਿੱਚ ਅਤੇ ਇੱਕ ਕਲਪਨਾਯੋਗ ਤੌਰ 'ਤੇ ਵੱਡੇ ਪੈਮਾਨੇ 'ਤੇ ਭ੍ਰਿਸ਼ਟਾਚਾਰ ਦੀ ਸ਼ੁਰੂਆਤ ਕੀਤੀ ਹੈ। ਇਹ ਡੀ-ਰੈਗੂਲੇਸ਼ਨ ਅਤੇ ਉਦਾਰੀਕਰਨ ਤੋਂ ਬਾਅਦ ਰਾਜ ਦੀ ਭੂਮਿਕਾ ਦੇ ਕਾਰਨ ਹੈ। ਸਰਕਾਰਾਂ ਦੀਆਂ ਵਪਾਰ ਪੱਖੀ ਰਣਨੀਤੀਆਂ ਕਰੋਨੀ ਪੂੰਜੀਵਾਦ ਨੂੰ ਲਿਆਉਂਦੀਆਂ ਹਨ ਜਾਂ ਉਹਨਾਂ ਨੂੰ ਸਹੂਲਤ ਦਿੰਦੀਆਂ ਹਨ।

ਭਾਰਤ, ਜਿੱਥੇ 80 ਕਰੋੜ ਲੋਕ ਅਜੇ ਵੀ ਰੋਟੀ ਲਈ ਸਰਕਾਰੀ ਮੁਫਤ ਸਹੂਲਤਾਂ 'ਤੇ ਨਿਰਭਰ ਹਨ, ਦੁਨੀਆ ਦੀਆਂ ਸਭ ਤੋਂ ਮਹਿੰਗੀਆਂ ਲੋਕਤਾਂਤਰਿਕ ਚੋਣਾਂ ਕਰਵਾਉਣ ਦਾ ਅਖੌਤੀ ਸਨਮਾਨ ਹੈ। ਇਹ ਅੰਦਾਜ਼ਾ ਲਗਾਇਆ ਗਿਆ ਹੈ ਕਿ 2019 ਦੀਆਂ ਸੰਸਦੀ ਚੋਣਾਂ 'ਤੇ 2 ਅਰਬ ਡਾਲਰ ਦੀ ਲਾਗਤ ਆਈ ਹੈ। ਇਸ ਤੋਂ ਇਲਾਵਾ ਪਾਰਟੀਆਂ ਅਤੇ ਵਿਅਕਤੀਗਤ ਉਮੀਦਵਾਰਾਂ ਨੇ ਹੋਰ 5 ਅਰਬ ਡਾਲਰ ਖਰਚ ਕੀਤੇ। ਸੰਭਾਵਨਾ ਹੈ ਕਿ 2024 ਵਿੱਚ ਹੋਣ ਵਾਲੀਆਂ ਰਾਸ਼ਟਰੀ ਚੋਣਾਂ ਵਿੱਚ ਇਹ ਰਕਮਾਂ ਦੁੱਗਣੀਆਂ ਹੋ ਜਾਣਗੀਆਂ, ਜੋ ਭ੍ਰਿਸ਼ਟਾਚਾਰ ਅਤੇ ਆਮ ਲੋਕਾਂ ਦੀ ਲੁੱਟ ਅਤੇ ਚੰਦ ਅਮੀਰਾਂ ਦੀ ਦੌਲਤ ਵਿੱਚ ਅਥਾਹ ਵਾਧਾ ਹੋਵੇਗਾ।

ਬੇਹਿਸਾਬ ਪੈਸੇ ਅਤੇ ਰਾਜਨੀਤੀ ਦਾ ਗਠਜੋੜ ਸਾਡੀ ਜਮਹੂਰੀ ਪ੍ਰਕਿਰਿਆ ਦੇ ਮੁੱਖ ਹਿੱਸੇ ਵਿੱਚ ਇੱਕ ਬਦਨਾਮੀ ਹੈ। ਇਹ ਭਾਰਤ ਵਿੱਚ ਸਾਰੇ ਭ੍ਰਿਸ਼ਟਾਚਾਰ ਦਾ ਬੀਜ ਹੈ। ਜੇਕਰ ਭ੍ਰਿਸ਼ਟਾਚਾਰ ਵਿਰੁੱਧ ਕਾਨੂੰਨ ਬਣਾਉਣ ਵਾਲੇ ਹੀ ਭ੍ਰਿਸ਼ਟ ਸਿਸਟਮ ਦੀ ਉਪਜ ਹਨ ਤਾਂ ਬਾਕੀ ਸਮਾਜ ਕਿਵੇਂ ਸਾਫ਼ ਹੋ ਸਕਦਾ ਹੈ? ਜਦੋਂ ਪਾਰਟੀਆਂ ਜਨਤਕ ਤੌਰ 'ਤੇ ਅਣਪਛਾਤੇ ਦਾਨੀਆਂ ਤੋਂ ਨਕਦ ਜਾਂ 'ਚੋਣ ਬਾਂਡ' ਰਾਹੀਂ ਪੈਸੇ ਲੈਂਦੀਆਂ ਹਨ, ਤਾਂ ਉਹ ਯੋਗਤਾ ਦੀ ਪਰਵਾਹ ਕੀਤੇ ਬਿਨਾਂ ਇਹਨਾਂ 'ਉਦਾਰ' ਯੋਗ ਵਿਅਕਤੀਆਂ ਨੂੰ ਇਨਾਮ ਦੇਣ ਲਈ ਕੰਮ ਕਰਦੀਆਂ ਹਨ। ਜਦੋਂ ਉਮੀਦਵਾਰ ਗੈਰ-ਕਾਨੂੰਨੀ ਤੌਰ 'ਤੇ ਚੋਣਾਂ 'ਤੇ ਨਿਰਧਾਰਤ ਸੀਮਾ ਤੋਂ ਕਈ ਗੁਣਾਂ ਜਿਆਦਾ ਖਰਚ ਕਰਦੇ ਹਨ, ਤਾਂ ਉਨ੍ਹਾਂ ਦੀ ਤਰਜੀਹ ਆਪਣੇ ਨਿਵੇਸ਼ ਦੀ ਭਰਪਾਈ ਲਈ ਰਾਜ ਨੂੰ ਦੁੱਧ ਚੁੰਘਾਉਣਾ ਹੁੰਦੀ ਹੈ।

ਪੂੰਜੀਵਾਦ ਨੂੰ ਅਕਸਰ ਇੱਕ ਆਰਥਿਕ ਪ੍ਰਣਾਲੀ ਦੇ ਰੂਪ ਵਿੱਚ ਸੋਚਿਆ ਜਾਂਦਾ ਹੈ, ਜਿਸ ਵਿੱਚ ਨਿੱਜੀ ਕਲਾਕਾਰ/ਵਿਅਕਤੀ ਆਪਣੇ ਹਿੱਤਾਂ ਦੇ ਅਨੁਸਾਰ ਜਾਇਦਾਦ ਦੇ ਮਾਲਕ ਬਣਦੇ ਹਨ ਅਤੇ ਮੰਗ ਅਤੇ ਸਪਲਾਈ ਆਜ਼ਾਦ ਤੌਰ 'ਤੇ ਬਾਜ਼ਾਰਾਂ ਵਿੱਚ ਕੀਮਤਾਂ ਨੂੰ ਇਸ ਤਰੀਕੇ ਨਾਲ ਨਿਰਧਾਰਤ ਕਰਦੇ ਹਨ, ਜੋ ਸਮਾਜ ਦੇ ਸਰਵੋਤਮ ਹਿੱਤਾਂ ਦੀ ਸੇਵਾ ਕਰ ਸਕਦੇ ਹਨ। ਪੂੰਜੀਵਾਦ ਦੀ ਜ਼ਰੂਰੀ ਵਿਸ਼ੇਸ਼ਤਾ ਮੁਨਾਫਾ ਕਮਾਉਣ ਦਾ ਮਨੋਰਥ ਹੈ।

ਭ੍ਰਿਸ਼ਟਾਚਾਰ ਪੂੰਜੀਵਾਦ ਦੀ ਕੁਦਰਤੀ ਪੈਦਾਵਾਰ ਹੈ। ਇਹ ਇੱਕ ਅਜਿਹੀ ਪ੍ਰਣਾਲੀ ਦੇ ਅਧੀਨ ਵਧਦਾ ਅਤੇ ਵਿਕਸਤ ਹੁੰਦਾ ਹੈ, ਜਿਸ ਨੇ ਪੈਸੇ ਦੀ ਪ੍ਰਾਪਤੀ ਨੂੰ ਆਪਣੇ ਸੱਚੇ ਦੇਵਤੇ ਵਿੱਚ ਬਦਲ ਦਿੱਤਾ ਹੈ। ਹਰ ਚੀਜ਼ ਦੀ ਇਜਾਜ਼ਤ ਹੈ, ਕਿਉਂਕਿ ਪੂੰਜੀਵਾਦੀ ਆਰਥਿਕਤਾ ਵਿੱਚ ਵਸਤੂਆਂ ਦਾ ਉਤਪਾਦਨ ਮਨੁੱਖੀ ਲੋੜਾਂ ਨੂੰ ਪੂਰਾ ਕਰਨ ਲਈ ਨਹੀਂ ਮੁਨਾਫਾ ਪ੍ਰਾਪਤ ਕਰਨ ਲਈ ਕੀਤਾ ਜਾਂਦਾ ਹੈ। ਉਦਾਹਰਨ ਲਈ ਜੇਕਰ ਕੋਈ ਸਰਮਾਏਦਾਰ ਇੱਕ ਬੇਕਰੀ ਸਥਾਪਤ ਕਰਦਾ ਹੈ, ਤਾਂ ਇਹ ਬੇਕਰੀ ਬੰਦ ਹੋ ਜਾਵੇਗੀ, ਜੇਕਰ ਕੋਈ ਮੁਨਾਫ਼ਾ ਨਹੀਂ ਪੈਦਾ ਹੁੰਦਾ, ਭਾਵੇਂ ਕਿ ਅਜਿਹੇ ਲੋਕ ਹਨ, ਜਿਨ੍ਹਾਂ ਨੂੰ ਬਚਣ ਲਈ ਰੋਟੀ ਦੀ ਸਖ਼ਤ ਲੋੜ ਹੈ।

ਮਜ਼ਦੂਰ ਜਮਾਤ ਦੀ ਮੁਕਤੀ ਦੇ ਸਿਆਸੀ ਸਿਧਾਂਤਕਾਰ ਕਾਰਲ ਮਾਰਕਸ ਨੇ ਜਦੋਂ ਪੂੰਜੀਵਾਦੀ ਰਾਜ ਦੀ ਪ੍ਰਕਿਰਤੀ ਦਾ ਅਧਿਐਨ ਕੀਤਾ ਤਾਂ ਉਸ ਨੇ ਖੁਲਾਸਾ ਕੀਤਾ ਕਿ ਇਹ ਕਾਨੂੰਨਾਂ, ਅਦਾਲਤਾਂ, ਜੱਜਾਂ, ਚੁਣੇ ਹੋਏ ਅਧਿਕਾਰੀਆਂ ਅਤੇ ਮਜ਼ਦੂਰਾਂ ਦੇ ਦਬਦਬੇ ਅਤੇ ਦੱਬੇ-ਕੁਚਲੇ ਲੋਕਾਂ ਦੇ ਦਬਦਬੇ ਦੇ ਸਾਧਨ ਵਜੋਂ ਸਥਾਪਤ ਕੀਤੀ ਗਈ ਸੀ। ਭ੍ਰਿਸ਼ਟਾਚਾਰ ਦੀਆਂ ਸਭ ਤੋਂ ਘਿਨਾਉਣੀਆਂ ਕਾਰਵਾਈਆਂ ਬੁਰਜੂਆਜੀ ਦੇ ਸਾਰੇ ਘੁਟਾਲਿਆਂ ਨੂੰ ਭੜਕਾਉਣ ਦਾ ਇੱਕ ਖੇਤਰ ਹੈ ਅਤੇ ਇਸ ਦੇ ਪੂਰੀ ਤਰ੍ਹਾਂ ਵਿਗਾੜ ਦਾ ਅਖਾੜਾ ਹੈ।

ਨਿੱਜੀ ਜਾਇਦਾਦ ਦਾ ਅਧਿਕਾਰ ਹੋਣਾ ਅਤੇ ਕੰਮ ਦਾ ਅਧਿਕਾਰ ਦਾ ਨਾ ਹੋਣਾ ਭ੍ਰਿਸ਼ਟਾਚਾਰ ਦਾ ਵੱਡਾ ਕਾਰਨ ਹੈ। ਨਿੱਜੀ ਜਾਇਦਾਦ ਦੇ ਅਧਿਕਾਰ ਦਾ ਖਾਤਮਾ ਅਤੇ ਕੰਮ ਦੇ ਅਧਿਕਾਰ ਮਿਲਣ ਨਾਲ ਭ੍ਰਿਸ਼ਟਾਚਾਰ ਅਤੇ ਲੋਕਾਂ ਦਾ ਸ਼ੋਸਣ ਬਹੁਤ ਹੱਦ ਤੱਕ ਖਤਮ ਹੋ ਸਕਦਾ ਹੈ।

**# ਸੰਪਰਕ : 98550-04500**

# ਬੱਸ ਅੱਡਿਆਂ 'ਤੇ ਔਰਤਾਂ ਝਲਦੀਆਂ ਸ਼ਰਮਿੰਦਗੀ



ਅਮਰਜੀਤ ਸਿੰਘ 'ਫੌਜੀ'

ਸਮਾਜ ਵਿੱਚ ਹਰ ਵਰਗ ਅਤੇ ਹਰ ਉਮਰ ਦੇ ਲੋਕਾਂ ਨੂੰ ਗਾਹੇ-ਬਗਾਹੇ ਸਫ਼ਰ ਤਾਂ ਕਰਨਾ ਹੀ ਪੈਂਦਾ ਹੈ । ਚਾਹੇ ਕਿਤੇ ਦੁੱਖ-ਸੁੱਖ ਵਿੱਚ ਜਾਂ ਵਿਆਹ-ਸ਼ਾਦੀ ਜਾਣਾ ਹੋਵੇ ਜਾਂ ਫਿਰ ਬਿਮਾਰੀ ਕਾਰਨ ਕਿਸੇ ਵੱਡੇ ਸ਼ਹਿਰ ਦੇ ਵੱਡੇ-ਛੋਟੇ ਜਾਂ ਸਰਕਾਰੀ ਹਸਪਤਾਲ ਇਲਾਜ ਲਈ ਜਾਣਾ ਪਵੇ।ਅਮੀਰ ਲੋਕ ਤਾਂ ਆਪਣੇ ਨਿੱਜੀ ਸਾਧਨਾਂ ਵੱਡੀਆਂ-ਵੱਡੀਆਂ ਕਾਰਾਂ ਵਗੈਰਾ 'ਤੇ ਸਫ਼ਰ ਕਰਦੇ ਹਨ, ਮੱਧ ਵਰਗੀ ਵੀ ਆਪਣੀ ਜਾਂ ਕਿਰਾਏ ਦੀ ਗੱਡੀ ਵਗੈਰਾ ਲੈ ਕੇ ਸਫ਼ਰ ਕਰਦੇ ਹਨ, ਪਰ ਗਰੀਬ, ਮਜ਼ਦੂਰ, ਕਿਰਤੀ, ਦਿਹਾੜੀਦਾਰ, ਆਮ ਲੋਕ ਪੈਸੇ ਦੀ ਤੰਗੀ-ਤੁਰਸ਼ੀ ਕਾਰਨ ਬੱਸਾਂ ਵਿੱਚ ਹੀ ਸਫ਼ਰ ਕਰਦੇ ਹਨ, ਜਿਸ ਤੋਂ ਸਰਕਾਰ ਅਤੇ ਉਸ ਦੇ ਅਧੀਨ ਆਉਂਦੇ ਹੋਰ ਅਦਾਰਿਆਂ ਨੂੰ ਖੂਬ ਕਮਾਈ ਵੀ ਹੁੰਦੀ ਹੈ ਅਤੇ ਪ੍ਰਾਈਵੇਟ ਟਰਾਂਸਪੋਰਟਰ ਵੀ ਖੂਬ ਕਮਾਈ ਕਰਦੇ ਹਨ। ਇਸ ਸਫ਼ਰ ਦੌਰਾਨ ਆਮ ਲੋਕਾਂ ਨੂੰ ਖ਼ਾਸ ਕਰਕੇ ਔਰਤਾਂ ਅਤੇ ਬਜ਼ੁਰਗਾਂ ਨੂੰ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਦੇ ਹੋਏ ਖੱਜਲ-ਖ਼ੁਆਰ ਹੋਣਾ ਪੈਂਦਾ ਹੈ ਅਤੇ ਸ਼ਰਮਿੰਦਗੀ ਵੀ ਝੱਲਣੀ ਪੈਂਦੀ ਹੈ, ਜਿਸ ਦੀ ਇੱਕ ਉਦਾਹਰਣ ਮੈਂ ਮੇਰੇ ਸਾਹਮਣੇ ਬੀਤੀ ਇੱਕ ਘਟਨਾ ਰਾਹੀਂ ਪੇਸ਼ ਕਰ ਰਿਹਾ ਹਾਂ । ਹੋਇਆ ਇਸ ਤਰ੍ਹਾਂ ਕਿ ਮੈਂ ਅਤੇ ਮੇਰੀ ਜੀਵਨ ਸਾਥਣ ਬੱਸ ਵਿੱਚ ਸਫ਼ਰ ਰਾਹੀਂ ਲੁਧਿਆਣੇ ਤੋਂ ਪਿੰਡ ਨੂੰ ਆ ਰਹੇ ਸਾਂ । ਅਸੀਂ ਲੁਧਿਆਣੇ ਤੋਂ ਬਰਨਾਲੇ ਪਹੁੰਚ ਕੇ ਬਰਨਾਲੇ ਬੱਸ ਅੱਡੇ ਉੱਤਰ ਗਏ ਅਤੇ ਪਿੰਡ ਨੂੰ ਜਾਣ ਵਾਲੀ ਬੱਸ ਦੀ ਉਡੀਕ ਕਰਨ ਲੱਗੇ, ਮੈਂ ਉਸ ਨੂੰ ਅੱਡੇ ਵਿੱਚ ਲੱਗੀਆਂ ਸੀਮਿੰਟਡ ਕੁਰਸੀਆਂ 'ਤੇ ਬਿਠਾ ਕੇ ਆਪ ਪਿਸ਼ਾਬ ਕਰਨ ਲਈ ਅੱਡੇ ਦੇ ਅੰਦਰ ਬਣੇ ਬਾਥਰੂਮਾਂ ਵੱਲ ਨੂੰ ਚਲਾ ਗਿਆ ਅਤੇ ਉਥੇ ਦੇਖਿਆ ਇੱਕ ਬਜ਼ੁਰਗ ਔਰਤ ਅਤੇ ਬਾਥਰੂਮ ਦੇ ਕਰਮਚਾਰੀ (ਸ਼ਾਇਦ ਠੇਕੇਦਾਰ ਦਾ ਕਰਿੰਦਾ) ਵਿੱਚ ਬਹਿਸਬਾਜ਼ੀ ਹੋ ਰਹੀ ਸੀ ਅਤੇ ਬਜ਼ੁਰਗ ਔਰਤ ਨੂੰ ਬਾਥਰੂਮ ਅੰਦਰ ਜਾਣ ਤੋਂ ਰੋਕਿਆ ਜਾ ਰਿਹਾ ਸੀ, ਕਿਉਂਕਿ ਕਰਮਚਾਰੀ ਉਸ ਔਰਤ ਤੋਂ ਪਿਸ਼ਾਬ ਕਰਨ ਦੇ ਦਸ ਰੁਪਏ ਮੰਗ ਰਿਹਾ ਸੀ ਅਤੇ ਔਰਤ ਕਹਿ ਰਹੀ ਸੀ ਕਿ ਮੇਰੇ ਕੋਲ ਸਿਰਫ ਪਿੰਡ ਜਾਣ ਲਈ ਕਿਰਾਏ ਜੋਗੇ ਪੈਸੇ ਹਨ, ਪਰ ਉਹ ਨਹੀਂ ਮੰਨ ਰਿਹਾ ਸੀ ਅਤੇ ਕਹਿ ਰਿਹਾ ਸੀ ਕਿ ਪਿਸ਼ਾਬ ਕਰਨ ਦੇ ਵੀ ਦਸ ਰੁਪਏ ਹੀ ਲੱਗਣਗੇ । ਬਜ਼ੁਰਗ ਔਰਤ ਮਿੰਨਤਾਂ-ਤਰਲੇ ਕਰਦੀ ਰਹੀ, ਪਰ ਉਹ ਨਾ ਮੰਨਿਆ। ਫਿਰ ਬਜ਼ੁਰਗ ਔਰਤ ਬੋਲੀ ਵੀਰਾ ਪੰਜ ਰੁਪਏ ਲੈ ਲਾ, ਮੇਰੇ ਕੋਲ ਟੁੱਟੇ ਹੈਗੇ, ਪਰ ਉਹ ਟੱਸ ਤੋਂ ਮੱਸ ਨਾ ਹੋਇਆ ਅਤੇ ਦਸ ਰੁਪਏ ਹੀ ਮੰਗੇ।ਫਿਰ ਮੈਂ ਵੀ ਉਸ ਕਰਮਚਾਰੀ ਨੂੰ ਕਿਹਾ ਕਿ ਯਾਰ ਬਜ਼ੁਰਗ ਔਰਤ ਦਾ ਤਾਂ ਲਿਹਾਜ਼ ਕਰ ਉਸ ਨੂੰ ਪਿਸ਼ਾਬ ਦਾ ਜ਼ੋਰ ਹੈ, ਇਸ ਨੂੰ ਬਾਥਰੂਮ ਦੇ ਅੰਦਰ ਜਾਣ ਦੇ, ਤਾਂ ਉਹ ਮੈਨੂੰ ਵੀ ਰੁੱਖਾ ਜਿਹਾ ਬੋਲਿਆ ਅਤੇ ਨਾ ਮੰਨਿਆ, ਉਹ ਖ਼ੁਦ ਵੀ ਬੋਲਣ ਵਿੱਚ ਪ੍ਰੇਸ਼ਾਨੀ ਮਹਿਸੂਸ ਕਰ ਰਿਹਾ ਸੀ। ਹੌਲੀ-ਹੌਲੀ ਬੋਲ ਰਿਹਾ ਸੀ।ਫਿਰ ਮੈਂ ਉਸ ਨੂੰ ਆਪਣੀ ਜੇਬ ਵਿਚੋਂ ਦਸ ਰੁਪਏ ਕੱਢ ਕੇ ਫੜਾਏ ਤਾਂ ਉਸ ਨੇ ਬਜ਼ੁਰਗ ਔਰਤ ਨੂੰ ਬਾਥਰੂਮ ਅੰਦਰ ਜਾਣ ਦਿੱਤਾ ।ਇਸ ਘਟਨਾ ਤੋਂ ਬਾਅਦ ਮੈਂ ਸੋਚਿਆ ਕਿ ਇਸ ਮਸਲੇ ਨੂੰ ਬਰਨਾਲੇ ਦੇ ਬੱਸ ਅੱਡੇ ਦੇ ਪ੍ਰਬੰਧਕਾਂ ਦੇ ਧਿਆਨ ਵਿੱਚ ਲਿਆਂਦਾ ਜਾਵੇ, ਤਾਂ ਕਿ ਔਰਤਾਂ ਅਤੇ ਬਜ਼ੁਰਗਾਂ ਨੂੰ ਕੁਝ ਰਾਹਤ ਮਿਲ ਸਕੇ। ਮੈਂ ਬਰਨਾਲੇ ਦੇ ਜਿਸ ਕਾਊਂਟਰ ਤੋਂ ਭਦੌੜ, ਭਗਤਾ, ਬਾਜਾਖਾਨਾ, ਫਰੀਦਕੋਟ ਨੂੰ ਬੱਸਾਂ ਚੱਲਦੀਆਂ ਹਨ, ਉਸ ਕਾਊਂਟਰ 'ਤੇ ਬੈਠੇ ਦੋ-ਤਿੰਨ ਸਿਆਣੇ ਬੰਦੇ ਜੋ ਡਰਾਈਵਰ-ਕੰਡਕਟਰ ਹੀ ਸਨ, ਨੂੰ ਸੰਬੋਧਨ ਹੋ ਕੇ ਕਿਹਾ ਕਿ ਬਾਈ ਜੀ, ਇਸ ਅੱਡੇ ਦਾ ਪ੍ਰਬੰਧਕ ਕੌਣ ਹੈ ਤੇ ਕਿੱਥੇ ਬਹਿੰਦਾ ਹੈ, ਮੈਂ ਉਸ ਨੂੰ ਮਿਲਣਾ ਹੈ ?

ਉਨ੍ਹਾਂ ਦੇ ਬੋਲਣ ਤੋਂ ਪਹਿਲਾਂ ਹੀ ਉਨ੍ਹਾਂ ਦੇ ਕੋਲ਼ ਖੜ੍ਹਾ ਇੱਕ ਬਣਦਾ-ਠਣਦਾ ਕੁੜਤਾ-ਪਜ਼ਾਮਾ ਪਾਇਆ ਅਤੇ ਵਧੀਆ ਢੰਗ ਨਾਲ ਵਾਲ਼ ਵਾਹਿਆਂ ਵਾਲਾ ਬੰਦਾ ਮੇਰੇ ਵੱਲ ਟੇਢਾ ਜਿਹਾ ਝਾਕ ਕੇ ਕਹਿੰਦਾ-ਮੈਂ ਹੀ ਪ੍ਰਧਾਨ ਹਾਂ, ਇਸ ਸਾਰੇ ਅੱਡੇ ਦਾ ਦੱਸੋ ਕੀ ਕੰਮ ਹੈ? ਮੈਂ ਕੁਝ ਸੋਚਣ ਜੇ ਲੱਗ ਪਿਆ ਕਿ ਪ੍ਰਬੰਧਕ ਤਾਂ ਦਫ਼ਤਰ ਵਗੈਰਾ 'ਚ ਬੈਠਾ ਹੁੰਦੈ, ਇਹ ਤਾਂ... ਉਹ ਦੁਬਾਰਾ ਬੜੀ ਆਕੜ ਜਿਹੀ ਨਾਲ਼ ਬੋਲਿਆ, ਹਾਂ-ਹਾਂ ਮੈਂ ਹੀ ਪ੍ਰਧਾਨ ਹਾਂ ਸਾਰੇ ਅੱਡੇ ਦਾ ਖੁੱਲ੍ਹ ਕੇ ਦੱਸ ਕੀ ਕੰਮ ਹੈ?

ਮੈਨੂੰ ਮਹਿਸੂਸ ਹੋਇਆ ਕਿ ਉਹ ਝੂਠ ਬੋਲ ਰਿਹਾ ਹੈ। ਫਿਰ ਵੀ ਮੈਂ ਉਸ ਨੂੰ ਕਿਹਾ ਪ੍ਰਧਾਨ ਸਾਹਿਬ ਜੀ, ਤੁਹਾਡਾ ਸ਼ੁਭ ਨਾਂਅ? ਤਾਂ ਉਸ ਨੇ ਸ਼ਾਇਦ ਗੁਰਮੀਤ ਦੱਸਿਆ। ਤਾਂ ਮੈਂ ਕਿਹਾ ਪ੍ਰਧਾਨ ਜੀ, ਤੁਹਾਡੇ ਅੱਡੇ 'ਤੇ ਤੁਹਾਡੀ ਪ੍ਰਧਾਨਗੀ ਹੇਠ ਔਰਤਾਂ ਤੋਂ ਪਿਸ਼ਾਬ ਕਰਨ ਦੇ ਵੀ ਦਸ ਰੁਪਏ ਲਏ ਜਾ ਰਹੇ ਹਨ ਤਾਂ ਉਹ ਜੋ ਬੋਲਿਆ, ਉਹ ਸ਼ਬਦ ਸੁਣ ਕੇ ਮੈਂ ਸੁੰਨ ਹੋ ਗਿਆ। ਉਹ ਸਿੱਧਾ ਹੀ ਭੱਦੀ ਜਿਹੀ ਸ਼ਬਦਾਵਲੀ ਵਿੱਚ ਬੋਲਿਆ। ਜੇ ਦਸ ਰੁਪਏ ਕੋਲ਼ ਨਹੀਂ ਹਨ ਤਾਂ ਬੁੜ੍ਹੀਆਂ ਨਾ ਮੂਤਣ, ਅਗਲੇ ਨੇ ਸਾਢੇ ਗਿਆਰਾਂ ਲੱਖ ਰੁਪਏ ਠੇਕਾ ਭਰਿਐ, ਘਰੋਂ ਮੂਤ ਕੇ ਆਉਣ। ਮੈਂ ਉਸ ਨੂੰ ਕਿਹਾ ਕਿ ਪ੍ਰਧਾਨ ਜੀ ਕਈ ਵਾਰ ਸਵਾਰੀ ਕੋਲ਼ ਸਿਰਫ਼ ਕਿਰਾਏ ਜੋਗੇ ਹੀ ਪੈਸੇ ਹੁੰਦੇ ਹਨ, ਉਹ ਕੀ ਕਰਨ, ਕਈ ਵਾਰ ਬੱਸਾਂ ਲੇਟ ਵੀ ਹੋ ਜਾਂਦੀਆਂ ਹਨ ਅਤੇ ਇਹ ਕੁਦਰਤੀ ਪ੍ਰਕਿਰਿਆ ਹੈ, ਇਸ ਨੂੰ ਬਹੁਤਾ ਚਿਰ ਰੋਕ ਕੇ ਨਹੀਂ ਰੱਖਿਆ ਜਾ ਸਕਦਾ, ਬੁਢਾਪੇ ਵਿੱਚ ਬਿਮਾਰੀਆਂ ਲੱਗ ਜਾਂਦੀਆਂ ਹਨ, ਸ਼ੂਗਰ ਵਗੈਰਾ ਵਾਲੇ ਨੂੰ ਵਾਰ-ਵਾਰ ਪਿਸ਼ਾਬ ਆਉਂਦਾ ਹੈ, ਜੇ ਜ਼ਿਆਦਾ ਦੇਰ ਰੋਕਾਂਗੇ ਤਾਂ ਹੋਰ ਗੰਭੀਰ ਬਿਮਾਰੀਆਂ ਲੱਗ ਸਕਦੀਆਂ ਹਨ। ਇਸ ਅੰਤਾਂ ਦੀ ਮਹਿੰਗਾਈ ਦੇ ਯੁੱਗ ਵਿੱਚ ਬਜ਼ੁਰਗਾਂ ਨੂੰ ਪੈਸੇ ਵੀ ਘਰੋਂ ਮੰਗ ਕੇ ਹੀ ਲੈਣੇ ਪੈਂਦੇ ਹਨ, ਕਈ ਵਾਰ ਤਾਂ ਔਲਾਦ ਬਜ਼ੁਰਗਾਂ ਨੂੰ ਪੈਸੇ ਦਿੰਦੀ ਹੀ ਨਹੀਂ, ਜੋ ਸਰਕਾਰ ਵੱਲੋਂ ਹਜ਼ਾਰ-ਪੰਦਰਾਂ ਸੌ ਰੁਪਏ ਪੈਨਸ਼ਨ ਮਿਲਦੀ ਹੈ, ਉਸ ਨਾਲ਼ ਬਜ਼ੁਰਗ ਔਰਤਾਂ ਆਪਣੀਆਂ ਧੀਆਂ, ਦੋਹਤੇ-ਦੋਹਤੀਆਂ ਨੂੰ ਮਿਲਣ ਜਾਂਦੀਆਂ ਹਨ ਅਤੇ ਹੱਥ ਘੁੱਟ ਕੇ ਹੀ ਖਰਚ ਕਰਨਾ ਪੈਂਦਾ ਹੈ ਅਤੇ ਇਹ ਔਰਤਾਂ ਅਤੇ ਬਜ਼ੁਰਗਾਂ ਦੀ ਸਮੱਸਿਆ ਦਾ ਮਸਲਾ ਹੈ, ਇਸ ਲਈ ਤੁਸੀਂ ਇਸ ਸਮੱਸਿਆ ਵੱਲ ਜ਼ਰੂਰ ਧਿਆਨ ਦਿਓ, ਤਾਂ ਇੱਕ ਵਾਰ ਫੇਰ ਉਹ ਉੱਖੜੇ ਕੁਹਾੜੇ ਵਾਂਗ ਬੋਲਿਆ-ਮੈਂ ਠੇਕਾ ਲਿਐ ਲੋਕਾਂ ਦਾ ਨਾਲ਼ੇ ਬੁੜ੍ਹੀਆਂ ਦਾ, ਜੇ ਪੈਸੇ ਨਹੀਂ ਹਨ ਤਾਂ ਨਾ ਆਉਣ ਨਾ ਮੂਤਣ ਘਰੇ ਰਹਿਣ, ਤੇਰੇ ਵਰਗੇ ਨੌਤੀ ਸੌ ਫਿਰਦੇ ਐ ਇਹ ਬੰਦ ਕਰਾਉਣ ਨੂੰ ਜਾਹ ਲਾ ਲੈ ਜ਼ੋਰ ਜਿੱਥੇ ਲਗਦੈ, ਜੇ ਬਾਹਲ਼ਾ ਔਖੈਂ ਤਾਂ ਮਿਊਂਸਪਲ ਕਮੇਟੀ ਦੇ ਦਫ਼ਤਰ ਚਲਾ ਜਾਹ, ਸਾਡੀ ਇਹ ਬਹਿਸਬਾਜ਼ੀ ਸੁਣ ਕੇ ਬਹੁਤ ਲੋਕ ਇਕੱਠੇ ਹੋ ਗਏ ਅਤੇ ਔਰਤਾਂ ਵੀ ਸਾਡੀ ਗੱਲ-ਬਾਤ ਬੜੇ ਧਿਆਨ ਨਾਲ ਸੁਣ ਰਹੀਆਂ ਸਨ, ਪਰ ਵਿਚਾਰੀਆਂ ਮਜਬੂਰੀਵੱਸ ਚੁੱਪ ਰਹੀਆਂ । ਹੁਣ ਮੈਂ ਬੱਸ ਵਿੱਚ ਬੈਠਾ ਸੋਚਣ ਲੱਗਾ ਕਿ ਜਿੱਥੇ ਔਰਤ ਨੂੰ ਦੇਵੀ ਸਮਝਿਆ ਜਾਂਦਾ ਹੈ, ਕੰਜਕਾਂ ਪੂਜੀਆਂ ਜਾਂਦੀਆਂ ਹਨ, ਔਰਤ ਨੂੰ ਜਗ-ਜਨਣੀ ਕਿਹਾ ਜਾਂਦਾ ਹੈ, ਜਿਸ ਔਰਤ ਨੇ ਸਾਨੂੰ ਸਾਰਿਆਂ ਨੂੰ ਜਨਮ ਦਿੱਤਾ ਹੈ, ਉਸ ਔਰਤ ਤੋਂ ਬੱਸ ਅੱਡਿਆਂ 'ਤੇ ਪਿਸ਼ਾਬ ਕਰਨ ਦੇ ਮਜਬੂਰੀ ਵਿੱਚ ਵੀ ਦਸ ਰੁਪਏ ਲਏ ਜਾਂਦੇ ਹਨ। ਇਸ ਤੋਂ ਵੱਡੀ ਔਰਤ ਦੀ ਨਿਰਾਦਰੀ ਹੋਰ ਕੀ ਹੋਵੇਗੀ । ਮੈਂ ਸਾਰੇ ਸ਼ਹਿਰਾਂ ਦੀਆਂ ਮਿਊਂਸਪਲ ਕਮੇਟੀਆਂ ਨੂੰ ਬੇਨਤੀ ਕਰਦਾ ਹਾਂ ਕਿ ਇਸ ਮਸਲੇ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ ਅਤੇ ਬਾਥਰੂਮਾਂ ਦੀ ਸਾਫ਼ ਸਫ਼ਾਈ ਲਈ ਰੱਖੇ ਮੁਲਾਜ਼ਮਾਂ ਦੀ ਤਨਖਾਹ ਵਗੈਰਾ ਦਾ ਪ੍ਰਬੰਧ ਹੋਰ ਕਮਾਈ ਦੇ ਸਾਧਨਾਂ ਤੋਂ ਜਿਵੇਂ ਕਿ ਅੱਡੇ ਅੰਦਰ ਦੁਕਾਨਾਂ ਤੋਂ ਕਿਰਾਇਆ ਜਾਂ ਸ਼ਹਿਰ ਵਿੱਚ ਕਮਾਈ ਦੇ ਹੋਰ ਸਾਧਨਾਂ ਤੋਂ ਪੈਸੇ ਦਾ ਪ੍ਰਬੰਧ ਕੀਤਾ ਜਾਵੇ ਅਤੇ ਬੱਸ ਅੱਡਿਆਂ 'ਤੇ ਆਮ ਲੋਕਾਂ, ਔਰਤਾਂ, ਬਜ਼ੁਰਗਾਂ, ਬਿਮਾਰਾਂ, ਗਰੀਬਾਂ, ਮਜ਼ਦੂਰਾਂ ਨੂੰ ਸ਼ਰਮਿੰਦਗੀ, ਬੇਇੱਜ਼ਤੀ ਅਤੇ ਖੱਜਲ-ਖ਼ੁਆਰੀ ਤੋਂ ਬਚਾਇਆ ਜਾਵੇ। ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ, ਟਰਾਂਸਪੋਰਟ ਵਿਭਾਗ ਦੇ ਮੰਤਰੀ ਅਤੇ ਅਫਸਰਾਂ ਅਤੇ ਹੋਰ ਵੱਡੇ ਆਹੁਦੇਦਾਰਾਂ ਨੂੰ ਬੇਨਤੀ ਹੈ ਕਿ ਉਹ ਸਾਰੇ ਬੱਸ ਅੱਡਿਆਂ ਦਾ ਛੇਤੀ ਤੋਂ ਛੇਤੀ ਦੌਰਾ ਕਰਕੇ ਇਸ ਸਮੱਸਿਆ ਦਾ ਹੱਲ ਕਰਵਾਉਣ।

ਆਮ ਲੋਕਾਂ ਨੂੰ ਵੀ ਚਾਹੀਦਾ ਹੈ ਕਿ ਉਹ ਇਕੱਠੇ ਹੋ ਕੇ ਸਰਕਾਰ ਤੋਂ ਇਹ ਮਸਲਾ ਹੱਲ ਕਰਵਾਉਣ ਲਈ ਇੱਕਜੁੱਟ ਹੋਣ।

**# ਸੰਪਰਕ : 94174-04804**

# ਸਾਈਬਰ ਠੱਗੀਆਂ ਤੋਂ ਸੁਚੇਤ ਹੋਣ ਦੀ ਲੋੜ



ਜਗਜੀਤ ਸਿੰਘ ਗਣੇਸ਼ਪੁਰ

ਜਦੋਂ ਹੁਣ ਸਾਡੇ ਰੋਜ਼ਾਨਾ ਦੇ ਹਰ ਕੰਮ ਵਿੱਚ ਤਕਰੀਬਨ ਇੰਟਰਨੈੱਟ ਅਤੇ ਸਮਾਰਟ ਫੋਨ ਦੀ ਵਰਤੋਂ ਆਮ ਹੋ ਗਈ ਹੈ ਤਾਂ ਉਸ ਸਮੇਂ ਇਸ ਦੀ ਵਰਤੋਂ ਕਰਦੇ ਸਮੇਂ ਸਾਈਬਰ ਅਪਰਾਧੀਆਂ ਤੋਂ ਵੀ ਸੁਚੇਤ ਹੋਣ ਦੀ ਲੋੜ ਹੈ। ਇਕ ਰਿਪੋਰਟ ਅਨੁਸਾਰ ਅਕਤੂਬਰ 2023 ਤੱਕ, ਦੁਨੀਆ ਭਰ ਵਿੱਚ 5.3 ਬਿਲੀਅਨ ਇੰਟਰਨੈੱਟ ਉਪਭੋਗਤਾ ਸਨ, ਜੋ ਕਿ ਵਿਸ਼ਵ ਦੀ ਆਬਾਦੀ ਦਾ 65.7 ਪ੍ਰਤੀਸ਼ਤ ਸੀ ਅਤੇ ਇਹ ਤੇਜ਼ੀ ਬਾਦਸਤੂਰ ਜਾਰੀ ਹੈ। ਇਸ ਦੇ ਨਾਲ ਹੀ ਇੰਟਰਨੈੱਟ ਉਪਰ ਉਪਭੋਗਤਾ ਦੀ ਪਹਿਚਾਣ, ਸ਼ੋਸ਼ਣ ਅਤੇ ਵਿੱਤੀ ਧੋਖਾਧੜੀ ਦੇ ਮਾਮਲੇ ਵੀ ਲਗਾਤਾਰ ਵਧ ਰਹੇ ਹਨ। ਮਸਨੂਈ ਬੁੱਧੀ ਅਤੇ ਡੀਪ ਫੈਕ ਨੇ ਤਾਂ ਇਨ੍ਹਾਂ ਚਿੰਤਾਵਾਂ ਨੂੰ ਹੋਰ ਵੀ ਵਧਾ ਦਿੱਤਾ ਹੈ। ਇੰਟਰਨੈੱਟ ਦੀ ਦੁਨੀਆ ਜਿੰਨੀ ਉਪਯੋਗੀ ਹੈ, ਓਨੀ ਹੀ ਖਤਰਨਾਕ ਵੀ ਹੈ। ਇੰਟਰਨੈੱਟ ਧੋਖਾਧੜੀ ਦੇ ਵੱਖੋ-ਵੱਖਰੇ ਢੰਗ ਹਨ, ਜੋ ਇੰਟਰਨੈੱਟ 'ਤੇ ਸਾਈਬਰ ਅਪਰਾਧੀਆਂ ਦੁਆਰਾ ਅੰਜਾਮ ਦਿੱਤੇ ਜਾਂਦੇ ਹਨ। ਇਹ ਹਨ : ਫਿਸ਼ਿਗ, ਪਹਿਚਾਣ ਦੀ ਚੋਰੀ, ਬੈਂਕਿੰਗ ਧੋਖਾਧੜੀ, ਵੈੱਬਸਾਈਟ ਸਪੂਫਿੰਗ, ਰੈਨਸਮਵੇਅਰ, ਮਾਲਵੇਅਰ, ਗੈਰ-ਕਾਨੂੰਨੀ ਡਾਊਨਲੋਡਿੰਗ, ਸਾਈਬਰ ਜਾਸੂਸੀ, ਆਈ.ਓ.ਟੀ ਹੈਕਿੰਗ ਆਦਿ। ਮੌਜੂਦਾ ਸਮੇਂ ਜਿਹੜੇ ਤਰੀਕਿਆਂ ਨਾਲ ਨੌਸਰਬਾਜ਼ ਆਮ ਲੋਕਾਂ ਨੂੰ ਠੱਗ ਰਹੇ ਹਨ, ਉਹ ਹਨ, ਲਾਟਰੀ ਧੋਖਾਧੜੀ, ਕੇ.ਵਾਈ.ਸੀ ਅਪਡੇਟ, ਵਿਦੇਸ਼ਾਂ ਵਿੱਚ ਪੜ੍ਹਨ ਗਏ ਵਿਦਿਆਰਥੀਆਂ ਦੇ ਨਾਂਅ ਉਪਰ ਠੱਗੀ, ਫਰਜ਼ੀ ਰਿਸ਼ਤੇਦਾਰ, ਮੋਬਾਈਲ ਟਾਵਰ ਲਗਾਉਣ ਦੇ ਨਾਂਅ 'ਤੇ ਧੋਖਾਧੜੀ, ਫਰਜੀ ਕਸਟਮ ਕੇਅਰ, ਸੋਸ਼ਲ ਮੀਡੀਆ ਫਰਜ਼ੀ ਅਕਾਊਟ ਰਾਹੀਂ ਧੋਖਾਧੜੀ, ਬਿਜਲੀ ਦੇ ਬਿੱਲਾਂ ਨਾਲ ਸੰਬੰਧਤ ਠੱਗੀ, ਲੋਨ ਦੀ ਕਿਸ਼ਤ ਦੇ ਭੁਗਤਾਨ ਕਰਨ ਸੰਬੰਧੀ ਠੱਗੀ, ਇਨਕਮ ਟੈਕਸ ਰਿਫੰਡ ਸਕੈਮ, ਵਾਈ-ਫਾਈ ਸਕੈਮ, ਐਂਟੀਵਾਇਰਸ ਬਿਲਿੰਗ ਨਵਿਆਉਣ ਦੇ ਨਾਂਅ ਉਪਰ ਠੱਗੀ ਆਦਿ ਹੋਰ ਵੀ ਕਈ ਪ੍ਰਕਾਰ ਦੀਆਂ ਠੱਗੀਆਂ ਇਨ੍ਹਾਂ ਡਿਜੀਟਲ ਠੱਗਾਂ ਵੱਲੋਂ ਤੁਹਾਨੂੰ ਲੁੱਟਣ ਲਈ ਅਪਣਾਈਆਂ ਜਾ ਰਹੀਆਂ ਹਨ।

ਆਓ ਹੁਣ ਗੱਲ ਕਰੀਏ ਕਿ ਕਿਵੇਂ ਕਿਹੜੀਆਂ ਸਾਵਧਾਨੀਆਂ ਵਰਤ ਕੇ ਅਸੀਂ ਇਨ੍ਹਾਂ ਸਾਈਬਰ ਠੱਗੀਆਂ ਤੋਂ ਆਪਣਾ ਬਚਾ ਕਰ ਸਕਦੇ ਹਾਂ:

1. ਅਣਜਾਣ ਨੰਬਰਾਂ ਤੋਂ ਇਨਾਮ ਜੇਤੂ ਸੰਦੇਸ਼ਾਂ ਅਤੇ ਈਮੇਲਾਂ 'ਤੇ ਗਲਤੀ ਨਾਲ ਵੀ ਕਲਿੱਕ ਨਾ ਕਰੋ, ਬੈਂਕ ਵੇਰਵੇ ਅਤੇ ਓ.ਟੀ.ਪੀ ਵਰਗੀ ਜਾਣਕਾਰੀ ਭੁੱਲ ਕੇ ਕਿਸੇ ਨਾਲ ਵੀ ਸਾਂਝੀ ਨਾ ਕਰੋ।
2. ਮਜ਼ਬੂਤ ਪਾਸਵਰਡ ਦੀ ਵਰਤੋਂ ਕਰੋ।
3. ਵਿੱਤੀ ਲੈਣ-ਦੇਣ ਕਰਦੇ ਇਹ ਯਕੀਨੀ ਬਣਾਓ ਕਿ ਵੈੱਬਸਾਈਟ ਸੁਰੱਖਿਅਤ ਤਕਨਾਲੋਜੀ ਦੀ ਵਰਤੋਂ ਕਰਦੀ ਹੈ।
4. ਜਨਤਕ ਥਾਵਾਂ ਉਪਰ ਈ-ਕਾਮਰਸ ਵੈੱਬਸਾਈਟ ਦੀ ਵਰਤੋਂ ਕਰਨ ਤੋਂ ਗੁਰੇਜ਼ ਕਰੋ।
5. ਸਿਰਫ ਪ੍ਰਮਾਣਿਤ ਐਪ ਅਤੇ ਵੈਬਸਾਈਟ ਦੀ ਹੀ ਵਰਤੋਂ ਕਰੋ, ਜਦੋਂ ਤੁਸੀਂ ਚੈੱਕਆਊਟ ਸਕ੍ਰੀਨ 'ਤੇ ਹੁੰਦੇ ਹੋ, ਤਾਂ ਪੁਸ਼ਟੀ ਕਰੋ ਕਿ ਵੈੱਬ ਪਤਾ ਨਾਲ ਸ਼ੁਰੂ ਹੁੰਦਾ ਹੈ, ਨਾਲ ਹੀ ਇਹ ਦੇਖਣ ਲਈ ਜਾਂਚ ਕਰੋ ਕਿ ਕੀ ਪੰਨੇ 'ਤੇ ਇੱਕ ਛੋਟਾ ਤਾਲਾਬੰਦ ਤਾਲਾ ਚਿੰਨ੍ਹ ਦਿਖਾਈ ਦਿੰਦਾ ਹੈ?
6. ਆਪਣੇ ਡੈਬਿਟ/ਕ੍ਰੈਡਿਟ ਕਾਰਡ ਦੀ ਵਰਤੋਂ ਕਰਦੇ ਸਮੇਂ ਉਸ ਦੀ ਡਿਟੇਲ ਕਦੇ ਵੀ ਕਿਸੇ ਵੀ ਵੈਬਸਾਈਟ ਉਪਰ ਪੱਕੇ ਤੌਰ 'ਤੇ ਸੇਵ ਨਾ ਕਰੋ।
7. ਆਪਣੇ ਡਿਜੀਟਲ ਖਾਤਿਆਂ 'ਤੇ ਮਲਟੀ-ਫੈਕਟਰ ਪ੍ਰਮਾਣਿਕਤਾ ਨੂੰ ਲਾਗੂ ਕਰੋ, ਜਦੋਂ ਵੀ ਸੰਭਵ ਹੋਵੇ, ਦੋ-ਫੈਕਟਰੈਕਟਰ ਪ੍ਰਮਾਣਿਕਤਾ (2) ਦੀ ਵਰਤੋਂ ਕਰੋ। ਟੂ-ਫੈਕਟਰ ਪ੍ਰਮਾਣਿਕਤਾ ਲਈ ਤੁਹਾਨੂੰ ਸੰਵੇਦਨਸ਼ੀਲ ਜਾਣਕਾਰੀ ਤੱਕ ਪਹੁੰਚ ਪ੍ਰਾਪਤ ਕਰਨ ਲਈ ਦੋ ਕਾਰਕਾਂ ਦੀ ਵਰਤੋਂ ਕਰਨ ਦੀ ਲੋੜ ਹੁੰਦੀ ਹੈ-ਉਦਾਹਰਨ ਲਈ ਤੁਹਾਡੇ ਈਮੇਲ ਖਾਤੇ ਵਿੱਚ ਲੌਗਇਨ ਕਰਨ ਵੇਲੇ-ਸੁਰੱਖਿਆ ਦੀ ਇੱਕ ਵਾਧੂ ਪਰਤ ਪ੍ਰਦਾਨ ਕਰਦੇ ਹੋਏ।

ਇੱਕ ਉਪਭੋਗਤਾ ਨਾਂਅ ਅਤੇ ਪਾਸਵਰਡ ਤੋਂ ਇਲਾਵਾ ਤੁਹਾਨੂੰ ਆਮ ਤੌਰ 'ਤੇ ਲੌਗ ਇਨ ਕਰਨ ਵੇਲੇ ਇੱਕ ਸਿੰਗਲ-ਵਰਤੋਂ ਕੋਡ ਪ੍ਰਦਾਨ ਕਰਨ ਦੀ ਲੋੜ ਹੁੰਦੀ ਹੈ । ਜ਼ਿਆਦਾਤਰ ਮਾਮਲਿਆਂ ਵਿੱਚ ਫੋਨ 'ਤੇ ਇੱਕ ਕੋਡ ਭੇਜਿਆ ਜਾਂਦਾ ਹੈ।

8. ਵਾਇਰਸ ਤੋਂ ਬਚਣ ਲਈ ਐਂਟੀ-ਵਾਇਰਸ ਅਤੇ ਐਂਟੀ-ਸਪਾਈਵੇਅਰ ਦੀ ਇੰਸਟਾਲ ਕਰੋ।
9. ਸਾਫਟਵੇਅਰ ਨੂੰ ਨਿਯਮਿਤ ਤੌਰ 'ਤੇ ਅੱਪਡੇਟ ਰੱਖੋ।
10. ਸਿਰਫ ਭਰੋਸੇਯੋਗ ਸਾਈਟਾਂ ਤੋਂ ਸਾਫਟਵੇਅਰ ਡਾਊਨਲੋਡ ਕਰੋ।
11. ਜਨਤਕ ਵਾਈ-ਫਾਈ ਦੀ ਵਰਤੋਂ ਕਰਨ ਤੋਂ ਬਚੋ।
12. ਚਾਰਜਿੰਗ ਸਟੇਸ਼ਨਾਂ 'ਤੇ ਆਪਣੇ ਫੋਨ ਨੂੰ ਪਲੱਗ ਇਨ ਕਰਨ ਤੋਂ ਪਹਿਲਾਂ ਦੋ ਵਾਰ ਸੋਚੋ। ਮਾਲਵੇਅਰ ਤੁਹਾਡੇ ਫੋਨ ਵਿੱਚ ਇੱਕ ਰਸਤਾ ਲੱਭ ਸਕਦਾ ਹੈ ਅਤੇ ਸੰਕਰਮਿਤ ਕਰ ਸਕਦਾ ਹੈ, ਇਸ ਲਈ ਕਿਹਾ ਜਾ ਸਕਦਾ ਹੈ ਕਿ ਮੁਫਤ ਚਾਰਜ ਤੁਹਾਡੇ ਬੈਂਕ ਖਾਤੇ ਨੂੰ ਖਤਮ ਕਰ ਸਕਦਾ ਹੈ।
13. ਐਪਸ ਨੂੰ ਘੱਟੋ-ਘੱਟ ਇਜਾਜ਼ਤ ਦਿਓ, ਖਾਸਕਰ ਓ ਟੀ ਪੀ ਰੀਡ ਕਰਨ ਦੀ ਤਾਂ ਕਦੇ ਵੀ ਨਹੀਂ।
14. ਸੋਸ਼ਲ ਮੀਡੀਆ 'ਤੇ ਅਜਨਬੀਆਂ ਤੋਂ ਦੋਸਤੀ ਦੀਆਂ ਬੇਨਤੀਆਂ ਸਵੀਕਾਰ ਕਰਨ ਤੋਂ ਬਚੋ, ਨਿੱਜੀ ਜਾਣਕਾਰੀ ਨੂੰ ਨਿੱਜੀ ਰੱਖੋ, ਹੈਕਰ ਤੁਹਾਡੇ ਪਾਸਵਰਡ ਦਾ ਪਤਾ ਲਗਾਉਣ ਲਈ ਸੋਸ਼ਲ ਮੀਡੀਆ ਪ੍ਰੋਫਾਈਲਾਂ ਦੀ ਵਰਤੋਂ ਕਰ ਸਕਦੇ ਹਨ, ਇਸ ਲਈ ਆਪਣੀਆਂ ਗੋਪਨੀਯਤਾ ਸੈਟਿੰਗਾਂ ਨੂੰ ਲਾਕ ਰੱਖੋ ਅਤੇ ਜਨਮ ਦਿਨ, ਪਤੇ, ਮਾਤਾ ਦਾ ਪਹਿਲਾ ਨਾਮ, ਆਦਿ ਵਰਗੀਆਂ ਚੀਜਾਂ ਪੋਸਟ ਕਰਨ ਤੋਂ ਬਚੋ। ਉਹਨਾਂ ਲੋਕਾਂ ਤੋਂ ਜੁੜਨ ਲਈ ਬੇਨਤੀਆਂ ਤੋਂ ਸੁਚੇਤ ਰਹੋ, ਜਿਨ੍ਹਾਂ ਨੂੰ ਤੁਸੀਂ ਨਹੀਂ ਜਾਣਦੇ ਹੋ।
15. ਪੋਰਨ ਵੈਬਸਾਈਟ ਦੀ ਵਰਤੋਂ ਨਾ ਕਰੋ, ਕਿਉਂਕਿ ਜਿੱਥੇ ਨੈਤਿਕ ਤੌਰ 'ਤੇ ਗਲਤ ਹੈ, ਉੱਥੇ ਹੀ ਇਨ੍ਹਾਂ ਵੈਬਸਾਈਟਾਂ 'ਤੇ ਅਣਚਾਹੇ ਪੋਪ-ਅਪ ਵਿੰਡੋ ਰਾਹੀਂ ਤੁਹਾਡੇ ਕੰਪਿਊਟਰ ਜਾਂ ਮੋਬਾਈਲ ਵਿੱਚ ਘੁਸਪੈਠ ਕੀਤੀ ਜਾ ਸਕਦੀ ਹੈ।
16. ਡੀਪਫੇਕ ਪੋਰਨ ਵਿੱਚ ਇੱਕ ਸੈਲੀਬ੍ਰਿਟੀ ਜਾਂ ਜਨਤਕ ਸ਼ਖਸੀਅਤ ਦਾ ਚਿਹਰਾ ਇੱਕ ਅਸ਼ਲੀਲ ਦ੍ਰਿਸ਼ ਵਿੱਚ ਟ੍ਰਾਂਸਪਲਾਂਟ ਕੀਤਾ ਜਾਂਦਾ ਹੈ। ਸੋ ਕਿਸੇ ਵੀ ਆਡੀਓ-ਵੀਡੀਓ 'ਤੇ ਅੱਖਾਂ ਬੰਦ ਕਰਕੇ ਵਿਸ਼ਵਾਸ ਨਾ ਕਰੋ, ਹੋ ਸਕਦਾ ਹੈ ਕਿ ਉਹ ਆਡੀਓ-ਵੀਡਓ ਡੀਪ-ਫੇਕ ਤਕਨੀਕ ਨਾਲ ਤੁਹਾਨੂੰ ਗੁੰਮਰਾਹ ਕਰਨ ਲਈ ਬਣਾਈ ਗਈ ਹੋਵੇ।
17. ਸੋਸ਼ਲ ਮੀਡੀਆ ਉਪਰ ਪ੍ਰਮਾਣਿਤ ਪੋਸਟਾਂ ਨੂੰ ਹੀ ਸਾਂਝਾ ਕਰੋ।
18. ਇੱਕ ਦੀ ਵਰਤੋਂ ਕਰੋ।
19. ਐਵੇਂ ਹੀ ਫਾਲਤੂ ਐਪਸ ਆਪਣੇ ਫੋਨ ਵਿੱਚ ਡਾਊਨਲੋਡ ਨਾ ਕਰੋ।
20. ਸਾਇਬਰ ਘੋਟਾਲੇ ਕਰਨ ਵਾਲਿਆਂ ਦੀ ਰਿਪੋਰਟ ਕਰੋ।

ਜੇਕਰ ਤੁਸੀਂ ਕਿਸੇ ਅਜਿਹੀ ਠੱਗੀ ਦਾ ਸ਼ਿਕਾਰ ਹੋ ਗਏ ਹੋ ਤਾਂ ਤੁਸੀਂ ਪੋਰਟਲ 'ਤੇ ਸ਼ਿਕਾਇਤ ਦਰਜ ਕਰਵਾ ਸਕਦੇ ਹੋ। ਜ਼ਿਆਦਾ ਸੰਕਟਕਾਲੀਨ ਹਾਲਤਾਂ ਵਿੱਚ ਤੁਸੀਂ 1930 ਹੈਲਪਲਾਈਨ ਨੰਬਰ 'ਤੇ ਵੀ ਸ਼ਿਕਾਇਤ ਦਰਜ ਕਰਵਾ ਸਕਦੇ ਹੋ, ਇਹ ਸੇਵਾ ਸਮਾਂ ਕੰਮ ਕਾਰਜ ਕਰਦੀ ਹੈ। ਗ੍ਰਹਿ ਮੰਤਰਾਲੇ ਨੇ ਦੇਸ਼ ਭਰ ਵਿੱਚ ਕਿਤੇ ਵੀ ਸਾਈਬਰ ਅਪਰਾਧਾਂ ਦੀ ਰਿਪੋਰਟ ਕਰਨ ਲਈ ਉਪਰੋਕਤ ਪਲੇਟਫਾਰਮ ਸਥਾਪਤ ਕੀਤਾ ਹੈ।

ਮੌਜੂਦਾ ਸਮੇਂ ਸਮਾਜ ਵਿੱਚ ਡਿਜ਼ੀਟਲ ਲੈਣ-ਦੇਣ ਅਤੇ ਸੋਸ਼ਲ ਮੀਡੀਆ ਦਾ ਰੁਝਾਨ ਤੇਜ਼ੀ ਨਾਲ ਵਧ ਰਿਹਾ ਹੈ। ਅਜਿਹੇ ਸਮੇਂ ਜਿੱਥੇ ਸਾਨੂੰ ਇਨ੍ਹਾਂ ਸਾਈਬਰ ਠੱਗਾਂ ਤੋਂ ਬਚਣ ਲਈ ਸਾਈਬਰ ਸਪੇਸ ਉਪਰ ਵਿਚਰਦੇ ਮਾਹਿਰਾਂ ਦੁਆਰਾ ਜਾਰੀ ਕੀਤੀਆਂ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ, ਉੱਥੇ ਹੀ ਹੁਣ ਬੀਮਾ ਸੈਕਟਰ ਤੁਹਾਡੇ ਲਈ ਸਾਈਬਰ ਨੁਕਸਾਨ ਦੀ ਭਰਪਾਈ ਕਰਨ ਲਈ ਸਾਈਬਰ ਬੀਮਾ ਲੈ ਕੇ ਆਇਆ ਹੈ। ਇੱਥੇ ਵੀ ਜ਼ਿਕਰਯੋਗ ਹੈ ਕਿ ਸਾਈਬਰ ਬੀਮਾ ਲੈਂਦੇ ਸਮੇਂ ਪਾਲਿਸੀ ਦੀ ਚੰਗੀ ਸਮਝ ਹੋਣੀ ਵੀ ਬਹੁਤ ਜ਼ਰੂਰੀ ਹੈ। ਤੁਹਾਨੂੰ ਇਸ ਗੱਲ ਦੀ ਜਾਣਕਾਰੀ ਹੋਣੀ ਚਾਹੀਦੀ ਹੈ ਕਿ ਤੁਹਾਨੂੰ ਪਾਲਿਸੀ ਤੋਂ ਕਿਹੜੀ ਸੁਰੱਖਿਆ ਮਿਲੇਗੀ ਅਤੇ ਲੋੜ ਪੈਣ ਤੇ ਇਸ ਦੀ ਵਰਤੋਂ ਕਿਵੇਂ ਕਰਨੀ ਹੈ। ਸੁਰੱਖਿਆ ਵਿੱਤੀ ਭਵਿੱਖ ਲਈ ਸਾਈਬਰ ਬੀਮਾ ਜ਼ਰੂਰ ਲੈ ਲੈਣਾ ਚਾਹੀਦਾ ਹੈ, ਜੋ ਕਿ ਮੌਜੂਦਾ ਸਾਈਬਰ ਅਪਰਾਧਾਂ ਦੇ ਰੁਝਾਨਾਂ ਨੂੰ ਵੇਖਦੇ ਹੋਏ ਸਾਡੀ ਮੁੱਖ ਲੋੜ ਪ੍ਰਤੀਤ ਹੋ ਰਿਹਾ ਹੈ। ਅੰਤ ਵਿੱਚ ਅਧਿਆਪਕਾਂ ਅਤੇ ਮਾਪਿਆਂ ਨੂੰ ਬੱਚਿਆਂ ਨੂੰ ਇੰਟਰਨੈੱਟ ਦੀ ਸਹੀ ਵਰਤੋਂ ਬਾਰੇ ਸਿੱਖਿਅਤ ਕਰਨਾ ਚਾਹੀਦਾ ਹੈ। ਬੱਚਿਆਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਇੰਟਰਨੈੱਟ 'ਤੇ ਸਰਫਿੰਗ ਕਰਨ ਅਤੇ ਸੋਸ਼ਲ ਮੀਡੀਆ ਦੀ ਵਰਤੋਂ ਕਰਨ ਲਈ ਨਿਯਮ ਅਤੇ ਦਿਸ਼ਾ-ਨਿਰਦੇਸ਼ ਕੀ ਹਨ। ਡਿਜੀਟਲ ਠੱਗ ਬੱਚਿਆਂ ਰਾਹੀਂ ਆਨਲਾਈਨ ਗੇਮਜ਼ ਜ਼ਰੀਏ ਤੁਹਾਡੇ ਕੰਪਿਊਟਰ/ਮੋਬਾਈਲ ਨੂੰ ਨਿਸ਼ਾਨਾ ਬਣਾ ਸਕਦੇ ਹਨ। ਇਸ ਲਈ ਬੱਚੇ ਜਦੋਂ ਇੰਟਰਨੈੱਟ ਦੀ ਵਰਤੋਂ ਕਰ ਰਹੇ ਹੋਣ ਤਾਂ ਉਨ੍ਹਾਂ ਦੀ ਨਿਗਰਾਨੀ ਕਰੋ। ਸੋ ਕਹਿਣ ਤੋਂ ਭਾਵ ਇਹ ਹੈ ਕਿ ਤਕਨੀਕ ਨੇ ਜਿੱਥੇ ਸਾਡੇ ਲਈ ਸੰਚਾਰ ਅਤੇ ਵਪਾਰ ਦੇ ਹੈਰਾਨੀਜਨਕ ਰਾਹ ਖੋਲ੍ਹੇ ਹਨ, ਉਥੇ ਹੀ ਅਸੀਂ ਹਰ ਸਮੇਂ ਸਾਈਬਰ ਠੱਗਾਂ ਦੇ ਨਿਸ਼ਾਨੇ ਉਪਰ ਵੀ ਰਹਿੰਦੇ ਹਾਂ, ਸੋ ਸੁਚੇਤ ਰਹੋ ਅਤੇ ਉਪਰੋਕਤ ਸਾਵਧਾਨੀਆਂ ਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਬਣਾਉਂਦੇ ਹੋਏ ਇੰਟਰਨੈੱਟ ਦੀ ਸਾਰਥਕ ਵਰਤੋਂ ਕਰਦੇ ਰਹੋ।

***# ਸੰਪਰਕ : 94655-76022***

# ਬੀ ਕੇ ਯੂ ਏਕਤਾ ਉਗਰਾਹਾਂ ਵੱਲੋਂ ਡੀ ਸੀ ਦਫਤਰ ਅੱਗੇ ਅਣਮਿੱਥੇ ਸਮੇਂ ਲਈ ਧਰਨਾ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਗੜੇਮਾਰੀ ਤੇ ਤੂਫਾਨ ਕਾਰਨ ਹੋਏ ਨੁਕਸਾਨ, ਬਿਮਾਰੀ ਕਾਰਨ ਪਸ਼ੂਆਂ ਦੇ ਨੁਕਸਾਨ, ਗੈਸ ਪਾਈਪ ਲਾਈਨ ਦੇ ਮੁਆਵਜ਼ੇ ਅਤੇ ਹੋਰ ਮੰਗਾਂ ਸਬੰਧੀ ਬਠਿੰਡਾ ਦੇ ਮਿੰਨੀ ਡਿਪਟੀ ਕਮਿਸ਼ਨਰ ਦਫਤਰ ਅੱਗੇ ਅਣਮਿੱਥੇ ਸਮੇਂ ਲਈ ਧਰਨਾ ਸ਼ੁਰੂ ਕਰ ਦਿੱਤਾ। ਬਠਿੰਡਾ ਦੇ ਡਿਪਟੀ ਕਮਿਸ਼ਨਰ ਵੱਲੋਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਬਠਿੰਡਾ ਦੇ ਆਗੂਆਂ ਨਾਲ ਗੈਸ ਪਾਈਪ ਲਾਈਨ ਦੇ ਮੁਆਵਜ਼ੇ ਸਬੰਧੀ ਤੈਅ ਕੀਤੀ ਹੋਈ ਮੀਟਿੰਗ ਨਾ ਕਰਨ ਕਾਰਨ ਕਿਸਾਨਾਂ ਦਾ ਡਿਪਟੀ ਕਮਿਸ਼ਨਰ ਤੇ ਪੰਜਾਬ ਸਰਕਾਰ ਦੇ ਖੇਤੀਬਾੜੀ ਮੰਤਰੀ ਅਤੇ ਆਮ ਆਦਮੀ ਪਾਰਟੀ ਤੋਂ ਲੋਕ ਸਭਾ ਹਲਕਾ ਬਠਿੰਡਾ ਤੋਂ ਉਮੀਦਵਾਰ ਗੁਰਮੀਤ ਸਿੰਘ ਖੁੱਡੀਆਂ, ਐੱਮ ਐੱਲ ਏ ਤਲਵੰਡੀ ਸਾਬੋ ਬਲਜਿੰਦਰ ਕੌਰ ਤੇ ਐੱਮ ਐੱਲ ਏ ਮੌੜ ਸੁਖਵੀਰ ਸਿੰਘ ਮਾਈਸਰਖਾਨਾ ਖਿਲਾਫ ਤਿੱਖਾ ਰੋਸ ਪਾਇਆ ਗਿਆ।ਅੱਜ ਕਿਸਾਨਾਂ ਨੂੰ ਪਾਈਪ ਲਾਈਨ ਦੇ ਮੁਆਵਜ਼ੇ ਸਬੰਧੀ ਐੱਮ ਐੱਲ ਏ ਤਲਵੰਡੀ ਸਾਬੋ ਤੋਂ ਬਲਜਿੰਦਰ ਕੌਰ ਤੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਡਿਪਟੀ ਕਮਿਸ਼ਨਰ ਨੂੰ ਫੋਨ ਕਰਕੇ ਮਸਲਾ ਹੱਲ ਕਰਨ ਦਾ ਸਮਾਂ ਦਿੱਤਾ ਸੀ।ਆਗੂਆਂ ਨੇ ਐੱਸ ਐੱਸ ਪੀ ਬਠਿੰਡਾ ਕੋਲ ਜਾ ਕੇ ਵੀ ਆਪਣਾ ਰੋਸ ਜਤਾਇਆ।ਜ਼ਿਲ੍ਹਾ ਪ੍ਰਧਾਨ ਸ਼ਿੰਗਾਰਾ ਸਿੰਘ ਮਾਨ ਨੇ ਦੱਸਿਆ ਕਿ ਗੈਸ ਪਾਈਪ ਲਾਈਨ ਦਾ 15 ਮਈ ਨੂੰ ਲਿਖਤੀ ਸਮਝੌਤਾ ਹੋ ਚੁੱਕਿਆ ਹੈ, ਪਰ ਕੰਪਨੀ ਵੱਲੋਂ ਜਾਣ-ਬੁੱਝ ਕੇ ਸਮਝੌਤੇ ਨੂੰ ਲਾਗੂ ਨਹੀਂ ਕੀਤਾ ਜਾ ਰਿਹਾ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵੀ ਲਗਾਤਾਰ ਕਿਸਾਨਾਂ ਨਾਲ ਨਾ ਪੱਖੀ ਰਵੱਈਆ ਸਾਹਮਣੇ ਆ ਰਿਹਾ ਹੈ।ਧਰਨੇ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਮੀਤ ਪ੍ਰਧਾਨ ਬਸੰਤ ਸਿੰਘ ਕੋਠਾ ਗੁਰੂ ਨੇ ਕਿਹਾ ਕਿ ਪਿਛਲੇ ਦਿਨੀਂ ਗੜੇਮਾਰੀ ਤੇ ਭਾਰੀ ਤੂਫਾਨ ਕਾਰਨ ਕਿਸਾਨਾਂ ਦੀਆਂ ਫਸਲਾਂ, ਸਬਜ਼ੀਆਂ ਤੇ ਪਸ਼ੂਆਂ ਦੇ ਸ਼ੈੱਡਾਂ ਦਾ ਭਾਰੀ ਨੁਕਸਾਨ ਹੋ ਗਿਆ ਸੀ, ਜਿਸ ਦੇ ਮੁਆਵਜ਼ੇ ਸਬੰਧੀ ਪੰਜ ਮਾਰਚ ਨੂੰ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਵੀ ਦਿੱਤਾ ਜਾ ਚੁੱਕਾ ਹੈ, ਪਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਸ ਸਬੰਧੀ ਅਜੇ ਤੱਕ ਕੋਈ ਕਾਰਵਾਈ ਸ਼ੁਰੂ ਨਹੀਂ ਕੀਤੀ ਗਈ। ਇਸ ਨੂੰ ਹੱਲ ਕਰਾਉਣ ਲਈ ਅੱਜ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਅਗਵਾਈ ਵਿੱਚ ਮਿੰਨੀ ਸਕੱਤਰੇਤ ਅੱਗੇ ਅਣਮਿੱਥੇ ਸਮੇਂ ਦਾ ਧਰਨਾ ਸ਼ੁਰੂ ਕਰ ਦਿੱਤਾ।ਕਿਸਾਨ ਆਗੂਆਂ ਨੇ ਕਿਹਾ ਕਿ ਇਸ ਤੋਂ ਇਲਾਵਾ ਭਿਆਨਕ ਬਿਮਾਰੀ ਕਾਰਨ ਰਾਏ ਕੇ ਕਲਾਂ, ਆਕਲੀਆ ਕਲਾਂ ਤੇ ਹੋਰ ਪਿੰਡਾਂ ਦੇ ਕਿਸਾਨਾਂ ਦੇ ਪਸ਼ੂਧਨ ਦਾ ਵੱਡਾ ਨੁਕਸਾਨ ਹੋ ਗਿਆ ਹੈ, ਜਿਸ ਸਬੰਧੀ ਖੇਤੀਬਾੜੀ ਮੰਤਰੀ ਤੇ ਡਾਕਟਰਾਂ ਦੀਆਂ ਟੀਮਾਂ ਨੇ ਵੀ ਪਿੰਡਾਂ ਵਿੱਚ ਕਿਸਾਨਾਂ ਨੂੰ ਪਸ਼ੂਆਂ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਨਹੀਂ ਦਿੱਤਾ ਗਿਆ।ਇਸ ਤੋਂ ਇਲਾਵਾ ਨਹਿਰੀ ਪਾਣੀ ਦੀ ਟੇਲਾਂ 'ਤੇ ਵੱਡੀ ਸਮੱਸਿਆ ਹੈ, ਜੋ ਹੱਲ ਨਹੀਂ ਕੀਤੀ ਜਾ ਰਹੀ।ਕਿਸਾਨ ਆਗੂਆਂ ਨੇ ਕਿਹਾ ਕਿ ਇਹ ਮਸਲਾ ਐੱਮ ਐੱਲ ਏ ਤੇ ਖੇਤੀਬਾੜੀ ਮੰਤਰੀ ਦੇ ਲਗਾਤਾਰ ਧਿਆਨ ਵਿੱਚ ਲਿਆਂਦਾ ਜਾ ਚੁੱਕਾ ਹੈ।ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਸਰਕਾਰ ਕਿਸਾਨਾਂ ਦੀਆਂ ਮੰਗਾਂ ਦਾ ਹੱਲ ਨਹੀਂ ਕਰਦੀ ਤਾਂ ਆਉਂਦੇ ਦਿਨਾਂ ਵਿੱਚ ਕਿਸਾਨਾਂ ਦੇ ਰੋਹ ਦਾ ਸਾਹਮਣਾ ਕਰ ਲਈ ਤਿਆਰ ਰਹੇ।ਅੱਜ ਦੇ ਧਰਨੇ ਨੂੰ ਮਾਲਣ ਕੌਰ ਕੋਠਾ ਗੁਰੂ, ਸੁਖਦੇਵ ਸਿੰਘ ਰਾਮਪੁਰਾ, ਕੁਲਵੰਤ ਸ਼ਰਮਾ ਰਾਏਕੇ ਕਲਾਂ ਨੇ ਵੀ ਸੰਬੋਧਨ ਕੀਤਾ।ਧਰਨੇ ਵਿੱਚ ਹਰਜਿੰਦਰ ਸਿੰਘ ਬੱਗੀ, ਬਾਬੂ ਸਿੰਘ ਮੰਡੀ ਖੁਰਦ, ਨਛੱਤਰ ਸਿੰਘ ਢੱਡੇ, ਜਸਵੀਰ ਸਿੰਘ ਬੁਰਜ ਸੇਮਾ, ਜਗਦੇਵ ਸਿੰਘ ਜੋਗੇਵਾਲਾ, ਹੁਸ਼ਿਆਰ ਸਿੰਘ ਚੱਕ ਫਤਿਹ ਸਿੰਘ ਵਾਲਾ, ਬਲਜੀਤ ਸਿੰਘ ਪੂਹਲਾ, ਅਜੈਪਾਲ ਸਿੰਘ ਘੁੱਦਾ, ਅਮਰੀਕ ਸਿੰਘ ਸਿਵੀਆਂ, ਹਰਪ੍ਰੀਤ ਸਿੰਘ ਚੱਠੇਵਾਲਾ, ਬੂਟਾ ਸਿੰਘ ਬੱਲੋ ਸ਼ਾਮਲ ਸਨ।

# ਪੁਲਸ ਨੇ ਅਗਵਾ ਹੋਏ ਵਿਅਕਤੀ ਦੀ ਗੁੱਥੀ ਨੂੰ ਸੁਲਝਾਇਆ

## 3 ਮੁਲਜ਼ਮਾਂ ਨੂੰ ਕਾਬੂ ਕਰਕੇ 10 ਲੱਖ ਰੁਪਏ ਕੀਤੇ ਬਰਾਮਦ



**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਬੀਤੀ 1 ਅਪ੍ਰੈਲ ਨੂੰ ਇੱਕ ਲੜਕੇ ਨੂੰ ਨਾਮਲੂਮ ਵਿਅਕਤੀ ਅਗਵਾਹ ਕਰਕੇ ਲੈ ਗਏ ਸੀ ਤੇ ਪਰਿਵਾਰ ਪਾਸੋਂ ਉਸ ਲੜਕੇ ਨੂੰ ਸਹੀ ਸਲਾਮਤ ਛੱਡਣ ਬਦਲੇ ਫਿਰੌਤੀ 40 ਪੇਟੀ ਭਾਵ 40 ਲੱਖ ਰੁਪਏ ਦੀ ਮੰਗ ਕੀਤੀ ਗਈ ਸੀ।ਪਰਿਵਾਰ ਵੱਲੋਂ ਪੁਲਸ ਨੂੰ ਸੂਚਨਾ ਦੇਣ ਤੋਂ ਬਾਅਦ ਪੁਲਸ ਤੁਰੰਤ ਹਰਕਤ 'ਚ ਆ ਗਈ ਤੇ ਕਾਰਵਾਈ ਕਰਦਿਆਂ ਮੁਕੱਦਮਾ ਨੰਬਰ-38 ਮਿਤੀ 02.04.2024 ਅ/ਧ 364 ਏ, 34 ਹਿੰ.ਦੰ. ਥਾਣਾ ਸਿਵਲ ਲਾਇਨ ਬਠਿੰਡਾ ਬਰਖਿਲਾਫ ਨਾ-ਮਾਲੂਮ ਵਿਅਕਤੀਆਂ ਰਜਿਸਟਰ ਕਰਕੇ ਤਫਤੀਸ਼ ਅਮਲ ਵਿੱਚ ਲਿਆਂਦੀ।ਪੁਲਸ ਟੀਮ ਤੇ ਸੀਨੀਅਰ ਪੁਲਸ ਅਧਿਕਾਰੀ ਲਗਾਤਾਰ ਪਰਿਵਾਰ ਨਾਲ ਮੌਜੂਦ ਰਹੇ।ਸ਼੍ਰੀ ਦੀਪਕ ਪਾਰੀਕ ਆਈ.ਪੀ.ਐੱਸ ਐੱਸ.ਐੱਸ.ਪੀ. ਬਠਿੰਡਾ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਵਾਰਦਾਤ ਨੂੰ ਟਰੇਸ ਕਰਨ ਲਈ ਆਈ.ਪੀ.ਐੱਸ ਐੱਸ.ਪੀ. (ਇੰਨਵੈਸਟੀਗੇਸ਼ਨ) ਬਠਿੰਡਾ ਸ਼੍ਰੀ ਨਰਿੰਦਰ ਸਿੰਘ ਪੀ.ਪੀ.ਐੱਸ. ਐੱਸ ਪੀ (ਸਿਟੀ), ਸ਼੍ਰੀ ਰਾਜੇਸ਼ ਕੁਮਾਰ ਪੀ.ਪੀ.ਐੱਸ. ਡੀ.ਐੱਸ.ਪੀ. (ਇੰਨਵੈਸਟੀਗੇਸ਼ਨ) ਬਠਿੰਡਾ ਤੇ ਸ੍ਰ. ਸਰਬਜੀਤ ਸਿੰਘ ਪੀ.ਪੀ.ਐੱਸ. ਡੀ.ਐੱਸ.ਪੀ. (ਸ.ਡ. ਸਿਟੀ-2 ਬਠਿੰਡਾ) ਦੀ ਅਗਵਾਈ ਹੇਠ ਸੀ.ਆਈ.ਏ. ਸਟਾਫ 1, 2 ਤੇ ਮੁੱਖ ਅਫਸਰ ਥਾਣਾ ਸਿਵਲ ਲਾਈਨਜ਼ ਬਠਿੰਡਾ ਦੀਆਂ ਵੱਖ-ਵੱਖ ਟੀਮਾਂ ਗਠਿਤ ਕੀਤੀਆਂ ਗਈਆਂ ਸਨ। ਇਨ੍ਹਾਂ ਟੀਮਾਂ ਵੱਲੋਂ ਉਕਤ ਵਾਰਦਾਤ ਨੂੰ ਡੂੰਘਾਈ ਨਾਲ ਟਰੇਸ ਕਰਨ ਲਈ ਟੈਕਨੀਕਲ, ਖੁਫੀਆ ਸੋਰਸਾਂ ਤੇ ਹਿਊਮਨ ਇੰਟੈਲੀਜੈਂਸ ਦੀ ਮੱਦਦ ਨਾਲ ਅਗਵਾ ਕਰਨ ਵਾਲੇ ਵਿਅਕਤੀਆਂ ਦੀ ਪਛਾਣ ਕੀਤੀ ਗਈ ਤੇ ਬੀਤੀ 03.04.2024 ਨੂੰ ਮੁਕੱਦਮਾ ਉਕਤ ਵਿੱਚ ਮਨਿੰਦਰ ਸਿੰਘ ਪੁੱਤਰ ਕੁਲਦੀਪ ਸਿੰਘ ਵਾਸੀ ਪਿੰਡ ਕੰਦੂ ਖੇੜਾ, ਲਵਪ੍ਰੀਤ ਸਿੰਘ ਪੁੱਤਰ ਸ਼ਿੰਦਾ ਸਿੰਘ ਵਾਸੀ ਪਿੰਡ ਤਰਮਾਲਾ, ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਤੇ ਕਿਰਨਾ ਪਤਨੀ ਵਰਿੰਦਰ ਸਿੰਘ ਵਾਸੀ # 465, ਕਮਲਾ ਨਹਿਰੂ ਕਲੋਨੀ ਬਠਿੰਡਾ ਨੂੰ ਦੋਸ਼ੀ ਨਾਮਜ਼ਦ ਕਰਕੇ ਮੁਕੱਦਮਾ ਵਿੱਚ ਜੁਰਮ 120ਬੀ ਆਈ ਪੀ ਸੀ ਦਾ ਵਾਧਾ ਕੀਤਾ ਗਿਆ।ਪੁਲਸ ਦੀ ਸਭ ਤੋਂ ਵੱਡੀ ਤਰਜੀਹ ਪੀੜਤ ਦੀ ਸੁਰੱਖਿਆ ਸੀ।ਪੁਲਸ ਟੀਮਾਂ ਨੇ ਪੀੜਤ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਲਗਾਤਾਰ ਕੰਮ ਕੀਤਾ ਬਾ-ਹੱਦ ਕਮਲਾ ਨਹਿਰੂ ਕਲੋਨੀ ਬਠਿੰਡਾ ਤੋਂ ਦੋਸ਼ੀਆਨ ਮਨਿੰਦਰ ਸਿੰਘ, ਲਵਪ੍ਰੀਤ ਸਿੰਘ ਤੇ ਕਿਰਨਾ ਉਕਤਾਨ ਨੂੰ ਕਾਬੂ ਕਰਕੇ ਇਨ੍ਹਾਂ ਪਾਸੋਂ ਦਸ ਲੱਖ ਰੁਪਏ, ਮੋਬਾਇਲ ਫੋਨ, ਪਿਸਤੌਲਨੁਮਾ ਲਾਈਟਰ, ਕਾਰ ਸਵਿੱਫਟ ਰੰਗ ਚਿੱਟਾ ਨੰਬਰੀ ਪੀ ਬੀ-30 ਪੀ-4408 ਬ੍ਰਾਮਦ ਕੀਤੇ ਗਏ।ਬਾਕੀ ਰਹਿੰਦੇ 01 ਦੋਸ਼ੀ ਦੀ ਗ੍ਰਿਫਤਾਰੀ ਕਰਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।ਦੋਸ਼ੀਆਨ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਸ ਰਿਮਾਂਡ ਹਾਸਲ ਕਰਕੇ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ।

# ਲਖਵੀਰ ਸਿੰਘ ਸੁੱਖੇਵਾਲਾ ਦੀ ਸੇਵਾ ਮੁਕਤੀ 'ਤੇ ਸਨਮਾਨ ਸਮਾਰੋਹ



ਸਾਥੀ ਲਖਵੀਰ ਸਿੰਘ ਦਾ ਜਨਮ 30 ਮਾਰਚ 1966 ਨੂੰ ਮਾਤਾ ਸ੍ਰੀਮਤੀ ਹਰਭਜਨ ਕੌਰ ਤੇ ਪਿਤਾ ਸ੍ਰ: ਜੰਗੀਰ ਸਿੰਘ ਦੇ ਘਰ ਪਿੰਡ ਸੁੱਖੇਵਾਲਾ ਤਹਿ: ਜ਼ੀਰਾ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਹੋਇਆ।ਸਾਥੀ ਨੇ ਦਸਵੀ ਤੱਕ ਦੀ ਪੜ੍ਹਾਈ ਸਾਲ 1984 ਵਿੱਚ ਪੂਰੀ ਕੀਤੀ।ਸਾਲ 1986 ਸਾਥੀ ਬਤੌਰ ਡੇਲੀ ਬੇਸ ਮਹਿਕਮੇ ਵਿੱਚ ਸੇਵਾ ਸ਼ੁਰੂ ਕੀਤੀ।ਸਾਲ 1990 ਵਿੱਚ ਵਰਕ ਚਾਰਜ ਬਣੇ।ਫਿਰ ਸਾਥੀ ਸਹਾਇਕ ਲਾਈਨਮੈਨ ਬਣੇ।ਸਾਲ 2007 ਵਿੱਚ ਐੱਸ.ਐੱਸ.ਏ. ਬਣੇ।ਸਾਥੀ ਬਤੌਰ ਜੇ ਈ 2022 ਵਿੱਚ ਬਣੇ।ਸਾਥੀ ਜੀ ਦੀ ਸ਼ਾਦੀ ਸ੍ਰੀਮਤੀ ਦਰਸ਼ਨ ਕੌਰ ਪੁੱਤਰੀ ਸ੍ਰ: ਚੰਦ ਸਿੰਘ ਵਾਸੀ ਪਿੰਡ ਚਹਿਲ ਜ਼ਿਲ੍ਹਾ ਫਰੀਦਕੋਟ ਨਾਲ ਹੋਈ।ਸਾਥੀ ਜੀ ਦਾ ਇੱਕ ਬੇਟਾ ਹੈ, ਜਿਸ ਦਾ ਨਾਮ ਜੋਬਨਜੀਤ ਸਿੰਘ ਹੈ, ਜੋ ਕੈਨੇਡਾ ਵਿੱਚ ਪੜ੍ਹਾਈ ਕਰ ਰਿਹਾ ਹੈ।ਸਾਥੀ ਲਖਵੀਰ ਸਿੰਘ ਸੁੱਖੇਵਾਲੇ ਨੇ ਜਿੱਥੇ ਮਹਿਕਮੇ ਵਿੱਚ ਡਿਊਟੀ ਕੀਤੀ, ਉਸ ਦੌਰਾਨ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ 14/1965 ਜਥੇਬੰਦੀ 'ਚ ਕੰਮ ਕੀਤਾ।ਸਾਥੀ ਜੀ ਦਾ ਭਰਾ ਕਾਮਰੇਡ ਸਹਿਦੇਵ ਸਿੰਘ ਸੁੱਖੇਵਾਲਾ ਸਿਰ ਕੱਢ ਆਗੂ ਸਨ।ਲਖਵੀਰ ਸਿੰਘ ਨੇ ਜਥੇਬੰਦੀ ਦੇ ਵੱਖ-ਵੱਖ ਅਹੁਦਿਆਂ 'ਤੇ ਕੰਮ ਕੀਤਾ, ਜਿਸ ਦੀ ਅਗਵਾਈ ਸੀਨੀਅਰ ਆਗੂਆ ਨੇ ਕੀਤੀ।ਸਾਥੀ ਕਰਮਚੰਦ ਭਾਰਦਵਾਜ, ਬਿਰਜ ਲਾਲ, ਕਰਮ ਚੰਦ ਖੰਨਾ, ਸਿਕੰਦਰ ਨਾਥ ਸਵ: ਬਲਵਿੰਦਰ ਸਿੰਘ ਪਟਿਆਲਾ, ਅਮਰੀਕ ਸਿੰਘ ਨੂਰਪੁਰ, ਬਲਕਾਰ ਸਿੰਘ ਭੁੱਲਰ, ਸੁਖਦੇਵ ਸਿੰਘ ਬੱਗੀ ਪਤਨੀ ਤੇ ਬਲਜੀਤ ਸਿੰਘ ਮੋਦਲਾ, ਲਖਵੀਰ ਸਿੰਘ ਨੇ ਜਥੇਬੰਦੀ ਕੰਮ ਕਰਦੇ ਸਮੇਂ ਹਮੇਸ਼ਾ ਪਹਿਲ ਜਥੇਬੰਦੀ ਨੂੰ ਦਿੱਤੀ।ਜਿੱਥੇ ਜਥੇਬੰਦੀ ਨੂੰ ਸਮਾਂ ਦਿੱਤਾ, ਉਥੇ ਆਪਣੀ ਡਿਊਟੀ ਪ੍ਰਤੀ ਪੂਰੀ ਇਮਾਨਦਾਰੀ ਨਾਲ ਕੰਮ ਕੀਤਾ।ਪਿਛਲੇ ਸਮੇਂ ਬਠਿੰਡਾ ਵਿਖੇ ਇਜਲਾਸ ਹੋਇਆ, ਉਸ ਵਿੱਚ ਸਾਥੀ ਨੂੰ ਪੀ.ਐੱਸ.ਈ.ਬੀ. ਇੰਪਲਾਈਜ਼ ਫੈਡਰੇਸ਼ਨ ਪੰਜਾਬ ਦਾ ਸੀਨੀਅਰ ਮੀਤ ਪ੍ਰਧਾਨ ਚੁਣਿਆ ਗਿਆ। ਇਸ ਸਮੇਂ ਸਾਥੀ ਸਰਕਲ ਫਿਰੋਜ਼ਪੁਰ ਵਿਖੇ ਜਥੇਬੰਦੀ ਦੇ ਸਾਰੇ ਆਗੂਆਂ ਨਾਲ ਜਿਵੇਂ ਸੂਬਾ ਆਗੂ ਸ੍ਰੀ ਸਤੀਸ਼ ਕੁਮਾਰ, ਸਰਕਲ ਪ੍ਰਧਾਨ ਅਸ਼ਵਨੀ ਕੁਮਾਰ, ਬਲਕਾਰ ਸਿੰਘ ਭੁੱਲਰ, ਸੁਖਦੇਵ ਸਿੰਘ ਬੱਗੀ ਪਤਨੀ, ਸੁਖਚੈਨ ਸਿੰਘ, ਰਾਕੇਸ਼ ਸ਼ੈਣੀ, ਰਜੇਸ਼ ਦੱਤਾ, ਸੁਖਦੇਵ ਸਿੰਘ ਸਟੋਰ, ਗਿਆਨ ਚੰਦ ਰੋਹਿਤ ਬਾਘਲਾ, ਸਵਰਨ ਸਿੰਘ ਮੱਲਾਂਵਾਲਾ, ਪ੍ਰਗਟ ਸਿੰਘ ਮੱਲਾਂਵਾਲਾ ਤੇ ਬਲਦੇਵ ਸਿੰਘ ਮੋਗਾ ਆਦਿ ਸਾਥੀਆਂ ਨਾਲ ਇੱਕ ਟੀਮ ਬਣਾ ਕੇ ਕੰਮ ਕਰ ਰਹੇ ਹਨ, ਜੋ ਜਥੇਬੰਦੀ ਬਿਹਤਰੀ ਲਈ ਇੱਕ ਚੰਗਾ ਕਦਮ ਹੈ।ਲਖਵੀਰ ਸਿੰਘ 31 ਮਾਰਚ 2024 ਨੂੰ ਸੇਵਾ ਮੁਕਤ ਹੋ ਚੁੱਕੇ ਹਨ, ਜਿਨ੍ਹਾਂ ਦੀ ਵਿਦਾਇਗੀ ਪਾਰਟੀ ਅੱਜ 05 ਮਾਰਚ 2024 ਨੂੰ ਪਿੰਡ ਸੁੱਖੇਵਾਲਾ ਵਿਖੇ ਹੋ ਰਹੀ ਹੈ, ਜਿਸ ਵਿੱਚ ਜਥੇਬੰਦੀ ਤੋਂ ਇਲਾਵਾ ਭਾਰਤੀ ਕਿਸਾਨ ਯੂਨੀਅਨ ਆਗੂ, ਸਿਆਸੀ ਆਗੂ ਤੇ ਹੋਰ, ਜੋ ਲਾਲ ਝੰਡੇ ਨੂੰ ਸਲਾਮ ਕਰਨ ਵਾਲੇ ਸਾਥੀ ਹਨ, ਇਸ ਵਿਦਾਇਗੀ ਪਾਰਟੀ ਨੂੰ ਸੰਬੋਧਨ ਕਰਨਗੇ।

*-ਨਰਿੰਦਰ ਅਨੇਜਾ, ਜ਼ੀਰਾ*

# ਦਿਹਾਤੀ ਮਜ਼ਦੂਰ ਸਭਾ ਵੱਲੋਂ ਐੱਸ ਡੀ ਓ ਦਫ਼ਤਰ ਅੱਗੇ ਰੋਸ ਪ੍ਰਦਰਸ਼ਨ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਮੁਕਤਸਰ ਤਹਿਸੀਲ ਦੇ ਪਿੰਡ ਕੁੱਕਰੀਆਂ ਦੇ ਮਜ਼ਦੂਰਾਂ ਦੇ ਵੱਡੀਆਂ ਵੱਡੀਆਂ ਰਕਮਾਂ ਦੇ ਬਿੱਲ ਮਾਫ਼ ਕਰਵਾਉਣ ਤੇ ਮੀਟਰ ਪੁੱਟਣ ਵਿਰੁੱਧ ਤੇ ਕੱਟੇ ਗਏ ਕੁਨੈਕਸ਼ਨ ਬਹਾਲ ਕਰਵਾਉਣ ਲਈ ਦਿਹਾਤੀ ਮਜ਼ਦੂਰ ਸਭਾ ਪਿੰਡ ਇਕਾਈ ਵੱਲੋਂ ਬਿਜਲੀ ਦਫਤਰ ਲੁਬਾਣਿਆਂ ਵਾਲੀ ਦੇ ਦਫ਼ਤਰ ਸਾਹਮਣੇ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦੇ ਹੋਏ ਦਿਹਾਤੀ ਮਜ਼ਦੂਰ ਸਭਾ ਪੰਜਾਬ ਤਹਿਸੀਲ ਮੁਕਤਸਰ ਸਾਹਿਬ ਦੇ ਆਗੂ ਕਰਮਵੀਰ ਸਿੰਘ ਕਾਨਿਆਂ ਵਾਲੀ ਨੇ ਇਕੱਠ ਨੂੰ ਸੰਬੋਧਨ ਕੀਤਾ।ਉਪਰੰਤ ਪਾਵਰਕਾਮ ਐੱਸ ਡੀ ਓ ਨੂੰ ਡੈਪੂਟੇਸ਼ਨ ਲੈ ਕੇ ਮਿਲਿਆ ਗਿਆ। ਇਸ ਮੌਕੇ ਦਿਹਾਤੀ ਮਜ਼ਦੂਰ ਸਭਾ ਪੰਜਾਬ ਦੇ ਸੂਬਾ ਸੰਯੁਕਤ ਸਕੱਤਰ ਜਗਜੀਤ ਸਿੰਘ ਜੱਸੇਆਣਾ ਨੇ ਟੇਬਲ ਟਾਕ ਵਿੱਚ ਹਿੱਸਾ ਲਿਆ। ਐੱਸ ਡੀ ਓ ਨੇ ਵਿਸ਼ਵਾਸ ਦਿਵਾਇਆ ਕਿ ਡਿਫਾਲਟਰ ਮਜ਼ਦੂਰਾਂ ਦੀਆਂ ਰਕਮਾਂ ਘਟਾਉਣ ਲਈ ਪਟਿਆਲਾ ਮਹਿਕਮੇ ਨੂੰ ਚਿੱਠੀ ਲਿਖੀ ਜਾਵੇਗੀ, ਕੁਨੈਕਸ਼ਨ ਦੁਬਾਰਾ ਜੋੜੇ ਜਾਣਗੇ, ਡਿਫਾਲਟਰ ਮਜ਼ਦੂਰ ਪਰਿਵਾਰਾਂ ਦੇ ਵਿਆਹੇ ਲੜਕੇ, ਜੋ ਅੱਡ ਹੋ ਗਏ ਹਨ, ਉਨ੍ਹਾਂ ਨੂੰ ਮੀਟਰ ਦਿੱਤੇ ਜਾਣਗੇ ਅਤੇ ਵੱਖਰੇ ਘਰ ਵਿਖਾਉਣ ਦੀ ਸ਼ਰਤ ਖ਼ਤਮ ਕੀਤੀ ਅਤੇ ਸਿਲੰਡਰ ਦੀ ਕਾਪੀ ਉੱਤੇ ਮੀਟਰ ਲਾਏ ਜਾਣਗੇ। ਇਸ ਮੌਕੇ ਸੰਬੋਧਨ ਕਰਦਿਆਂ ਜਗਜੀਤ ਸਿੰਘ ਜੱਸੇਆਣਾ ਨੇ ਕਿਹਾ ਕਿ ਪਿੰਡ ਪਿੰਡ ਮਜ਼ਦੂਰਾਂ ਦੀ ਜਥੇਬੰਦੀ ਬਣਾਵਾਂਗੇ ਤੇ ਤਿੱਖਾ ਸੰਘਰਸ਼ ਕੀਤਾ ਜਾਵੇਗਾ। ਅਖ਼ੀਰ ਵਿੱਚ ਸਰਵਸੰਮਤੀ ਨਾਲ਼ ਫੈਸਲਾ ਕੀਤਾ ਕਿ ਲੋਕ ਸਭਾ ਚੋਣਾਂ ਵਿੱਚ ਅਕਾਲੀ-ਭਾਜਪਾ ਨੂੰ ਵੋਟਾਂ ਨਹੀਂ ਪਾਈਆਂ ਜਾਣਗੀਆਂ।

# ਐੱਸ ਸੀ ਬੀ ਸੀ ਐਕਸ਼ਨ ਕਮੇਟੀ ਨੇ ਡਿਪਟੀ ਕਮਿਸ਼ਨਰ ਦਫਤਰ ਅੱਗੇ ਦਿੱਤਾ ਧਰਨਾ



**ਸੰਗਰੂਰ (ਪ੍ਰਦੀਪ ਸਿੰਘ ਸੱਪਲ)**

ਵੱਖ-ਵੱਖ ਸਮਾਜਿਕ, ਧਾਰਮਿਕ, ਮਜ਼ਦੂਰ ਤੇ ਮੁਲਾਜ਼ਮਾਂ ਦੀ ਬਲਵੀਰ ਸਿੰਘ ਆਲਮਪੁਰ ਰਿਹਾਅ ਕਰਾਓ ਐਸ.ਸੀ.ਬੀ.ਸੀ ਐਕਸ਼ਨ ਕਮੇਟੀ ਵੱਲੋਂ ਜਾਅਲੀ ਅਨੁਸੂਚਿਤ ਜਾਤੀ ਸਰਟੀਫਿਕੇਟ ਰੱਦ ਕਰਾਉਣ ਵਾਲੇ ਬਲਵੀਰ ਸਿੰਘ ਆਲਮਪੁਰ 'ਤੇ ਪਾਏ ਝੂਠੇ ਪਰਚੇ ਰੱਦ ਕਰਾਉਣ ਅਤੇ ਹੋਰ ਮਜ਼ਦੂਰਾਂ-ਮੁਲਾਜ਼ਮਾਂ ਦੀਆਂ ਮੰਗਾਂ ਨੂੰ ਡਿਪਟੀ ਕਮਿਸ਼ਨਰ ਸੰਗਰੂਰ ਦੇ ਦਫ਼ਤਰ ਅੱਗੇ ਧਰਨਾ ਲਾਇਆ ਗਿਆ।ਧਰਨੇ ਵਿੱਚ ਜਾਅਲੀ ਸਰਟੀਫਿਕੇਟ ਰੱਦ ਕਰਾਉਣ ਵਾਲੇ ਬਲਵੀਰ ਆਲਮਪੁਰ ਦੇ ਪਰਵਾਰ ਨੇ ਵੀ ਸ਼ਿਰਕਤ ਕੀਤੀ।ਐਕਸ਼ਨ ਕਮੇਟੀ ਦੇ ਆਗੂ ਕਰਨੈਲ ਸਿੰਘ ਨੀਲੋਵਾਲ ਨੇ ਕਿਹਾ ਕਿ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੇ ਦੁੱਖ ਤਕਲੀਫ਼ਾਂ ਝੱਲ ਕੇ ਸਦੀਆਂ ਤੋਂ ਦੱਬੇ ਕੁਚਲੇ ਲੋਕਾਂ ਨੂੰ ਸੰਵਿਧਾਨਕ ਹੱਕ ਲੈ ਕੇ ਦਿੱਤੇ, ਪਰ ਉਨ੍ਹਾਂ ਹੱਕਾਂ ਨੂੰ ਅਜ਼ਾਦੀ ਦੇ ਸੱਤ ਦਹਾਕੇ ਬੀਤਣ ਬਾਅਦ ਵੀ ਅਜੇ ਤੱਕ ਅਮਲੀ ਰੂਪ ਲਾਗੂ ਨਹੀਂ ਕੀਤਾ ਗਿਆ।ਉਨ੍ਹਾਂ ਕਿਹਾ ਕਿ ਅਨੁਸੂਚਿਤ ਜਾਤੀਆਂ ਦੇ ਜਾਅਲੀ ਸਰਟੀਫਿਕੇਟ ਬਣਾ ਕੇ ਪੰਜਾਬ ਵਿੱਚ ਹਜ਼ਾਰਾਂ ਲੋਕ ਨੌਕਰੀਆਂ ਕਰ ਰਹੇ ਹਨ, ਜੇਕਰ ਬਲਵੀਰ ਸਿੰਘ ਆਲਮਪੁਰ ਨੇ ਉਨ੍ਹਾਂ ਨੂੰ ਨੰਗਾ ਕੀਤਾ ਤਾਂ ਜਾਅਲੀ ਸਰਟੀਫਿਕੇਟ ਧਾਰਕਾਂ ਦੀ ਸ਼ਿਕਾਇਤ 'ਤੇ ਉਸ ਨੂੰ ਝੂਠੇ ਕੇਸ ਵਿੱਚ ਫਸਾ ਕੇ ਜੇਲ੍ਹ ਵਿੱਚ ਬੰਦ ਕਰ ਦਿੱਤਾ।ਇਸ ਮੌਕੇ ਅੰਬੇਡਕਰ ਸਭਾ ਦੇ ਪ੍ਰਧਾਨ ਹਰਜਸ ਸਿੰਘ ਖਡਿਆਲ ਨੇ ਧਰਨੇ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸੰਵਿਧਾਨਕ ਹੱਕਾਂ ਦੀ ਲਈ ਬਹੁਜਨ ਸਮਾਜ ਨੂੰ ਸੜਕਾਂ 'ਤੇ ਉਤਰਨਾ ਪੈਂਦਾ ਹੈ। ਉਨ੍ਹਾਂ ਬਹੁਜਨ ਸਮਾਜ ਨਾਲ ਹੋ ਰਹੀਆਂ ਧੱਕੇਸ਼ਾਹੀਆਂ ਖ਼ਿਲਾਫ਼ ਭਗਵੰਤ ਮਾਨ ਸਰਕਾਰ ਦੀ ਸਖ਼ਤ ਨਿੰਦਾ ਕੀਤੀ।ਇਸ ਸਮੇਂ ਪ੍ਰਦਰਸ਼ਨਕਾਰੀ ਵੱਖ-ਵੱਖ ਪਿੰਡਾਂ ਤੇ ਸ਼ਹਿਰਾਂ ਵਿੱਚੋਂ ਵੱਡੇ ਕਾਫ਼ਲਿਆਂ ਦੇ ਰੂਪ ਵਿੱਚ ਜੈ ਭੀਮ ਦੇ ਨਾਅਰਿਆਂ ਨਾਲ ਧਰਨੇ ਵਿੱਚ ਸ਼ਾਮਲ ਹੋਏ।ਇਸ ਸਮੇਂ ਵੱਖ-ਵੱਖ ਸਮਾਜਿਕ, ਮੁਲਾਜ਼ਮ ਤੇ ਮਜ਼ਦੂਰ ਜਥੇਬੰਦੀਆਂ ਦੇ ਆਗੂਆਂ ਨੇ ਧਰਨੇ ਨੂੰ ਸੰਬੋਧਨ ਕੀਤਾ।ਐਸ ਸੀ ਬੀ ਸੀ ਅਧਿਆਪਕ ਯੂਨੀਅਨ ਦੇ ਕ੍ਰਿਸ਼ਨ ਸਿੰਘ ਦੁੱਗਾ, ਗੁਰਸੇਵਕ ਸਿੰਘ ਕਲੇਰ, ਐਸ ਸੀ ਬੀ ਸੀ ਗਜ਼ਟਿਡ ਐਂਡ ਨਾਨ-ਗਜ਼ਟਿਡ ਯੂਨੀਅਨ ਦੇ ਪ੍ਰਧਾਨ ਜਸਵੀਰ ਸਿੰਘ ਪਾਲ, ਜਬਰ ਜ਼ੁਲਮ ਵਿਰੋਧੀ ਫਰੰਟ ਦੇ ਆਗੂ ਰਾਜ ਸਿੰਘ ਟੋਡਰਵਾਲ, ਵਿਦਿਆਰਥੀ ਆਗੂ ਪ੍ਰੀਤ ਕਾਂਸ਼ੀ, ਬਲਵਿੰਦਰ ਸਿੰਘ ਜਿਲ੍ਹੇਦਾਰ, ਐਸ ਸੀ ਬੀ ਸੀ ਟੀਚਰ ਯੂਨੀਅਨ ਦੇ ਸੂਬਾ ਪ੍ਰਧਾਨ ਬਲਜੀਤ ਸਿੰਘ ਸਲਾਣਾ, ਪ੍ਰਿੰਸੀਪਲ ਗੁਰਮੇਲ ਸਿੰਘ, ਦਰਸ਼ਨ ਸਿੰਘ ਬਾਜਵਾ ਤੇ ਕੈਪਟਨ ਹਰਭਜਨ ਸਿੰਘ ਆਦਿ ਹਾਜ਼ਰ ਸਨ।

# ਬੀਬੀਆਂ ਨੇ ਫਾਇਨਾਂਸ ਕੰਪਨੀਆਂ ਦੇ ਕਰਜ਼ੇ ਦੇਣ ਤੋਂ ਕੀਤੇ ਹੱਥ ਖੜੇ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਮੁਕਤਸਰ ਸਾਹਿਬ ਤਹਿਸੀਲ ਦੇ ਪਿੰਡ ਜਗਤ ਸਿੰਘ ਵਾਲਾ ਵਿੱਚ ਮਨਰੇਗਾ ਵਰਕਰਜ਼ ਯੂਨੀਅਨ ਪੰਜਾਬ ਦੀ ਪਿੰਡ ਇਕਾਈ ਦੀ ਅਗਵਾਈ ਹੇਠ ਮਾਈਕਰੋ ਫਾਇਨਾਂਸ ਕੰਪਨੀਆਂ ਦੇ ਕਰਜ਼ੇ ਦੇ ਸਤਾਏ ਮਰਦ ਔਰਤਾਂ ਨੇ ਪ੍ਰਭਾਵਸ਼ਾਲੀ ਮੀਟਿੰਗ ਕਰਕੇ ਕਰਜ਼ਾ ਨਾ ਮੋੜਨ ਲਈ ਹੱਥ ਖੜੇ ਕਰ ਦਿੱਤੇ ਹਨ ਅਤੇ ਮੋਟੀ ਵਿਆਜ ਲਾ ਕੇ ਕਰਜ਼ ਜਾਲ਼ ਵਿੱਚ ਫ਼ਸ ਚੁੱਕੀਆਂ ਭੈਣਾਂ ਨੂੰ ਜਥੇਬੰਦ ਕਰਕੇ ਕਰਜ਼ਾ ਕੰਪਨੀਆਂ ਦਾ ਨੱਕ ਭੰਨਿਆ ਜਾਵੇਗਾ ਤੇ ਕਰਜ਼ਾ ਉਗਰਾਹੁਣ ਵਾਲੇ ਕਰਿੰਦਿਆਂ ਨੂੰ ਮੂੰਹ ਤੋੜਵਾਂ ਜਵਾਬ ਦੇ ਪਿੰਡ ਵਿੱਚ ਘੇਰਿਆ ਜਾਵੇਗਾ। ਇਹ ਵਿਚਾਰ ਮਨਰੇਗਾ ਵਰਕਰਜ਼ ਯੂਨੀਅਨ ਪੰਜਾਬ ਦੇ ਸੂਬਾ ਆਗੂ ਜਸਵਿੰਦਰ ਸਿੰਘ ਵੱਟੂ ਨੇ ਪਿੰਡ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਪ੍ਰਗਟਾਏ। ਸਾਥੀ ਜਸਵਿੰਦਰ ਸਿੰਘ ਵੱਟੂ ਨੇ ਕਿਹਾ ਕਿ ਪਿੰਡ ਪਿੰਡ ਮੀਟਿੰਗਾਂ ਕਰਕੇ ਕਰਜ਼ਾ ਨਾ ਭਰਨ ਲਈ ਲਾਮਬੰਦੀ ਕੀਤੀ ਜਾਵੇਗੀ। ਉਨ੍ਹਾ ਕਰਜ਼ੇ ਦੇ ਜਾਲ 'ਚ ਫਸੀਆਂ ਭੈਣਾਂ ਨੂੰ ਇਸ ਫਸਾਉਣ ਲਈ ਸੱਤਾਧਾਰੀ ਹਾਕਮਾਂ ਜ਼ੁੰਮੇਵਾਰ ਠਹਿਰਾਇਆ, ਕਿਉਂਕਿ ਇਹ ਹਾਕਮ ਤੇ ਸਰਕਾਰਾਂ ਮਜ਼ਦੂਰਾਂ ਨੂੰ ਕਰਜ਼ੇ ਦੇਣ ਤੋਂ ਪੂਰੀ ਤਰ੍ਹਾਂ ਪਾਸਾ ਵੱਟ ਗਈਆਂ ਹਨ। ਉਨ੍ਹਾਂ ਕਿਹਾ ਕਿ ਮੌਜੂਦਾ ਹਾਕਮ ਕਾਰਪੋਰੇਟ ਘਰਾਣਿਆਂ ਨੂੰ ਕਰੋੜਾਂ ਰੁਪਏ ਦੇ ਕਰਜ਼ੇ ਦਿੰਦੇ ਹਨ ਤੇ ਉਨ੍ਹਾਂ ਦੇ ਕਰਜ਼ੇ ਮੁਆਫ਼ ਵੀ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਦੂਜੀਆਂ ਭਰਾਤਰੀ ਮਜ਼ਦੂਰ ਜਥੇਬੰਦੀਆਂ ਨਾਲ ਸਾਂਝ ਬਣਾ ਕੇ ਮੌਜੂਦਾ ਸਰਮਾਏਦਾਰ ਹਾਕਮਾਂ ਵਿਰੁੱਧ ਸੰਘਰਸ਼ ਤੇਜ਼ ਕਰਾਂਗੇ। ਅੰਤ ਵਿੱਚ ਫੈਸਲਾ ਕੀਤਾ ਗਿਆ ਕਿ ਫਾਸ਼ੀਵਾਦੀ ਮੋਦੀ ਹਕੂਮਤ ਨੂੰ ਸੱਤਾ ਤੋਂ ਲਾਹੁਣ ਲਈ ਅਕਾਲੀ-ਭਾਜਪਾ ਉਮੀਦਵਾਰਾਂ ਨੂੰ ਵੋਟਾਂ ਨਹੀਂ ਪਾਈਆਂ ਜਾਣਗੀਆਂ।

# ਮੋਟਰਸਾਈਕਲ ਸਵਾਰਾਂ ਵੱਲੋਂ ਮੈਡੀਕਲ ਸਟੋਰ 'ਤੇ ਫਾਇਰਿੰਗ

**ਮਾਨਸਾ (ਰੀਤਵਾਲ)**-ਮੋਟਰਸਾਈਕਲ ਸਵਾਰ 2 ਅਣਪਛਾਤੇ ਨੌਜਵਾਨਾਂ ਵੱਲੋਂ ਸਥਾਨਕ ਸ਼ਹਿਰ ਦੇ ਇਕ ਮੈਡੀਕਲ ਸਟੋਰ 'ਤੇ ਫਾਇਰਿੰਗ ਕਰਨ ਨਾਲ ਸ਼ਹਿਰ 'ਚ ਦਹਿਸ਼ਤ ਦਾ ਮਾਹੌਲ ਬਣ ਗਿਆ ਹੈ। ਭਾਵੇਂ ਕੋਈ ਜਾਨੀ ਨੁਕਸਾਨ ਤਾਂ ਨਹੀਂ ਹੋਇਆ ਪਰ ਸ਼ੀਸ਼ੇ ਆਦਿ ਚਕਨਾਚੂਰ ਹੋ ਗਏ ਹਨ। ਮੌਕੇ 'ਤੇ ਪੁਲਿਸ ਅਧਿਕਾਰੀ ਪਹੁੰਚ ਕੇ ਜਾਂਚ 'ਚ ਰੁੱਝੇ ਹੋਏ ਹਨ। ਅਣਪਛਾਤੇ ਵਿਅਕਤੀਆਂ ਵੱਲੋਂ ਮੈਡੀਕਲ ਹਾਲ ਤੇ ਕੀਤੀ ਗਈ ਫਾਈਰਿੰਗ ਦੇ ਮਾਮਲੇ ਚ ਕੈਮਿਸ਼ਟ ਐਸੋਸੀਏਸ਼ਨ ਜਿਲ੍ਹਾ ਮਾਨਸਾ ਵੱਲੋਂ ਘਟਨਾ ਦੀ ਸਖ਼ਤ ਸ਼ਬਦਾਂ ਚ ਨਿੰਦਿਆਂ ਕਰਦਿਆਂ ਜਿਲ੍ਹਾ ਜਨਰਲ ਸਕੱਤਰ ਪੁਨੀਤ ਸਿੰਗਲਾ ਨੇ ਪ੍ਰਸ਼ਾਸ਼ਨ ਤੋਂ ਮੰਗ ਕੀਤੀ ਹੈ ਕਿ ਮੁਲਜਮਾਂ ਦੀ ਗ੍ਰਿਫਤਾਰੀ ਤੁਰੰਤ ਯਕੀਨੀ ਬਣਾਈ ਜਾਵੇ। ਉਨ੍ਹਾਂ ਕਿਹਾ ਕਿ ਇਸ ਵਾਰਦਾਤ ਨਾਲ ਮੈਡੀਕਲ ਹਾਲ ਮਾਲਕਾਂ ਚ ਡਰ ਦਾ ਮਾਹੌਲ ਬਣਿਆ ਹੋਇਆ ਹੈ ਕਿ ਦਿਨ ਦਿਹਾੜੇ ਇਸ ਤਰ੍ਹਾਂ ਦੀਆਂ ਵਾਰਦਾਤਾਂ ਕਾਰਨ ਮੁਲਜਮਾਂ ਦੇ ਹੌਂਸਲੇ ਬੁਲੰਦ ਹੋ ਰਹੇ ਹਨ। ਉਨ੍ਹਾਂ ਦੱਸਿਆ ਕਿ ਇਸ ਸੰਬੰਧੀ ਐਸੋਸੀਏਸ਼ਨ ਦੀ ਇੱਕ ਹੰਗਾਮੀ ਮੀਟਿੰਗ ਸੱਦੀ ਗਈ ਹੈ । ਜਿਸ ਤੋਂ ਬਾਅਦ ਇੱਕ ਵਫਦ ਐਸ ਐਸ ਪੀ ਮਾਨਸਾ ਨੂੰ ਮਿਲੇਗਾ।



# ਪ੍ਰੈਸ ਕਲੱਬ ਦੀ ਮਹੀਨਾਵਾਰ ਮੀਟਿੰਗ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸਿਟੀ ਪ੍ਰੈੱਸ ਕਲੱਬ (ਰਜਿ.) ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਤਰੁਣ ਬਾਂਸਲ ਦੀ ਅਗਵਾਈ ਹੇਠ ਹੋਈ। ਪ੍ਰਧਾਨ ਤਰੁਣ ਬਾਂਸਲ ਵੱਲੋਂ ਆਪਣੇ ਪਿਛਲੇ ਸਾਲ ਦੇ ਕਾਰਜਕਾਲ ਦਾ ਲੇਖਾ-ਜੋਖਾ ਦਿੱਤਾ ਗਿਆ ਤੇ ਦੋ ਨਵੇਂ ਮੈਂਬਰਾਂ ਨੂੰ ਸਮੂਹ ਮੈਂਬਰਾਂ ਦੀ ਸਹਿਮਤੀ ਨਾਲ ਕਲੱਬ ਵਿੱਚ ਸ਼ਾਮਲ ਕੀਤਾ ਗਿਆ। ਨਵੇਂ ਆਏ ਮੈਂਬਰਾਂ ਤੋਂ ਵਧੀਆ ਕੰਮਾਂ ਦੀ ਉਮੀਦ ਕੀਤੀ ਗਈ। ਕਲੱਬ ਮੈਂਬਰਾਂ ਵੱਲੋਂ ਪ੍ਰਧਾਨ ਤਰੁਣ ਬਾਂਸਲ ਦੇ ਪ੍ਰੈਸ ਕਲੱਬ ਲਈ ਕੀਤੇ ਗਏ ਕੰਮਾਂ ਦੀ ਭਰਪੂਰ ਸਲਾਘਾ ਕੀਤੀ ਗਈ। ਮੀਟਿੰਗ ਦੌਰਾਨ ਵੱਖ-ਵੱਖ ਮੁੱਦਿਆਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਪ੍ਰਧਾਨ ਤਰੁਣ ਬਾਂਸਲ ਨੇ ਯਕੀਨ ਦਿਵਾਇਆ ਕਿ ਪੱਤਰਕਾਰਾਂ ਨੂੰ ਦਰਪੇਸ਼ ਆ ਰਹੀਆਂ ਮੁਸ਼ਕਲਾਂ ਦਾ ਹੱਲ ਕਰਾਉਣ ਲਈ ਉਹ ਹਮੇਸ਼ਾ ਤਤਪਰ ਰਹਿਣਗੇ। ਇਸ ਮੌਕੇ ਤਰੁਣ ਬਾਂਸਲ, ਅਜੈਬ ਸਿੰਘ ਮੋਰਾਂਵਾਲੀ, ਕਰਮ ਥਿੰਦ, ਰਮੇਸ਼ ਗਰਗ, ਸੁਭਾਸ਼ ਭਾਰਤੀ, ਭੂਸ਼ਣ ਕਾਂਸਲ, ਅਸ਼ੋਕ ਸਿੰਗਲਾ, ਪ੍ਰਦੀਪ ਕੁਮਾਰ, ਅਰੁਣ ਬਾਂਸਲ, ਮਨਪ੍ਰੀਤ ਢਿੱਲੋਂ, ਵਰੁਣ ਬਾਂਸਲ, ਰਜਿੰਦਰ ਸ਼ਾਹ, ਦਿਗਵਿਜੇ ਅਰੁਣ ਕਲਿਆਣ, ਮੰਗਤ ਰਾਏ, ਵਿਸ਼ਾਲ ਗਰਗ, ਹਾਕਮ ਸਿੰਘ ਭੱਟੀ, ਕੁਲਦੀਪ ਖੀਪਲ, ਅਸ਼ੋਕ ਬਾਂਸਲ, ਹਰਮੇਸ਼ ਸਿੰਗਲਾ ਆਦਿ ਮੈਂਬਰ ਹਾਜ਼ਰ ਸਨ।

# ਗੌਰਮਿੰਟ ਪੈਨਸ਼ਨਰਜ਼ ਦੀ ਮੀਟਿੰਗ ਭਲਕੇ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**-ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਐਂਡ ਅਲਾਈਡ ਦੀ ਮਹੀਨਾਵਾਰ ਮੀਟਿੰਗ 6 ਅਪ੍ਰੈਲ ਨੂੰ ਸਵੇਰੇ 11 ਵਜੇ ਤੋਂ 1 ਵਜੇ ਤੱਕ ਪ੍ਰਧਾਨ ਗੁਰਬਚਨ ਸਿੰਘ ਦੀ ਅਗਵਾਈ ਹੇਠ ਹੋਵੇਗੀ।ਇਸ ਮੌਕੇ ਜਨਰਲ ਸਕੱਤਰ ਮੁਖਤਿਆਰ ਸਿੰਘ ਬੇਦੀ, ਮੀਤ ਪ੍ਰਧਾਨ ਚਿੰਤ ਰਾਮ ਨਾਹਰ ਤੇ ਸਕੱਤਰ ਜਸਵਿੰਦਰ ਸਿੰਘ ਨੇ ਸਾਰੇ ਸਾਥੀਆਂ ਨੂੰ ਬੇਨਤੀ ਕੀਤੀ ਕਿ ਸਾਰੇ ਸਾਥੀ ਸਮੇਂ ਸਿਰ ਪਹੁੰਚਣ ਤਾਂ ਜੋ ਪਿਛਲੇ ਸਮੇਂ ਤੋਂ ਲਟਕ ਰਹੀਆਂ ਮੰਗਾਂ ਜਿਵੇਂ 2016 ਤੋਂ ਪਹਿਲਾਂ ਰਿਟਾਇਰ ਹੋਏ ਪੈਨਸ਼ਨਰਾਂ ਦੇ ਕੇਸਾਂ ਨੂੰ 2.59 ਨਾਲ ਗੁਣਾਂ ਕਰਕੇ ਰਿਵਾਇਜ਼ ਕਰਵਾਉਣਾ, ਪੁਰਾਣੇ ਡੈੱਥ ਕੇਸਾਂ ਨੂੰ ਕਲੀਅਰ ਕਰਵਾਉਣਾ, ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਵਾਉਣਾ, ਪੁਰਾਣੀ ਪੈਨਸ਼ਨ ਸਕੀਮ ਨੂੰ ਲਾਗੂ ਕਰਵਾਉਣਾ ਤੇ ਹੋਰ ਵੀ ਰਹਿੰਦੀਆਂ ਮੰਗਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ।

# ਸੂਬੇ ਦੀ ਖੁਸ਼ਹਾਲੀ ਤੇ ਬਰਾਬਰਤਾ ਦੇ ਹੱਕਾਂ ਲਈ ਅਕਾਲੀ ਦਲ ਅੰਮ੍ਰਿਤਸਰ ਦਾ ਸਾਥ ਦਿਓ : ਮਾਨ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਤੇ ਮੈਂਬਰ ਪਾਰਲੀਮੈਂਟ ਸ੍ਰ. ਸਿਮਰਨਜੀਤ ਸਿੰਘ ਮਾਨ ਨੇ ਜ਼ਿਲ੍ਹਾ ਮਾਲੇਰਕੋਟਲਾ ਦੇ ਦੌਰੇ ਦੌਰਾਨ ਚੱਕ ਸ਼ੇਖੂਪੁਰ ਕਲਾਂ, ਚੱਕ ਸ਼ੇਖੂਪੁਰ ਖੁਰਦ, ਝਨੇਰ ਤੇ ਧਲੇਰਾਂ ਕਲਾਂ ਪਿੰਡਾਂ 'ਚ ਸੰਗਤ ਦਰਸ਼ਨ ਕੀਤੇ। ਇਸ ਦੌਰਾਨ ਪਿੰਡ ਵਾਸੀਆਂ ਵੱਲੋਂ ਸ੍ਰ. ਸਿਮਰਨਜੀਤ ਸਿੰਘ ਮਾਨ ਦਾ ਭਰਵਾਂ ਸਵਾਗਤ ਕੀਤਾ ਗਿਆ ਅਤੇ ਪਿੰਡ ਵਾਸੀਆਂ ਦੀਆਂ ਮੰਗਾਂ ਤੇ ਮੁਸ਼ਕਲਾਂ ਤੋਂ ਐੱਮ.ਪੀ. ਸੰਗਰੂਰ ਸ੍ਰ. ਮਾਨ ਨੂੰ ਜਾਣੂ ਕਰਵਾਇਆ ਗਿਆ। ਉਪਰੋਕਤ ਪਿੰਡਾਂ 'ਚ ਮਿਲੇ ਪਿਆਰ ਤੇ ਸਤਿਕਾਰ ਲਈ ਹਾਜ਼ਰ ਪਿੰਡ ਵਾਸੀਆਂ ਦਾ ਧੰਨਵਾਦ ਕਰਦਿਆਂ ਮਾਨ ਨੇ ਪਿੰਡ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਵੱਲੋਂ ਧਿਆਨ 'ਚ ਲਿਆਂਦੇ ਮਸਲਿਆਂ ਨੂੰ ਹੱਲ ਕਰਵਾਉਣ ਲਈ ਹਰ ਸੰਭਵ ਯਤਨ ਕੀਤਾ ਜਾਵੇਗਾ। ਉਨ੍ਹਾ ਕਿਹਾ ਕਿ ਹਲਕੇ ਦੇ ਲੋਕਾਂ ਵੱਲੋਂ ਪਿਛਲੀ ਜ਼ਿਮਨੀ ਚੋਣ 'ਚ ਮੈਨੂੰ ਜਿਤਾ ਕੇ ਜੋ ਜ਼ਿੰਮੇਵਾਰੀ ਸੌਂਪੀ ਗਈ ਸੀ, ਉਸ ਨੂੰ ਪੂਰੀ ਤਨਦੇਹੀ ਨਾਲ ਨਿਭਾਉਣ ਦੀ ਕੋਸ਼ਿਸ਼ ਕੀਤੀ ਗਈ ਹੈ।

ਐੱਮ. ਪੀ. ਕੋਟੇ ਤਹਿਤ ਮਿਲੀ ਗ੍ਰਾਂਟ ਨੂੰ ਹਲਕੇ ਦੇ ਸਾਰੇ ਵਰਗਾਂ 'ਚ ਬਿਨਾਂ ਪੱਖਪਾਤ ਤੇ ਬਿਨਾਂ ਦੇਰੀ ਤੋਂ ਵੰਡਿਆ ਗਿਆ ਹੈ। ਲੋਕ ਸਭਾ ਹਲਕੇ ਦੇ ਅਪਾਹਜਾਂ ਵੀਰਾਂ ਦੀ ਨੁਮਾਇੰਦਗੀ ਕਰਦੇ ਹੋਏ ਵੱਡੀ ਗਿਣਤੀ ਅਪਾਹਜਾਂ ਨੂੰ ਨਕਲੀ ਅੰਗ, ਮੋਟਰਰਾਇਜ਼ਡ ਟ੍ਰਾਈਸਾਈਕਲਾਂ ਤੇ ਹੋਰ ਸਹਾਇਕ ਉਪਕਰਨ ਵੰਡੇ ਗਏ ਹਨ, ਤਾਂ ਜੋ ਉਨ੍ਹਾਂ ਦੀ ਜ਼ਿੰਦਗੀ ਨੂੰ ਵੀ ਸੌਖਾ ਬਣਾਇਆ ਜਾ ਸਕੇ। ਅਨੇਕਾਂ ਹੀ ਕੈਂਸਰ ਪੀੜਤ ਮਰੀਜ਼ਾਂ ਦੇ ਇਲਾਜ ਲਈ ਆਰਥਿਕ ਸਹਾਇਤਾ ਦਿਵਾਈ ਗਈ ਹੈ। ਇਸ ਤੋਂ ਇਲਾਵਾ ਕੱਚੇ ਘਰਾਂ ਵਾਲਿਆਂ ਨੂੰ ਪੱਕੇ ਘਰਾਂ ਲਈ ਰਾਸ਼ੀ, ਗਰੀਬ ਪਰਿਵਾਰਾਂ ਨੂੰ ਲੈਟਰੀਨ-ਬਾਥਰੂਮ ਬਣਾਉਣ ਲਈ ਆਰਥਿਕ ਸਹਿਯੋਗ ਤੋਂ ਇਲਾਵਾ ਐੱਮ.ਪੀ. ਲੈਂਡ ਅਧੀਨ ਆਉਂਦੀਆਂ ਵੱਖ-ਵੱਖ ਯੋਜਨਾਵਾਂ ਤਹਿਤ ਹਲਕਾ ਨਿਵਾਸੀਆਂ ਨੂੰ ਹਰ ਤਰ੍ਹਾਂ ਦਾ ਲਾਭ ਪਹੁੰਚਾਉਣ ਲਈ ਪੂਰੀ ਲਗਨ ਨਾਲ ਕੰਮ ਕੀਤਾ ਗਿਆ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਬਰਾਬਰਤਾ ਦਾ ਹੱਕਾਂ ਤੇ ਪੰਜਾਬ ਦੀ ਖੁਸ਼ਹਾਲੀ ਲਈ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦਾ ਸਾਥ ਦਿੱਤਾ ਜਾਵੇ, ਤਾਂ ਜੋ ਵੋਟ ਬੈਂਕ ਦੇ ਆਧਾਰ 'ਤੇ ਘੱਟ ਗਿਣਤੀ ਵਰਗਾਂ ਨਾਲ ਹੋਣ ਵਾਲੀ ਧੱਕੇਸ਼ਾਹੀ ਨੂੰ ਰੋਕਿਆ ਜਾ ਸਕੇ।

ਇਸ ਮੌਕੇ ਜਥੇਬੰਦਕ ਸਕੱਤਰ ਗੋਵਿੰਦ ਸਿੰਘ ਸੰਧੂ, ਹਰਦੇਵ ਸਿੰਘ ਪੱਪੂ ਕਲਿਆਣ, ਮਾਸਟਰ ਕਰਨੈਲ ਸਿੰਘ ਨਾਰੀਕੇ, ਸਰਪੰਚ ਧਰਮਿੰਦਰ ਸਿੰਘ, ਬਿੱਟੂ ਚੌਹਾਨ, ਹਰਜੀਤ ਸਿੰਘ ਸੰਜੂਮਾਂ, ਅਵਤਾਰ ਸਿੰਘ ਚੱਕ, ਚਮਕੌਰ ਸਿੰਘ ਚੱਕ, ਪਲਵਿੰਦਰ ਸਿੰਘ ਤਲਵਾੜਾ, ਹਰਬੰਸ ਸਿੰਘ ਸਲੇਮਪੁਰ, ਜਥੇਦਾਰ ਗੁਰਨੈਬ ਸਿੰਘ ਰਾਮਪੁਰਾ, ਬਹਾਦਰ ਸਿੰਘ ਭਸੌੜ, ਸ਼ਹਿਬਾਜ ਸਿੰਘ ਡਸਕਾ, ਗੁਰਜੰਟ ਸਿੰਘ ਕੱਟੂ, ਗੁਰਪ੍ਰੀਤ ਸਿੰਘ ਖੁੱਡੀ, ਓਕਾਂਰ ਸਿੰਘ ਭਦੌੜ, ਬਿੱਕਰ ਸਿੰਘ ਧਨੌਆ, ਹਰਦੀਪ ਸਿੰਘ ਯੂਥ ਪ੍ਰਧਾਨ, ਤਰਕਸ਼ਦੀਪ ਸਿੰਘ, ਉਪਿੰਦਰਪ੍ਰਤਾਪ ਸਿੰਘ ਤੋਂ ਇਲਾਵਾ ਮਾਲੇਰਕੋਟਲਾ ਜ਼ਿਲ੍ਹੇ ਦੀ ਸਮੁੱਚੀ ਲੀਡਰਸ਼ਿਪ ਹਾਜ਼ਰ ਸੀ।

# 'ਆਪ' ਵਰਕਰਾਂ ਦਾ ਕਾ਼ਫਲਾ ਜ਼ੀਰਾ ਮੀਟਿੰਗ 'ਚ ਪੁੱਜਾ



**ਮੱਖੂ (ਰਛਪਾਲ ਸਿੰਘ ਸੰਧੂ)**

ਵਿਧਾਨ ਸਭਾ ਹਲਕਾ ਜ਼ੀਰਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਨਰੇਸ਼ ਕਟਾਰੀਆ ਤੇ ਯੂਥ ਆਗੂ ਸ਼ੰਕਰ ਕਟਾਰੀਆ ਦੀ ਅਗਵਾਈ ਹੇਠ ਬਲਾਕ ਮਖੂ ਦੇ ਸ਼ਹਿਰ ਤੇ ਪਿੰਡਾਂ 'ਚੋਂ ਆਮ ਆਦਮੀ ਪਾਰਟੀ ਦੇ ਆਗੂਆਂ ਤੇ ਵਰਕਰਾਂ ਦਾ ਕਾਫਲਾ ਮੀਟਿੰਗ 'ਚ ਸ਼ਾਮਲ ਹੋਣ ਵਾਸਤੇ ਜ਼ੀਰਾ ਲਈ ਰਵਾਨਾ ਹੋਇਆ।ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਨਰਿੰਦਰ ਕਟਾਰੀਆ ਨੇ ਕਿਹਾ ਕਿ ਵਿਧਾਇਕ ਨਰੇਸ਼ ਕਟਾਰੀਆ ਦੀ ਅਗਵਾਈ ਹੇਠ ਹੋ ਰਹੀ ਵਰਕਰ ਮਿਲਣੀ ਵਿੱਚ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਆਮ ਆਦਮੀ ਪਾਰਟੀ ਦੇ ਆਗੂਆਂ ਤੇ ਵਰਕਰਾਂ ਨੂੰ ਸੰਬੋਧਨ ਕਰਨਗੇ।ਇਸ ਵਰਕਰ ਮੀਟਿੰਗ ਵਿੱਚ ਵਿਧਾਇਕ ਨਰੇਸ਼ ਕਟਾਰੀਆ ਦੀ ਅਗਵਾਈ ਵਿੱਚ ਵਰਕਰਾਂ ਦਾ ਠਾਠਾਂ ਮਾਰਦਾ ਇਕੱਠ ਵਿਰੋਧੀਆਂ ਦੀ ਨੀਂਦ ਹਰਾਮ ਕਰ ਦੇਵੇਗਾ। ਨਰਿੰਦਰ ਕਟਾਰੀਆ ਨੇ ਕਿਹਾ ਕਿ ਪੰਜਾਬ ਵਾਸੀ ਲੋਕ ਸਭਾ ਚੋਣਾਂ ਦੀ ਉਡੀਕ ਬੇਸਬਰੀ ਨਾਲ ਕਰ ਰਹੇ ਹਨ ਤਾਂ ਜੋ ਉਹ ਪੰਜਾਬ ਦੀਆਂ 13 ਦੀਆਂ 13 ਸੀਟਾਂ 'ਤੇ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਸ਼ਾਨਦਾਰ ਵੋਟਾਂ ਨਾਲ ਜਿਤਾ ਕੇ ਲੋਕ ਸਭਾ ਵਿੱਚ ਭੇਜ ਕੇ ਦੱਸ ਸਕਣ ਕੇ ਪੰਜਾਬ ਦੇ ਲੋਕ 'ਆਪ' ਸਰਕਾਰ ਦੀਆਂ ਨੀਤੀਆਂ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹਨ। ਇਸ ਮੌਕੇ ਆਮ ਆਦਮੀ ਪਾਰਟੀ ਦੇ ਆਗੂ ਵਰਿੰਦਰ ਠੁਕਰਾਲ ਸਾਬਕਾ ਪ੍ਰਧਾਨ ਨਗਰ ਪੰਚਾਇਤ ਮਖੂ, ਰਿਸ਼ੂ ਖੁਰਾਣਾ, ਪ੍ਰਦੀਪ ਕੱਕੜ, ਰਜਿੰਦਰ ਖੁਰਾਣਾ ਕਾਲਾ, ਡਾ. ਰਜੀਵ ਅਹੂਜਾ ਰਵੀ ਸਾਬਕਾ ਐੱਮ ਸੀ, ਬਲਵੀਰ ਲਹਿਰਾ, ਜਰਨੈਲ ਸਿੰਘ ਸੰਧੂ ਵਰ੍ਹਿਆਂ, ਗੌਰਵ ਮਦਾਨ, ਨਰੇਸ਼ ਮੋਂਗਾ, ਬਲਵੀਰ ਸਿੰਘ ਸੱਧਰਵਾਲਾ, ਸੰਦੀਪ ਠੁਕਰਾਲ ਬਲਾਕ ਪ੍ਰਧਾਨ ਆਦਿ ਹਾਜ਼ਰ ਸਨ।

# ਨਵਿਆ ਨੰਦਨੀ ਤੇ ਹਰਸ਼ਿਤਾ ਨੂੰ 100 ਬਟਾ 100



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਮਾਰਚ, 2024 ਦਾ ਪੰਜਵੀਂ ਕਲਾਸ ਦਾ ਨਤੀਜਾ ਘੋਸ਼ਿਤ ਕੀਤਾ ਗਿਆ, ਜਿਸ ਵਿੱਚ ਦਯਾਨੰਦ ਮਾਡਲ ਹਾਈ ਸਕੂਲ ਦੇ 101 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ। ਸਾਰੇ ਵਿਦਿਆਰਥੀਆਂ ਨੇ ਚੰਗੇ ਅੰਕ ਪ੍ਰਾਪਤ ਕਰਕੇ ਪ੍ਰੀਖਿਆ ਪਾਸ ਕੀਤੀ।ਸਕੂਲ ਦੇ ਪ੍ਰਧਾਨ ਯਸ਼ਪਾਲ ਸਿੰਗਲਾ ਤੇ ਸਕੂਲ ਪ੍ਰਿੰਸੀਪਲ ਰੇਖਾ ਸਿੰਗਲਾ ਨੇ ਦੱਸਿਆ ਕਿ ਨਵਿਆ ਨੰਦਨੀ ਤੇ ਹਰਸ਼ਿਤਾ ਨੇ 500 'ਚੋਂ 500 ਅੰਕ ਪ੍ਰਾਪਤ ਕੀਤੇ ਹਨ।ਦਿਲਵੰਸ਼ ਨੇ 499 ਅਤੇ ਨਿਧੀ ਪ੍ਰਿਆਸ਼ੀ ਤੇ ਕ੍ਰਿਤਕਾ ਨੇ 498 ਅੰਕ ਪ੍ਰਾਪਤ ਕੀਤੇ ਹਨ।ਇਸ ਤੋਂ ਇਲਾਵਾ 63 ਵਿਦਿਆਰਥੀਆਂ ਨੇ, 90 ? ਤੋਂ ਵੱਧ ਅੰਕ ਪ੍ਰਾਪਤ ਕਰਕੇ ਆਪਣਾ, ਆਪਣੇ ਸਕੂਲ ਤੇ ਮਾਪਿਆਂ ਦਾ ਨਾਂਅਮ ਰੌਸ਼ਨ ਕੀਤਾ।ਸਕੂਲ ਮੈਨੇਜਮੈਂਟ ਦੁਆਰਾ ਬੱਚਿਆਂ ਨੂੰ ਸਨਮਾਨਤ ਕੀਤਾ ਤੇ ਉਨ੍ਹਾਂ ਦੇ ਉਜਵਲ ਭਵਿੱਖ ਦੀ ਕਾਮਨਾ ਕੀਤੀ।ਇਸ ਮੌਕੇ ਮੰਤਰੀ ਨਰੈਣ ਦਾਸ ਰਜਿੰਦਰ ਗੁਪਤਾ, ਰਜਿੰਦਰ ਹੈਪੀ ਤੇ ਸਕੂਲ ਸਟਾਫ਼ ਮੌਜੂਦ ਸਨ।

# ਸੁਰਿੰਦਰ ਗੁਪਤਾ ਬਣੇ ਧਰਮ ਜਾਗਰਣ ਮੰਚ ਦੇ ਪ੍ਰਧਾਨ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਪਿਛਲੇ 20 ਸਾਲਾਂ ਤੋਂ ਹਿੰਦੂ ਸਮਾਜ ਲਈ ਕਾਰਜ ਕਰਨ ਵਾਲੀ ਧਾਰਮਿਕ ਸੰਸਥਾ ਧਰਮ ਜਾਗਰਣ ਮੰਚ (ਡੀ ਜੈ ਐੱਮ) ਦੇ ਸੁਰਿੰਦਰ ਗੁਪਤਾ ਰਿੰਕੂ (ਐੱਮ ਡੀ ਮੰਗਲਾ ਫੀਡ ਇੰਡਸਟਰੀ) ਸਰਬ ਸੰਮਤੀ ਨਾਲ ਪ੍ਰਧਾਨ ਨਿਯੁਕਤ ਕੀਤੇ ਗਏ। ਸੁਰਿੰਦਰ ਗੁਪਤਾ ਦੀ ਨਿਯੁਕਤ ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਸੰਸਥਾ ਦੇ ਮੋਹਿਤ ਵਰਮਾ ਨੇ ਕਿਹਾ ਕਿ ਮੰਚ ਵੱਲੋਂ ਜਿੱਥੇ ਧਰਮ ਦੇ ਕਾਰਜ ਕੀਤੇ ਜਾਂਦੇ ਹਨ, ਉਥੇ ਹੀ ਨੌਜਵਾਨਾਂ ਨੂੰ ਰਾਸ਼ਟਰ ਹਿੱਤ ਨਾਲ ਜੋੜਨਾ, ਸਮਾਜਿਕ ਕੁਰੀਤੀਆਂ ਤੋਂ ਦੂਰ ਰੱਖਣਾ, ਰਾਸ਼ਟਰ ਹਿੱਤ ਅਭਿਆਨ 'ਚ ਹਿੱਸਾ ਪਾਉਣ ਤੋਂ ਇਲਾਵਾ ਗਊਸੇਵਾ ਕਰਨਾ ਮੁੱਖ ਕਾਰਜ ਹਨ। ਇਸ ਮੌਕੇ ਨਵ ਨਿਯੁਕਤ ਪ੍ਰਧਾਨ ਸੁਰਿੰਦਰ ਗੁਪਤਾ ਨੇ ਕਿਹਾ ਕਿ ਸੌਂਪੀ ਗਈ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਇਆ ਜਾਵੇਗਾ। ਹਿੰਦੂ ਸਮਾਜ ਦੀ ਸੇਵਾ ਲਈ ਹਮੇਸ਼ਾ ਤਤਪਰ ਰਹਾਂਗਾ ਤੇ ਜਿਸ ਤਰ੍ਹਾਂ ਪਿਛਲੇ 20 ਸਾਲਾਂ ਤੋਂ ਮੰਚ ਵੱਲੋਂ ਕਾਰਜ ਕੀਤੇ ਜਾਂਦੇ ਹਨ, ਓਵੇਂ ਹੀ ਭਵਿੱਖ 'ਚ ਵੀ ਕਾਰਜ ਕੀਤੇ ਜਾਣਗੇ।

# ਐਮ ਏ ਐਮ ਸਕੂਲ ਦੇ ਨਵੇਂ ਸੈਸ਼ਨ ਲਈ ਕੀਤਾ ਧਾਰਮਿਕ ਆਯੋਜਨ



**ਸਮਰਾਲਾ (ਸੁਰਜੀਤ ਸਿੰਘ)**-ਮੈਕਸ ਆਰਥਰ ਪਬਲਿਕ ਸਕੂਲ ਵਿੱਚ ਨਵੇਂ ਵਿੱਦਿਅਕ ਸੈਸ਼ਨ ਦੀ ਆਰੰਭਤਾ ਨੂੰ ਮੁੱਖ ਰੱਖ ਕੇ ਸਕੂਲ ਵਿਚ ਸ਼੍ਰੀ ਸੁਖਮਨੀ ਸਾਹਿਬ ਦੇ ਪਾਠ ਕਰਾਏ ਗਏ, ਜਿਸ ਵਿੱਚ ਸਕੂਲ ਦੀ ਮੈਨੇਜਮੈਂਟ, ਪ੍ਰਿੰਸੀਪਲ, ਸਮੂਹ ਸਟਾਫ਼ ਤੇ ਸਾਰੇ ਵਿਦਿਆਰਥੀ ਹਾਜ਼ਰ ਹੋਏ।ਪਾਠ ਉਪਰੰਤ ਵਿਦਿਆਰਥੀਆਂ ਦੁਆਰਾ ਕੀਰਤਨ ਗਾਇਨ ਕੀਤਾ ਗਿਆ, ਜਿਸ ਨੂੰ ਸਾਰੀਆਂ ਸੰਗਤਾਂ ਦੁਆਰਾ ਸਰਵਣ ਕੀਤਾ ਗਿਆ।ਇਸ ਮੌਕੇ ਖੰਨਾ ਐਜੂਕੇਸ਼ਨ ਸਰਵਿਸਜ਼ ਪ੍ਰਾਇਵੇਟ ਲਿਮਿਟਡ ਦੁਆਰਾ ਕਰਾਏ ਨੈਸ਼ਨਲ ਪੱਧਰ ਦੇ ਟੇਲੈਂਟ ਪ੍ਰਤੀਯੋਗਿਤਾ ਵਿੱਚ ਜੇਤੂ ਵਿਦਿਆਰਥੀ ਦਮਨਜੋਤ ਕੌਰ (ਪਹਿਲਾ ਸਥਾਨ), ਮੰਨਤ ਵਰਮਾ (ਦੂਜਾ ਸਥਾਨ) ਤੇ ਏਕਜੋਤ ਕੌਰ (ਤੀਜਾ ਸਥਾਨ) ਨੂੰ ਟਰਾਫ਼ੀ ਤੇ ਸਰਟੀਫਿਕੇਟ ਦੇ ਕੇ ਸਨਮਾਨਤ ਵੀ ਕੀਤਾ ਗਿਆ।ਇਸ ਮੌਕੇ ਸਕੂਲ ਦੇ ਪ੍ਰੈਜ਼ੀਡੈਂਟ ਅਨਿਲ ਵਰਮਾ, ਪ੍ਰਿੰਸੀਪਲ ਮੋਨਿਕਾ ਮਲਹੋਤਰਾ, ਰਮਨਦੀਪ ਸਿੰਘ ਤੇ ਗੁਰਪ੍ਰੀਤ ਸਿੰਘ ਘਲੋਟੀ, ਸਟਾਫ਼ ਮੈਂਬਰ ਤੇ ਬੱਚੇ ਵੀ ਸ਼ਾਮਲ ਸਨ।ਸਕੂਲ ਦੇ ਪ੍ਰਿੰਸੀਪਲ ਡਾ. ਮੋਨਿਕਾ ਮਲਹੋਤਰਾ ਨੇ ਸਾਰਿਆਂ ਦਾ ਧੰਨਵਾਦ ਕੀਤਾ ਤੇ ਵਾਹਿਗੁਰੂ ਜੀ ਅੱਗੇ ਅਰਦਾਸ ਕੀਤੀ ਕਿ ਹਮੇਸ਼ਾ ਦੀ ਤਰ੍ਹਾਂ ਇਸ ਸੈਸ਼ਨ ਵਿੱਚ ਵੀ ਵਿਦਿਆਰਥੀ ਪੜ੍ਹਾਈ ਦੇ ਨਾਲ ਖੇਡਾਂ ਵਿੱਚ ਵੀ ਸਕੂਲ ਦਾ ਨਾਂਅ ਰੌਸ਼ਨ ਕਰਨ।

# ਹਜ਼ੂਰ ਸਾਹਿਬ ਲਈ ਭਲਕੇ ਜੱਥਾ ਹੋਵੇਗਾ ਰਵਾਨਾ

**ਮਲੋਟ (ਗੁਰਮੀਤ ਸਿੰਘ ਮੱਕੜ)** : ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਿੱਖ ਸੰਗਤਾਂ ਦਾ ਇੱਕ ਜੱਥਾ ਸ਼੍ਰੀ ਸੱਚਖੰਡ ਹਜ਼ੂਰ ਸਾਹਿਬ (ਨਾਂਦੇੜ) ਲਈ 6 ਅਪ੍ਰੈਲ ਨੂੰ ਰਵਾਨਾ ਹੋਵੇਗਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਗੁਰਦੀਪ ਸਿੰਘ ਨੇ ਦੱਸਿਆ ਕਿ ਜੱਥੇ ਵਿੱਚ ਸ਼ਾਮਲ ਸੰਗਤਾਂ ਗੁਰਦੁਆਰਾ ਦਮਦਮਾ ਸਾਹਿਬ, ਗੁਰਦੁਆਰਾ ਹੀਰਾ ਘਾਟ ਸਾਹਿਬ, ਗੁਰਦੁਆਰਾ ਸ਼ਿਕਾਰ ਘਾਟ ਸਾਹਿਬ, ਗੁਰਦੁਆਰਾ ਸੰਗਤ ਸਾਹਿਬ, ਗੁਰਦੁਆਰਾ ਮਾਲਾ ਟੇਕੜੀ ਸਾਹਿਬ, ਗੁਰਦੁਆਰਾ ਬੰਦਾ ਘਾਟ ਸਾਹਿਬ, ਗੁਰਦੁਆਰਾ ਨਗੀਨਾ ਘਾਟ ਸਾਹਿਬ, ਗੁਰਦੁਆਰਾ ਨਾਨਕ ਝੀਰਾ ਸਾਹਿਬ, ਡੇਰਾ ਸੰਤ ਬਾਬਾ ਨਿਧਾਨ ਸਿੰਘ ਜੀ, ਗੁਰਦੁਆਰਾ ਰੂਮੀ ਸਾਹਿਬ (ਭੁੱਚੋ ਸਾਹਿਬ) ਆਦਿ ਵੱਖ ਵੱਖ ਗੁਰਧਾਮਾਂ ਦੇ ਦਰਸ਼ਨ ਕਰਨ ਉਪਰੰਤ 15 ਅਪ੍ਰੈਲ ਨੂੰ ਜੱਥਾ ਵਾਪਸ ਪਰਤੇਗਾ।

# ਪ੍ਰੈੱਸ ਟਰੱਸਟ ਪੰਜਾਬ ਵੱਲੋਂ ਇਫ਼ਤਾਰੀ ਪਾਰਟੀ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਪ੍ਰੈੱਸ ਟਰੱਸਟ ਪੰਜਾਬ (ਰਜਿ:) ਵੱਲੋਂ ਮੁਸਲਮ ਭਾਈਚਾਰੇ ਨੂੰ ਰੋਜ਼ੇ ਇਫ਼ਤਾਰੀ ਪਾਰਟੀ ਕੀਤੀ ਗਈ।ਇਸ ਮੌਕੇ ਪ੍ਰੈੱਸ ਟਰੱਸਟ ਪੰਜਾਬ ਦੇ ਸਥਾਨਕ ਦਫ਼ਤਰ ਵਿਖੇ ਦਿੱਤੀ ਗਈ ਰੋਜ਼ਾ ਇਫ਼ਤਾਰੀ ਪਾਰਟੀ ਵਿੱਚ ਮੁਸਲਿਮ ਭਾਈਚਾਰੇ ਦੇ ਰੋਜ਼ੇ ਖੁੱਲ੍ਹਵਾਏ ਗਏ।ਇਸ ਮੌਕੇ ਵਕਫ਼ ਬੋਰਡ ਪੰਜਾਬ ਦੇ ਮੈਂਬਰ ਡਾ. ਅਨਵਰ ਭਸੌੜ ਨੇ ਕਿਹਾ ਕਿ ਜਿੱਥੇ ਰੋਜ਼ੇ ਮਨੁੱਖ ਨੂੰ ਸੰਜਮ ਵਿੱਚ ਰਹਿਣ ਦੀ ਜਾਚ ਸਿਖਾਉਂਦੇ ਹਨ, ਉਥੇ ਮਨੁੱਖ ਦੀ ਸੋਚ ਨੂੰ ਪਾਕ ਤੇ ਪਵਿੱਤਰ ਕਰਦਿਆਂ ਸਮੁੱਚੀ ਮਨੁੱਖਤਾ ਦੀ ਭਲਾਈ ਲਈ ਸੋਚਣ ਲਈ ਪ੍ਰੇਰਦੇ ਹਨ।ਉਨ੍ਹਾਂ ਪੱਤਰਕਾਰ ਭਾਈਚਾਰੇ ਦੇ ਇਸ ਉੱਦਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਮੌਕੇ ਆਪਸੀ ਭਾਈਚਾਰਕ ਸਾਂਝ ਮਜ਼ਬੂਤ ਕਰਨ ਵਿੱਚ ਸਹਾਈ ਸਿੱਧ ਹੁੰਦੇ ਹਨ।ਇਸ ਮੌਕੇ ਐਡਵੋਕੇਟ ਮੁਹੰਮਦ ਸ਼ਮਸ਼ਾਦ, ਜਾਵੇਦ ਅੰਜੁਮ, ਸੁਦਾਗਰ ਖਾਂ ਗਾਗੋ, ਸਲੀਮ ਖਾਂ, ਅਨਵਰ ਬਾਗੜੀਆ ਸਮੇਤ ਪੱਤਰਕਾਰ ਭਾਈਚਾਰੇ ਵਿੱਚ ਪ੍ਰਧਾਨ ਮਨੋਹਰ ਸਿੰਘ ਸੱਗੂ, ਐਡਵੋਕੇਟ ਰਾਜੇਸ਼ਵਰ ਚੌਧਰੀ, ਹਰਦੀਪ ਸਿੰਘ ਸੋਢੀ, ਸੰਦੀਪ ਸਿੰਗਲਾ, ਬਿੰਨੀ ਗਰਗ, ਜਸਵੀਰ ਸਿੰਘ ਮਾਨ, ਵਿਨੋਦ ਗੁਪਤਾ, ਅਮਨ ਗਰਗ (ਕਾਲਾ), ਧਰਮਵੀਰ ਸਿੰਘ, ਪੁਸ਼ਪਿੰਦਰ ਅੱਤਰੀ ਆਦਿ ਹਾਜ਼ਰ ਸਨ।

# ਜੀ ਬੀ ਇੰਟਰਨੈਸ਼ਨਲ ਸਕੂਲ ਦੇ ਚੇਅਰਮੈਨ ਦਾ ਸਨਮਾਨ



**ਨਾਭਾ (ਵਰਿੰਦਰ ਵਰਮਾ)**-ਭਗਵਾਨ ਜਗਨਨਾਥ ਜੀ ਦੀ ਰੱਥ ਯਾਤਰਾ ਨਾਭਾ ਵਿੱਚ ਕੱਢੀ ਗਈ।ਇਸ ਮੌਕੇ ਜਿੱਥੇ ਲੋਕਾਂ ਦੀ ਭਾਰੀ ਭੀੜ ਦੇਖਣ ਨੂੰ ਮਿਲੀ, ਉੱਥੇ ਹੀ ਜੀ. ਬੀ. ਇੰਟਰਨੈਸ਼ਨਲ ਸਕੂਲ ਨਾਭਾ ਦੇ ਚੇਅਰਮੈਨ ਸ੍ਰੀ ਸੰਦੀਪ ਬਾਂਸਲ ਨੇ ਵੀ ਮੰਦਰ ਠਾਕੁਰ ਸ੍ਰੀ ਸੱਤਿਆ ਨਰਾਇਣ ਪੁਰਾਣੀ ਨਾਭੀ, ਨਾਭਾ ਦੇ ਪ੍ਰਧਾਨ ਅਸ਼ੋਕ ਜਿੰਦਲ ਕਾਲਾ, ਅਸ਼ਵਨੀ ਕੁਮਾਰ ਜਿੰਦਲ ਵਿੱਕੀ, ਭਾਨੂੰ ਜਿੰਦਲ, ਅਮਨ ਕੁਮਾਰ ਜੌਲੀ, ਵਿਜੇ ਗਰਗ, ਮਨੀਸ਼ ਗਰਗ ਦੁਆਰਾ ਦਿੱਤੇ ਗਏ ਸੱਦੇ ਨੂੰ ਸਵੀਕਾਰ ਕਰਦੇ ਹੋਏ ਆਪਣੇ ਈਸ਼ਟ ਦੇਵਤਾ ਦੇ ਦਰਸ਼ਨਾਂ ਦਾ ਲਾਭ ਉਠਾਇਆ।ਇਸ ਮੰਗਲ ਉਤਸਵ ਵਿੱਚ ਸੰਦੀਪ ਬਾਂਸਲ ਵੱਲੋਂ ਦਿੱਤਾ ਗਿਆ ਸਹਿਯੋਗ ਦੇਖਣ ਵਾਲਾ ਸੀ।ਇਸ ਦੌਰਾਨ ਮੰਦਰ ਦੇ ਪ੍ਰਧਾਨ ਅਸ਼ੋਕ ਜਿੰਦਲ ਕਾਲਾ ਨੇ ਹੋਰ ਮੈਂਬਰਾਂ ਸਮੇਤ ਸੰਦੀਪ ਬਾਂਸਲ ਨੂੰ ਸਨਮਾਨਤ ਕੀਤਾ, ਉੱਥੇ ਮੌਜੂਦ ਸਮੂਹ ਸੰਗਤਾਂ ਨੂੰ ਵਧਾਈ ਦਿੰਦੇ ਹੋਏ ਸੰਦੀਪ ਬਾਂਸਲ ਨੇ ਕਿਹਾ ਕਿ ਰਥ ਯਾਤਰਾ ਵਿੱਚ ਸ਼ਾਮਲ ਹੋਣ ਨਾਲ ਹੀ ਸਾਰੇ ਦੁੱਖ ਦੂਰ ਹੁੰਦੇ ਹਨ ਤੇ ਮਨੋਕਾਮਨਾਵਾਂ ਪੂਰੀਆਂ ਹੁੰਦੀਆਂ ਹਨ।


AXIS BANK LTD.

ਰਿਟੇਲ ਐਸਟਸ ਸੈਂਟਰ : ਐਕਸਿਸ ਬੈਂਕ, ਲਿਮਟਿਡ, ਦੂਜੀ ਅਤੇ ਤੀਜੀ ਮੰਜ਼ਲ, ਜਾਇਦਾਦ ਨੰ. 7-ਈ, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001-ਰਿਟੇਲ ਐਸਟਸ ਸੈਂਟਰ : ਐਕਸਿਸ ਬੈਂਕ ਲਿਮਟਿਡ, ਤੀਜੀ ਮੰਜ਼ਲ, ਐੱਸ ਸੀ ਓ 367-368, ਆਕਾਸ਼ ਇੰਸਟੀਚਿਊਟ ਦੇ ਉੱਪਰ, ਸੈਕਟਰ 34 ਏ, ਚੰਡੀਗੜ੍ਹ-160022-ਕਾਰਪੋਰੇਟ ਦਫਤਰ : ਤੀਜੀ ਮੰਜ਼ਲ, ਬਲਾਕ-ਬੀ, ਬੰਬੇ ਡਾਇੰਗ ਮਿਲਜ਼ ਕੰਪਾਊਂਡ, ਪਾਂਡੂਰੰਗ ਬੁਧਕਰ ਮਾਰਗ, ਵਰਲੀ, ਮੁੰਬਈ-400025, ਰਜਿ.ਦਫਤਰ : 'ਤ੍ਰਿਸ਼ੂਲ', ਤੀਜੀ ਮੰਜ਼ਲ, ਸਾਹਮਣੇ ਸਮਰਥੇਸ਼ਵਰ ਟੈਂਪਲ, ਲਾਅ ਗਾਰਡਨ ਐਲਿਸਬ੍ਰਿਜ, ਅਹਿਮਦਾਬਾਦ-380006

**ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ, 2002 ਦੇ ਸੈਕਸ਼ਨ 13 (2) ਅਧੀਨ ਡਿਮਾਂਡ ਨੋਟਿਸ**

ਜਦੋਂ ਕਿ ਹੇਠਾਂ ਦਰਸਾਏ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੇ ਐਕਸਿਸ ਬੈਂਕ ਲਿਮਟਿਡ ਤੋਂ ਵਿੱਤੀ ਸਹਾਇਤਾ ਪ੍ਰਾਪਤ ਕੀਤੀ ਸੀ। ਵਿੱਤੀ ਸਹਾਇਤਾ ਹਾਸਲ ਕਰਨ ਦੇ ਬਾਵਜੂਦ, ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੇ ਨਿਰਧਾਰਤ ਮਿਤੀਆਂ 'ਤੇ ਮੂਲ ਅਤੇ ਵਿਆਜ ਰਕਮਾਂ ਦੀ ਮੁੜ ਅਦਾਇਗੀ 'ਚ ਅਨੇਕਾਂ ਭੁੱਲਾਂ ਕੀਤੀਆਂ ਹਨ। ਭਾਰਤੀ ਰਿਜ਼ਰਵ ਬੈਂਕ ਵੱਲੋਂ ਜਾਰੀ ਨਿਰਦੇਸ਼ਾਂ/ਗਾਈਡ ਲਾਈਨਾਂ ਅਨੁਸਾਰ ਹੇਠਾਂ ਦਰਸਾਈਆਂ ਸੰਬੰਧਤ ਮਿਤੀਆਂ 'ਤੇ ਖਾਤੇ ਨੂੰ ਨਾਨ-ਫ਼ਰਫਾਰਮਿੰਗ ਐੱਸਟ ਵਰਗੀਕ੍ਰਿਤ ਕਰ ਦਿੱਤਾ ਗਿਆ ਹੈ, ਨਤੀਜੇ ਵਜੋਂ ਐਕਸਿਸ ਬੈਂਕ ਦੇ ਅਧਿਕਾਰਤ ਅਫਸਰ ਨੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ, 2002 ਅਤੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ, ਸਰਫੇਸੀ ਐਕਟ, 2002 ਦੇ ਸੈਕਸ਼ਨ 13 (2) ਤਹਿਤ ਹੇਠਾਂ ਦਰਸਾਈਆਂ ਸੰਬੰਧਤ ਮਿਤੀਆਂ ਨੂੰ ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੂੰ ਨੋਟਿਸ 'ਚ ਦਰਸਾਈ ਰਕਮ ਸਮੇਤ ਇਸ ਉੱਪਰ ਇਕਰਾਰਨਾਮੇ ਅਨੁਸਾਰ ਭਵਿੱਖੀ ਵਿਆਜ ਅਤੇ ਅਚਨਚੇਤੀ ਖਰਚੇ, ਲਾਗਤ ਚਾਰਜਿਜ਼ ਆਦਿ ਨੋਟਿਸਾਂ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਅਦਾ ਕਰਨ ਲਈ ਡਿਮਾਂਡ ਨੋਟਿਸ ਜਾਰੀ ਕੀਤੇ ਸਨ। ਉਨ੍ਹਾਂ ਦੇ ਆਖਰੀ ਜਾਣਕਾਰੀ ਵਾਲੇ ਪਤਿਆਂ 'ਤੇ ਉਨ੍ਹਾਂ ਨੂੰ ਜਾਰੀ ਕੀਤੇ ਗਏ ਨੋਟਿਸ ਬਿਨਾਂ ਤਾਮੀਲ ਦੇ ਵਾਪਸ ਆ ਗਏ ਹਨ, ਇਸ ਲਈ ਉਨ੍ਹਾਂ ਨੂੰ ਉਹੀ ਜਾਣਕਾਰੀ ਹਿਤ ਇਸ ਜਨਤਕ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ।

| ਕਰਜ਼ਦਾਰ ਦਾ ਨਾਂਅ/ਪਤਾ | ਸਹਿ-ਕਰਜ਼ਦਾਰ ਅਤੇ ਗਰੰਟਰ ਦਾ ਨਾਂਅ/ਕਾਨੂੰਨੀ ਵਾਰਸ ਦਾ ਪਤਾ | ਸਕਿਉਰਡ ਐੱਸਟਸ ਦਾ ਜਾਇਦਾਦੀ ਪਤਾ | ਐੱਨ ਪੀ ਏ ਦੀ ਮਿਤੀ | ਡਿਮਾਂਡ ਨੋਟਿਸ ਦੀ ਮਿਤੀ | ਬਕਾਇਆ ਖੜ੍ਹੀ ਰਕਮ | ਕਰਜ਼ਾ ਰਕਮ |
|---|---|---|---|---|---|---|
| 1. ਮੈਸ: ਬਾਜਵਾ ਸੀਮੈਂਟ ਸਟੋਰ ਰਾਹੀਂ ਇਸ ਦੇ ਮਾਲਕ, ਪਤਾ : ਸ਼ੁਤਰਾਣਾ ਅੱਡਾ, ਤਹਿਸੀਲ ਪਾਤੜਾਂ, ਪੰਜਾਬ, ਪਾਤੜਾਂ, ਪਟਿਆਲਾ 147105 ਪੰਜਾਬ | 2. ਸ੍ਰੀ ਕੁਲਵਿੰਦਰ ਸਿੰਘ ਪੁੱਤਰ ਗੁਰਮੇਜ ਸਿੰਘ ਪਤਾ : ਸ਼ੁਤਰਾਣਾ ਅੱਡਾ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਸ਼ੁਤਰਾਣਾ, ਪਾਤੜਾਂ, ਪਟਿਆਲਾ 147105, ਪੰਜਾਬ। 3. ਸ੍ਰੀਮਤੀ ਮਨਿੰਦਰ ਕੌਰ ਪਤਨੀ ਕੁਲਵਿੰਦਰ ਸਿੰਘ, ਪਤਾ : ਸ਼ੁਤਰਾਣਾ ਅੱਡਾ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਸ਼ੁਤਰਾਣਾ, ਪਾਤੜਾਂ, ਪਟਿਆਲਾ 147105, ਪੰਜਾਬ | ਬੈਨਾਮਾ ਵਸੀਕਾ ਨੰ. 111, ਮਿਤੀ 27.04.2015 ਅਨੁਸਾਰ ਮਨਿੰਦਰ ਕੌਰ ਪਤਨੀ ਕੁਲਵਿੰਦਰ ਸਿੰਘ ਦੀ ਮਲਕੀਅਤ ਗੈਰ ਖੇਤੀਬਾੜੀ ਜਾਇਦਾਦ ਰਕਬਾ 0 ਕਨਾਲ 13½ ਮਰਲਾ, ਜੋ ਕਿ 412.66 ਗਜ਼, ਖੇਵਟ ਖਤੌਨੀ ਨੰ. 777/721/1129, ਖਸਰਾ ਨੰ. 136//25 (9-18) 1/44 ਹਿੱਸਾ, ਜੋ ਕਿ 0 ਕਨਾਲ 4½ ਮਰਲਾ, ਖੇਵਟ ਖਤੌਨੀ ਨੰ. 778/722/1130, ਖਸਰਾ ਨੰ. 135//21 (8-0) 11/320 ਹਿੱਸਾ, ਜੋ ਕਿ 0 ਕਨਾਲ 5½ ਮਰਲੇ ਅਤੇ ਖੇਵਟ ਖਤੌਨੀ ਨੰ. 785/1432/1214, ਖਸਰਾ ਨੰ. 136/16/2/2 ਮਿਨ (1-7), 136//17/1/1 (1-0), ਕਿੱਤੇ 2, ਕੁੱਲ ਜ਼ਮੀਨ 2 ਕਨਾਲ 7 ਮਰਲੇ 7/94 ਹਿੱਸਾ, ਜੋ ਕਿ 3½ ਮਰਲੇ ਪਿੰਡ ਸ਼ੁਤਰਾਣਾ, ਪਾਤੜਾਂ, ਜ਼ਿਲ੍ਹਾ ਪਟਿਆਲਾ ਨਾਲ ਸੰਬੰਧਤ ਸਭ ਕੁਝ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : 70', 10", ਪੱਛਮ : 33'-6" ਗਲੀ, ਉੱਤਰ : 88'-7", ਰਾਜਵੀਰ ਵਗੈਰਾ, ਦੱਖਣ : 63' ਹਰਜਿੰਦਰ ਕੌਰ। | 28 ਸਤੰਬਰ 2023 | 02 ਫਰਵਰੀ 2024 | ਰੁਪਏ 9,50,364/- (ਨੌਂ ਲੱਖ ਪੰਜਾਹ ਹਜ਼ਾਰ ਤਿੰਨ ਸੌ ਚੌਂਹਠ ਰੁਪਏ ਕੇਵਲ) | ਰੁਪਏ 10,01,000/- (ਦਸ ਲੱਖ ਇੱਕ ਹਜ਼ਾਰ ਰੁਪਏ ਕੇਵਲ) |

ਉਪਰੋਕਤ ਦਰਸਾਏ ਹਾਲਾਤਾਂ 'ਚ ਉਕਤ ਕਰਜ਼ਦਾਰਾਂ, ਸਹਿ-ਕਰਜ਼ਦਾਰਾਂ ਅਤੇ /ਜਾਂ ਉਨ੍ਹਾਂ ਦੇ ਗਰੰਟਰਾਂ (ਜਿੱਥੇ ਲਾਗੂ ਹੋਣ) ਨੂੰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਉਪਰੋਕਤ ਦਰਸਾਏ ਬਕਾਇਆਂ ਸਮੇਤ ਭਵਿੱਖੀ ਵਿਆਜ ਅਤੇ ਲਾਗੂ ਚਾਰਜਿਜ਼ ਅਦਾ ਕਰਨ ਲਈ ਨੋਟਿਸ ਦਿੱਤਾ ਜਾਂਦਾ ਹੈ। ਅਸਫਲ ਰਹਿਣ 'ਤੇ ਇਸ ਨੋਟਿਸ ਦੇ 60 ਦਿਨ ਗੁਜ਼ਰਨ ਤੋਂ ਬਾਅਦ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ਦੇ ਸੈਕਸ਼ਨ 13 (4) ਅਤੇ ਇਸ ਤਹਿਤ ਲਾਗੂ ਨਿਯਮਾਂ ਤਹਿਤ ਕਰਜ਼ਦਾਰਾਂ ਅਤੇ ਰਹਿਣਕਾਰਾਂ ਦੇ ਸਕਿਉਰਡ ਐੱਸਟਸ ਵਿਰੁੱਧ ਸਮੇਤ ਕਬਜ਼ਾ ਹਾਸਲ ਕਰਨ ਜਿਹੇ ਅਗਲੇ ਕਦਮ ਉਠਾਏ ਜਾਣਗੇ। ਕ੍ਰਿਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਉਕਤ ਐਕਟ ਦੇ ਸੈਕਸ਼ਨ 13 (13) ਤਹਿਤ ਕਰਜ਼ਦਾਰ ਸਕਿਉਰਡ ਕ੍ਰੈਡਿਟਸ ਤੋਂ ਅਗਾਊਂ ਲਿਖਤੀ ਮਨਜ਼ੂਰੀ ਤੋਂ ਬਿਨਾਂ ਇਸ ਨੋਟਿਸ 'ਚ ਹਵਾਲੇ ਵਾਲੇ ਕਿਸੇ ਸਕਿਉਰਡ ਐੱਸਟਸ ਵਿਕਰੀ, ਲੀਜ਼ ਜਾਂ ਕਿਸੇ ਹੋਰ ਤਰੀਕੇ ਨਾਲ ਤਬਦੀਲ ਨਹੀਂ ਕਰ ਸਕਦਾ।

ਮਿਤੀ : 5-04-2024, ਸਥਾਨ : ਪਟਿਆਲਾ, ਪੰਜਾਬ — ਸਹੀ/-ਅਧਿਕਾਰਤ ਅਫਸਰ, ਐਕਸਿਸ ਬੈਂਕ ਲਿਮਟਿਡ

# ਗੰਦੇ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਲੋਕ ਪ੍ਰੇਸ਼ਾਨ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**

ਵਿਧਾਨ ਸਭਾ ਹਲਕਾ ਮੌੜ ਦਾ ਆਖਰੀ ਪਿੰਡ ਜਵਾਹਰ ਨਗਰ, ਜੋ ਵਿਧਾਨ ਸਭਾ ਹਲਕਾ ਰਾਮਪੁਰਾ ਫੂਲ ਦੀ ਹੱਦ 'ਤੇ ਵਸਿਆ ਹੋਇਆ ਦੇ ਸੀਵਰੇਜ ਦੇ ਗੰਦੇ ਪਾਣੀ ਦੀ ਨਿਕਾਸੀ ਦਾ ਕੋਈ ਪ੍ਰਬੰਧ ਨਾ ਹੋਣ ਕਾਰਨ ਇਸ ਨਗਰ ਦਾ ਸਾਰਾ ਗੰਦਾ ਪਾਣੀ ਬਠਿੰਡਾ-ਚੰਡੀਗੜ੍ਹ ਨੈਸ਼ਨਲ ਹਾਈਵੇ 'ਤੇ ਬਣੇ ਓਵਰਬ੍ਰਿਜ ਦੇ ਨਾਲ ਲੱਗਦੀ ਸਰਵਿਸ ਰੋਡ 'ਤੇ ਹਰ ਸਮੇਂ ਖੜ੍ਹਾ ਰਹਿੰਦਾ ਹੈ।ਇਹ ਗੰਦਾ ਪਾਣੀ ਬਿਨਾਂ ਮੀਂਹ ਤੋਂ ਹੀ ਖੜ੍ਹਾ ਰਹਿੰਦਾ ਹੈ, ਜਿਸ ਕਾਰਨ ਸੜਕ ਨੇ ਗੰਦੇ ਛੱਪੜ ਦਾ ਰੂਪ ਧਾਰਨ ਕਰ ਲਿਆ ਹੈ।ਇਸ ਗੰਦੇ ਪਾਣੀ ਤੋਂ ਔਖੇ ਹੋਏ ਪਿੰਡ ਜਵਾਹਰ ਨਗਰ ਦੇ ਵਾਸੀਆਂ ਅਤੇ ਸਰਵਿਸ ਰੋਡ 'ਤੇ ਸਥਿਤ ਦੁਕਾਨਦਾਰਾਂ ਨੇ ਪੰਜਾਬ ਸਰਕਾਰ ਨੂੰ ਗੁਹਾਰ ਲਾਉਂਦਿਆਂ ਕਿਹਾ ਕਿ ਉਹ ਇਸ ਗੰਦੇ ਪਾਣੀ ਦੀ ਨਿਕਾਸੀ ਦੀ ਸਮੱਸਿਆ ਸਬੰਧੀ ਡਿਪਟੀ ਕਮਿਸ਼ਨਰ ਬਠਿੰਡਾ, ਐਸ.ਡੀ.ਐਮ ਫੂਲ, ਹਲਕਾ ਰਾਮਪੁਰਾ ਫੂਲ ਦੇ ਵਿਧਾਇਕ ਬਲਕਾਰ ਸਿੱਧੂ ਤੇ ਹਲਕਾ ਮੌੜ ਦੇ ਵਿਧਾਇਕ ਸੁਖਬੀਰ ਸਿੰਘ ਮਾਈਸਰਖਾਨਾ ਨੇ ਧਿਆਨ ਵਿੱਚ ਵੀ ਲਿਆ ਚੁੱਕੇ ਹਨ।ਏਨਾ ਹੀ ਨਹੀਂ, ਉਨ੍ਹਾਂ ਦਾ ਕਹਿਣਾ ਕਿ ਉਹ ਨੈਸ਼ਨਲ ਹਾਈਵੇ ਅਥਾਰਟੀ ਦੇ ਵੀ ਧਿਆਨ ਵਿੱਚ ਲਿਆਉਣ ਦੇ ਬਾਵਜੂਦ ਇਸ ਪਾਣੀ ਦਾ ਮਸਲਾ ਹੱਲ ਨਹੀਂ ਹੋਇਆ।ਉਨ੍ਹਾਂ ਦੱਸਿਆ ਕਿ ਇਹ ਜਿਥੇ ਪਿੰਡ ਜਵਾਹਰ ਨਗਰ ਦਾ ਮੁੱਖ ਰਸਤਾ ਉਥੇ ਰਾਮਪੁਰਾ ਸ਼ਹਿਰ ਦੇ ਬਾਈਪਾਸ ਦਾ ਮੁੱਖ ਰਸਤਾ ਤੇ ਇਸ ਹਲਕੇ ਦੇ ਦਰਜਨਾਂ ਪਿੰਡਾਂ ਦੇ ਲੋਕਾਂ ਤੋਂ ਇਲਾਵਾ ਤਹਿਸੀਲ ਫੂਲ ਦਾ ਮੁੱਖ ਰਸਤਾ ਹੈ।ਇਸੇ ਖੜੇ ਪਾਣੀ 'ਚੋਂ ਡੀਐਸਪੀ ਫੂਲ, ਐਸ.ਐਚ.ਓ ਤੇ ਸਮੁੱਚੀ ਅਫ਼ਸਰਸ਼ਾਹੀ ਦੀਆਂ ਗੱਡੀਆਂ ਲੰਘਦੀਆਂ ਹਨ, ਪਰ ਇਸ ਪਾਣੀ ਦੀ ਨਿਕਾਸੀ ਦਾ ਕੋਈ ਪ੍ਰਬੰਧ ਕਰਨ ਨੂੰ ਤਿਆਰ ਨਹੀਂ, ਇਸੇ ਪਾਣੀ ਵਿੱਚੋਂ ਦੀ ਤਿੰਨ ਪ੍ਰਾਈਵੇਟ ਸਕੂਲਾਂ ਦੇ ਬੱਚੇ, ਚਾਰ ਪ੍ਰਾਈਵੇਟ ਹਸਪਤਾਲਾਂ ਤੋਂ ਇਲਾਵਾ ਮੌਜੂਦਾ ਵਿਧਾਇਕ ਵੀ ਜਦੋਂ ਬਠਿੰਡਾ ਜਾਂ ਚੰਡੀਗੜ੍ਹ ਜਾਂਦੇ ਹਨ, ਇਸੇ ਪਾਣੀ ਵਿੱਚ ਦੀ ਜਾਂਦੇ ਹਨ।ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਜੇਕਰ ਹਲਕਾ ਮੌੜ ਦਾ ਵਿਧਾਇਕ ਇਸ ਸਮੱਸਿਆ ਦਾ ਹੱਲ ਨਹੀਂ ਕਰ ਸਕਦਾ ਤਾਂ ਸਾਡਾ ਪਿੰਡ ਹਲਕਾ ਰਾਮਪੁਰਾ ਫੂਲ ਨਾਲ ਲਾ ਦਿਓ ਤਾਂ ਜੁ ਅਸੀਂ ਸ਼ਹਿਰ ਰਾਮਪੁਰਾ ਦੇ ਸੀਵਰੇਜ ਸਿਸਟਮ ਨਾਲ ਇਸ ਦਾ ਸਬੰਧ ਜੋੜ ਲਈਏ ਤੇ ਇਸ ਜਵਾਹਰ ਨਗਰ ਨੂੰ ਨਗਰ ਕੌਂਸਲ ਰਾਮਪੁਰਾ ਫੂਲ ਨਾਲ ਜੋੜ ਲਈਏ ਤਾਂ ਕਿ ਇਸ ਗੰਦੇ ਪਾਣੀ ਦੀ ਨਿਕਾਸੀ ਦਾ ਕੋਈ ਪ੍ਰਬੰਧ ਹੋ ਸਕੇ।

ਜ਼ਿਕਰਯੋਗ ਹੈ ਕਿ ਪਿੰਡ ਜਵਾਹਰ ਨਗਰ ਦੇ ਵਾਸੀ ਅਤੇ ਦੁਕਾਨਦਾਰ ਇਸ ਪਾਣੀ ਨੂੰ ਲੈ ਕੇ ਕਈ ਵਾਰ ਰੋਸ ਪ੍ਰਦਰਸ਼ਨ ਕਰ ਚੁੱਕੇ ਹਨ ਤੇ ਉਸ ਸਮੇਂ ਵਿਸ਼ਵਾਸ ਦਿਵਾਇਆ ਸੀ ਕਿ ਸੀਵਰੇਜ ਦੇ ਪਾਣੀ ਦੀ ਨਿਕਾਸੀ ਦਾ ਪ੍ਰਬੰਧ ਕਰ ਦਿੱਤਾ ਜਾਵੇਗਾ, ਪ੍ਰੰਤੂ ਕਈ ਮਹੀਨਿਆਂ ਬਾਅਦ ਵੀ ਸਥਿਤੀ ਜਿਉਂ ਦੀ ਤਿਉਂ ਬਣੀ ਹੋਈ ਹੈ।ਇਕੱਤਰ ਹੋ ਕੇ ਜਿਥੇ ਨਾਅਰੇਬਾਜ਼ੀ ਕੀਤੀ, ਉਥੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਜੇਕਰ ਜਲਦੀ ਮਸਲਾ ਹੱਲ ਨਾ ਹੋਇਆ ਤਾਂ ਉਹ ਤਕੜਾ ਸੰਘਰਸ਼ ਕਰਨਗੇ।

## ਅਚਨਚੇਤ ਛੁੱਟੀਆਂ ਤੇ ਹੋਰ ਛੁੱਟੀਆਂ ਨਾ-ਮਨਜ਼ੂਰ ਕਰਨ ਸੰਬੰਧੀ ਹੁਕਮਾਂ 'ਤੇ ਡੀ ਸੀ ਪੁਨਰ-ਵਿਚਾਰ ਕਰਨ : ਸਰਾਭਾ, ਪੁਆਰੀ

**ਲੁਧਿਆਣਾ (ਐੱਮ ਐੱਸ ਭਾਟੀਆ)**

ਭਾਰਤ ਦੇ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਲੋਕ ਸਭਾ ਚੋਣਾਂ 2024 ਲਈ ਸੱਤਵੇਂ ਗੇੜ ਵਿੱਚ ਪੰਜਾਬ ਵਿੱਚ ਵੋਟਾਂ 1 ਜੂਨ ਨੂੰ ਪੈ ਰਹੀਆਂ ਹਨ।ਸਮੁੱਚੀ ਚੋਣ ਪ੍ਰਕਿਰਿਆ ਨੂੰ ਵਧੀਆ ਢੰਗ ਨਾਲ ਨੇਪਰੇ ਚੜ੍ਹਾਉਣ ਵਿੱਚ ਹਜ਼ਾਰਾਂ ਮੁਲਾਜ਼ਮਾਂ ਵੱਲੋਂ ਨਿਭਾਈਆਂ ਜਾਣ ਵਾਲੀਆਂ ਡਿਊਟੀਆਂ ਦਾ ਮਹੱਤਵਪੂਰਨ ਰੋਲ ਹੁੰਦਾ ਹੈ।ਪਿਛਲੇ ਸਮੇਂ ਦੌਰਾਨ ਦੇਖਣ ਵਿੱਚ ਆਇਆ ਹੈ ਕਿ ਮੁਲਾਜ਼ਮ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਚੋਣ ਡਿਊਟੀ ਨਿਭਾਉਂਦੇ ਹਨ ਅਤੇ ਚੋਣ ਪ੍ਰਕਿਰਿਆ ਮੁਕੰਮਲ ਕਰਵਾਉਂਦੇ ਹਨ।ਚੋਣ ਡਿਊਟੀਆਂ ਦੇ ਸੰਬੰਧ ਵਿੱਚ ਪਿਛਲੇ ਦਿਨੀਂ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫਸਰ ਲੁਧਿਆਣਾ ਵੱਲੋਂ ਲੋਕ ਸਭਾ ਚੋਣਾਂ 2024 ਦਾ ਹਵਾਲਾ ਦਿੰਦੇ ਹੋਏ ਵੱਖ-ਵੱਖ ਵਿਭਾਗਾਂ ਦੇ ਸਮੂਹ ਮੁਖੀਆਂ ਨੂੰ ਹਦਾਇਤ ਦਿੱਤੀ ਗਈ ਹੈ ਕਿ ਆਪਣੇ ਆਪਣੇ ਦਫਤਰਾਂ ਅਧੀਨ ਕੰਮ ਕਰਦੇ ਸਮੂਹ ਮੁਲਾਜ਼ਮਾਂ ਨੂੰ ਅਚਨਚੇਤ ਛੁੱਟੀ, ਕਮਾਈ ਛੁੱਟੀ, ਵਿਦੇਸ਼ ਜਾਣ ਲਈ ਛੁੱਟੀ ਤੇ ਸਟੇਸ਼ਨ ਲੀਵ ਸਮੇਤ ਹੋਰ ਛੁੱਟੀਆਂ ਦੇਣ ਤੋਂ ਗੁਰੇਜ਼ ਕੀਤਾ ਜਾਵੇ, ਕਿਉਂਕਿ ਜਲਦੀ ਹੀ ਲੋਕ ਸਭਾ ਚੋਣਾਂ ਹੋ ਰਹੀਆਂ ਹਨ। ਇਸ ਸਬੰਧੀ ਟਿੱਪਣੀ ਕਰਦੇ ਹੋਏ ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਸਰਪ੍ਰਸਤ ਚਰਨ ਸਿੰਘ ਸਰਾਭਾ, ਸੂਬਾ ਪ੍ਰਧਾਨ ਸੁਰਿੰਦਰ ਕੁਮਾਰ ਪੁਆਰੀ, ਸੀਨੀਅਰ ਮੀਤ ਪ੍ਰਧਾਨ ਪ੍ਰਵੀਨ ਕੁਮਾਰ ਲੁਧਿਆਣਾ, ਟਹਿਲ ਸਿੰਘ ਸਰਾਭਾ, ਪਰਮਿੰਦਰਪਾਲ ਸਿੰਘ ਕਾਲੀਆ ਨੇ ਮਾਨਯੋਗ ਡਿਪਟੀ ਕਮਿਸ਼ਨਰ ਲੁਧਿਆਣਾ ਵੱਲੋਂ ਜਾਰੀ ਹੁਕਮਾਂ 'ਤੇ ਪੁਨਰ ਵਿਚਾਰ ਕਰਨ ਦੀ ਮੰਗ ਕਰਦੇ ਹੋਏ ਕਿਹਾ ਹੈ ਕਿ ਉਕਤ ਚਿੱਠੀ ਜਾਰੀ ਕਰਨ ਨਾਲ ਵੱਖ-ਵੱਖ ਵਿਭਾਗਾਂ ਖਾਸ ਕਰਕੇ ਸਿੱਖਿਆ ਵਿਭਾਗ ਵਿੱਚ ਸੇਵਾ ਨਿਭਾਅ ਰਹੇ ਅਧਿਆਪਕਾਂ ਵਿੱਚ ਹਾਹਾਕਾਰ ਮੱਚ ਗਈ ਹੈ। ਇਸ ਪੱਤਰ ਦੇ ਜਾਰੀ ਹੋਣ ਨਾਲ ਵੱਖ-ਵੱਖ ਸਕੂਲਾਂ ਦੇ ਸਕੂਲ ਮੁਖੀਆਂ ਵੱਲੋਂ ਬਹੁਤ ਸਾਰੇ ਅਧਿਆਪਕਾਂ ਦੀਆਂ ਨਿੱਜੀ ਮਜਬੂਰੀਆਂ ਤੇ ਬੀਮਾਰ ਹੋਣ ਦੇ ਬਾਵਜੂਦ ਅਚਨਚੇਤ ਛੁੱਟੀ ਸਮੇਤ ਹੋਰ ਛੁੱਟੀਆਂ ਪ੍ਰਵਾਨ ਕਰਨ ਵਿੱਚ ਝਿਜਕ ਰਹੇ ਹਨ।ਆਗੂਆਂ ਨੇ ਮਾਨਯੋਗ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣਕਾਰ ਅਫਸਰ ਲੁਧਿਆਣਾ ਤੋਂ ਮੰਗ ਕੀਤੀ ਕਿ ਚੋਣ ਡਿਊਟੀ ਲੱਗਣ ਤੋਂ ਬਿਨਾਂ ਸਕੂਲ ਮੁਖੀਆਂ ਨੂੰ ਅਧਿਆਪਕਾਂ ਦੀਆਂ ਛੁੱਟੀਆਂ ਨੂੰ ਮਨਜ਼ੂਰ ਕਰਨ ਤੋਂ ਨਾ ਰੋਕਿਆ ਜਾਵੇ ਤੇ ਛੁੱਟੀਆਂ ਨੂੰ ਮਨਜ਼ੂਰ ਕਰਨ ਸਬੰਧੀ ਸਾਰੇ ਅਧਿਕਾਰ ਸਕੂਲ ਮੁਖੀਆਂ ਤੇ ਦਫਤਰਾਂ ਦੇ ਮੁਖੀਆਂ ਨੂੰ ਦਿੱਤੇ ਜਾਣ।

## ਸ਼ਹੀਦ ਭਗਤ ਸਿੰਘ ਸਟੇਟ ਯੂਨੀਵਰਸਿਟੀ ਸਟਾਫ ਵੱਲੋਂ ਤਨਖਾਹਾਂ ਨਾ ਮਿਲਣ ਦੇ ਵਿਰੋਧ 'ਚ ਭੁੱਖ ਹੜਤਾਲ ਸ਼ੁਰੂ



ਸਟਾਫ ਭੁੱਖ ਹੜਤਾਲ ਦੌਰਾਨ ਰੋਸ ਪ੍ਰਦਰਸ਼ਨ ਕਰਦਾ ਹੋਇਆ।

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸ਼ਹੀਦ ਭਗਤ ਸਿੰਘ ਦਾ ਨਾਮ ਲੈ ਕੇ ਬਣੀ ਸਰਕਾਰ ਦੇ ਰਾਜ ਦੌਰਾਨ ਸ਼ਹੀਦ ਭਗਤ ਸਿੰਘ ਸਟੇਟ ਯੂਨੀਵਰਸਿਟੀ ਦਾ ਸਟਾਫ ਪਿਛਲੇ ਸੱਤ ਮਹੀਨੇ ਤੋਂ ਤਨਖਾਹਾਂ ਤੋਂ ਵਾਂਝਾ ਚੱਲ ਰਿਹਾ ਹੈ। ਆਪ ਸਰਕਾਰ ਨੇ 2022 ਵਿੱਚ ਯੂਨੀਵਰਸਿਟੀ ਦੀ ਸਲਾਨਾ ਗਰਾਂਟ 15 ਕਰੋੜ ਤੋਂ ਵਧਾ ਕੇ ਦੁੱਗਣੀ ਕਰਨ ਦਾ ਐਲਾਨ ਕੀਤਾ ਸੀ, ਪਰ ਸਰਕਾਰ ਹਰ ਸਾਲ ਵਾਅਦੇ ਤੋਂ ਮੁੱਕਰ ਜਾਂਦੀ ਹੈ।ਇਸ ਸਾਲ ਦੇ ਬਜਟ ਵਿੱਚ ਵੀ ਯੂਨੀਵਰਸਿਟੀ ਦੀ ਗਰਾਂਟ ਦੇ ਵਾਧੇ ਬਾਰੇ ਸਰਕਾਰ ਵੱਲੋਂ ਦੱਸਿਆ ਨਹੀਂ ਜਾ ਰਿਹਾ ਹੈ। ਨਵੇਂ ਬਣੇ ਵਾਈਸ ਚਾਂਸਲਰ ਡਾਕਟਰ ਸੁਸ਼ੀਲ ਮਿੱਤਲ ਵੱਲੋਂ ਪੈਂਡਿੰਗ ਤਨਖਾਹਾਂ ਲਈ ਸਪੈਸ਼ਲ ਗਰਾਂਟ ਜਾਰੀ ਕਰਵਾਉਣ ਦਾ ਵਾਅਦਾ ਕੀਤਾ ਸੀ, ਉਹ ਵੀ ਪੂਰਾ ਨਹੀਂ ਕਰਵਾ ਸਕੇ।ਇਸ ਲਈ ਸਮੂਹ ਸਟਾਫ 14 ਮਾਰਚ ਤੋਂ ਕਲਮ ਛੋੜ ਹੜਤਾਲ 'ਤੇ ਚੱਲ ਰਿਹਾ ਹੈ।ਜੁਆਇੰਟ ਐਕਸ਼ਨ ਕਮੇਟੀ ਨੇ ਦੱਸਿਆ ਕਿ ਨਾ ਤਾਂ ਸਰਕਾਰ ਨੂੰ ਮੁਲਾਜ਼ਮਾਂ ਦੀ ਤਨਖਾਹ ਦੇਣ ਦੀ ਚਿੰਤਾ ਹੈ ਤੇ ਨਾ ਹੀ ਵਿਦਿਆਰਥੀਆਂ ਦੀ ਪੜ੍ਹਾਈ ਤੇ ਭਵਿੱਖ ਦੀ ਪ੍ਰਵਾਹ ਹੈ।ਇਸ ਲਈ ਅੱਜ ਤੋਂ ਯੂਨੀਵਰਸਿਟੀ ਸਟਾਫ ਵੱਲੋਂ ਲੜੀਵਾਰ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਗਈ ਹੈ।ਅੱਜ ਦੀ ਭੁੱਖ ਹੜਤਾਲ ਪ੍ਰੋਫੈਸਰ ਦੀਪਇੰਦਰ ਸਿੰਘ ਤੇ ਤਲਵਿੰਦਰ ਸਿੰਘ ਵੱਲੋਂ ਸ਼ੁਰੂ ਕਰ ਦਿੱਤੀ ਗਈ ਹੈ।ਲੰਚ ਸਮੇਂ ਦੌਰਾਨ ਸਮੂਹ ਸਟਾਫ ਵੱਲੋਂ ਗੇਟ ਰੈਲੀ ਕੱਢੀ ਗਈ ਤੇ ਪੰਜਾਬ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ ਗਈ।ਉਨ੍ਹਾਂ ਦੱਸਿਆ ਕਿ ਜਦੋਂ ਤੱਕ ਸਰਕਾਰ ਤਨਖਾਹ ਦੀ ਗਰਾਂਟ ਵਧਾਉਣ ਬਾਰੇ ਪੱਤਰ ਜਾਰੀ ਨਹੀਂ ਕਰਦੀ, ਇਹ ਭੁੱਖ ਹੜਤਾਲ ਚੱਲਦੀ ਰਹੇਗੀ।ਭੁੱਖ ਹੜਤਾਲ ਦੌਰਾਨ ਕਿਸੇ ਵੀ ਅਣਸੁਖਾਵੀਂ ਘਟਨਾ ਲਈ ਯੂਨੀਵਰਸਿਟੀ ਦੇ ਉੱਚ ਅਧਿਕਾਰੀ ਤੇ ਪੰਜਾਬ ਸਰਕਾਰ ਜ਼ਿੰਮੇਵਾਰ ਹੋਵੇਗੀ।

## ਕਾਤਰਾਂ

### 29 ਬੋਤਲਾਂ ਨਜਾਇਜ਼ ਸ਼ਰਾਬ ਸਮੇਤ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਕੈਂਟ ਫਿਰੋਜ਼ਪੁਰ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਇੱਕ ਵਿਅਕਤੀ ਨੂੰ 24 ਬੋਤਲਾਂ ਬੀਅਰ ਤੇ 5 ਬੋਤਲਾਂ (ਕੁਲ 29 ਬੋਤਲਾਂ) ਨਜਾਇਜ਼ ਸ਼ਰਾਬ ਅੰਗਰੇਜ਼ੀ ਵੱਖ ਵੱਖ ਮਾਰਕੇ ਸਮੇਤ ਗ੍ਰਿਫਤਾਰ ਕਰਕੇ ਉਸ ਖਿਲਾਫ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਰਮਨ ਕੁਮਾਰ ਨੇ ਦੱਸਿਆ ਕਿ ਉਹ ਸਮੇਤ ਪੁਲਸ ਪਾਰਟੀ ਤੇ ਇੰਸਪੈਕਟਰ ਸੋਨੀਆ ਡਰੱਗ ਆਫਿਸਰ ਦੇ ਚੈਕਿੰਗ ਸੰਬਧੀ ਮੇਨ ਬਾਜ਼ਾਰ ਵਿਖੇ ਮੌਜੂਦ ਸੀ ਤਾਂ ਚੱਡਾ ਮੈਡੀਕੋਜ਼ ਕਬਾੜੀ ਬਾਜ਼ਾਰ ਮੰਗਲ ਮਾਰਕਿਟ ਦੁਕਾਨ ਨੰਬਰ 40/10 ਪਾਸ ਪੁੱਜੇ ਤਾਂ ਦੁਕਾਨ ਅੰਦਰ ਇਕ ਵਿਅਕਤੀ ਰਾਕੇਸ਼ ਵਡੇਰਾ ਪੁੱਤਰ ਸਤਿੰਦਰ ਵਡੇਰਾ ਵਾਸੀ ਕੈਂਟ ਫਿਰੋਜ਼ਪੁਰ ਬੈਠਾ ਮਿਲਿਆ, ਜਿਸ ਦੇ ਗੋਦਾਮ ਦੀ ਤਲਾਸ਼ੀ ਕੀਤੀ ਗਈ ਤਾਂ 24 ਬੋਤਲਾਂ ਬੀਅਰ, 3 ਬੋਤਲਾਂ ਬਲੈਕ ਡਾਗ, 1 ਬੋਤਲ ਬਲੈਂਡ ਪ੍ਰਾਈਡ, 1 ਬੋਤਲ ਬਲੈਕ ਐਂਡ ਵਾਇਟ ਬਰਾਮਦ ਹੋਈ। ਪੁਲਸ ਨੇ ਦੱਸਿਆ ਕਿ ਉਕਤ ਮੁਲਜ਼ਮ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

### ਸਰਹੰਦ ਰੇਲਵੇ ਸਟੇਸ਼ਨ ਤੋਂ 15 ਬੋਤਲਾਂ ਸ਼ਰਾਬ ਬਰਾਮਦ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਜੀ.ਆਰ.ਪੀ., ਜ਼ਿਲ੍ਹਾ ਪੁਲਸ, ਆਰ.ਪੀ.ਐੱਫ. ਤੇ ਸੀ.ਆਰ.ਪੀ.ਐੱਫ. ਵੱਲੋਂ ਚਲਾਏ ਗਏ ਸਾਂਝੇ ਸਰਚ ਆਪਰੇਸ਼ਨ ਦੌਰਾਨ ਸਰਹੰਦ ਰੇਲਵੇ ਸਟੇਸ਼ਨ ਦੇ ਪਲੇਟਫਾਰਮ ਤੋਂ 15 ਬੋਤਲਾਂ ਨਜਾਇਜ਼ ਸ਼ਰਾਬ ਬਰਾਮਦ ਹੋਣ ਦਾ ਸਮਾਚਾਰ ਹੈ।ਜੀ.ਆਰ.ਪੀ. ਥਾਣਾ ਸਰਹੰਦ ਦੇ ਐੱਸ.ਐੱਚ.ਓ. ਥਾਣੇਦਾਰ ਰਤਨ ਲਾਲ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਰਹੰਦ ਰੇਲਵੇ ਸਟੇਸ਼ਨ ਦੇ ਪਲੇਟਫਾਰਮ ਨੰਬਰ ਦੋ ਤੇ ਤਿੰਨ ਦਰਮਿਆਨ ਕੀਤੀ ਜਾ ਰਹੀ ਚੈਕਿੰਗ ਦੌਰਾਨ ਅੰਗਰੇਜ਼ੀ ਸ਼ਰਾਬ ਦੀਆਂ 15 ਬੋਤਲਾਂ ਬਰਾਮਦ ਹੋਈਆਂ। ਐੱਸ.ਐੱਚ.ਓ. ਰਤਨ ਲਾਲ ਨੇ ਦੱਸਿਆ ਕਿ ਇਸ ਸਬੰਧੀ ਨਾ-ਮਾਲੂਮ ਵਿਅਕਤੀ ਵਿਰੁੱਧ ਜੀ.ਆਰ.ਪੀ ਥਾਣਾ ਸਰਹੰਦ ਵਿਖੇ ਮੁੱਕਦਮਾ ਦਰਜ ਕਰਕੇ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

### ਸਿਹਤ ਵਿਭਾਗ ਵੱਲੋਂ ਟੀਕਾਕਰਨ ਕੈਂਪ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸਿਹਤ ਵਿਭਾਗ ਵੱਲੋਂ ਚੱਕ ਕਾਲਾ ਸਿੰਘ ਵਾਲਾ ਦੇ ਆਂਗਣਵਾੜੀ ਸੈਂਟਰ ਵਿੱਚ ਸੈਂਟਰ ਦੀ ਇੰਚਾਰਜ ਹਰਗੋਬਿੰਦ ਕੌਰ ਦੀ ਅਗਵਾਈ ਹੇਠ ਟੀਕਾਕਰਨ ਕੈਂਪ ਲਗਾਇਆ ਗਿਆ, ਜਿਸ ਦੌਰਾਨ ਗਰਭਵਤੀ ਔਰਤਾਂ ਤੇ ਨਿੱਕੇ ਬੱਚਿਆਂ ਦੇ ਟੀਕੇ ਲਗਾਏ ਗਏ।ਇਸ ਮੌਕੇ ਹਰਗੋਬਿੰਦ ਕੌਰ ਨੇ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਬਾਰੇ ਜਾਣਕਾਰੀ ਦਿੱਤੀ ਤੇ ਸਿਹਤ ਵਿਭਾਗ ਦੀ ਏ ਐੱਨ ਐੱਮ ਰਮਨਦੀਪ ਕੌਰ ਨੇ ਸਿਹਤ ਵਿਭਾਗ ਦੀਆਂ ਸਕੀਮਾਂ ਦਾ ਜ਼ਿਕਰ ਕੀਤਾ ਤੇ ਔਰਤਾਂ ਨੂੰ ਲਾਭ ਲੈਣ ਲਈ ਕਿਹਾ।ਉਨ੍ਹਾ ਕਿਹਾ ਕਿ ਸਮੇਂ ਸਮੇਂ ਸਿਰ ਸਿਹਤ ਵਿਭਾਗ ਵੱਲੋਂ ਟੀਕਾਕਰਨ ਕੈਂਪ ਲਗਾਏ ਜਾਂਦੇ ਹਨ।ਇਸ ਮੌਕੇ ਆਸ਼ਾ ਵਰਕਰ ਜਸਵੀਰ ਕੌਰ, ਆਂਗਣਵਾੜੀ ਵਰਕਰ ਸਰਬਜੀਤ ਕੌਰ, ਆਂਗਣਵਾੜੀ ਹੈਲਪਰਾਂ ਛਿੰਦਰ ਕੌਰ ਤੇ ਜੀਤ ਕੌਰ ਆਦਿ ਮੌਜੂਦ ਸਨ।

### ਸ੍ਰੀ ਸ਼ਾਮ ਖਾਟੂ 15ਵਾਂ ਵਿਸ਼ਾਲ ਜਾਗਰਣ ਭਲਕੇ

**ਜੈਤੋ (ਸਤੀਸ਼ ਕੁਮਾਰ ਭੀਰੀ)**-ਸ੍ਰੀ ਸ਼ਾਮ ਪ੍ਰਚਾਰ ਮੰਡਲ ਜੈਤੋ ਵੱਲੋਂ ਸ੍ਰੀ ਰਾਮ ਭਵਨ ਵਿਖੇ ਕੀਤੀ ਗਈ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਗਿਆ ਕਿ ਉਨ੍ਹਾਂ ਦੀ ਸੰਸਥਾ ਵੱਲੋਂ ਸ਼ਹਿਰ ਵਾਸੀਆਂ ਦੇ ਸਹਿਯੋਗ ਨਾਲ ਸ੍ਰੀ ਸ਼ਾਮ ਖਾਟੂ ਜੀ ਨੂੰ ਸਮਰਪਤ ਵਿਸ਼ਾਲ ਜਾਗਰਣ ਕਰਾਇਆ ਜਾ ਰਿਹਾ ਹੈ।ਸੰਸਥਾ ਦੇ ਆਗੂ ਗੋਨੀ ਮਿੱਤਲ ਤੇ ਚੰਦਰ ਮੋਹਨ ਨੇ ਦੱਸਿਆ ਕਿ ਇਸ ਜਾਗਰਣ ਵਿੱਚ ਵਿਵੇਕ ਚੈਰੀਟੇਬਲ ਟਰੱਸਟ ਦੇ ਮੁੱਖ ਸੇਵਾਦਾਰ ਸੰਤ ਬਾਬਾ ਰਿਸ਼ੀ ਰਾਮ ਜੀ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ ਜਾਗਰਣ ਦਾ ਪੂਜਨ ਮਾਨੀਆ ਗਰੁੱਪ ਦੇ ਐਮ ਡੀ ਨਵਲ ਸਿੰਗਲਾ (ਸੀ.ਏ) ਤੇ ਜਯੋਤੀ ਪ੍ਰਚੰਡ ਕਰਨ ਦੀ ਰਸਮ ਸਵਾਈਟ ਗਰੁੱਪ ਦੇ ਚੇਅਰਮੈਨ ਅਸ਼ਵਨੀ ਗਰਗ, ਘਨੱਈਆ ਗਰਗ, ਅਸ਼ੋਕ ਗਰਗ ਵੱਲੋਂ ਨਿਭਾਈ ਜਾਵੇਗੀ।ਸੰਧੀਰ ਗਰਗ ਨੇ ਦੱਸਿਆ ਕਿ ਜਾਗਰਣ ਵਿੱਚ ਭਜਨ ਗਾਇਕ ਦੇ ਤੌਰ 'ਤੇ ਕੁਮਾਰ ਦਵਿੰਦਰ ਦਿੱਲੀ ਤੋਂ ਤੇ ਮਨੀਸ਼ਾ ਠਾਕੁਰ ਬਰਸਾਨਾ ਤੋਂ ਪਹੁੰਚ ਰਹੇ ਹਨ।ਸ਼ਾਮ ਪ੍ਰਚਾਰ ਮੰਡਲ ਦੇ ਵਿਕਾਸ ਗੋਇਲ ਨੇ ਦੱਸਿਆ ਕਿ ਜਾਗਰਣ ਦੌਰਾਨ ਸੁੰਦਰ ਤੇ ਆਕਰਸ਼ਤ ਝਾਕੀਆਂ ਵੀ ਦਿਖਾਈਆਂ ਜਾਣਗੀਆਂ।

### ਕੇਂਦਰੀ ਜੇਲ੍ਹ 'ਚੋਂ ਮੋਬਾਇਲ ਬਰਾਮਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿੱਚ ਤਲਾਸ਼ੀ ਦੌਰਾਨ ਇਕ ਮੋਬਾਇਲ ਫੋਨ ਬਰਾਮਦ ਹੋਇਆ ਹੈ। ਇਸ ਸੰਬਧੀ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਇੱਕ ਹਵਾਲਾਤੀ ਖਿਲਾਫ 52-ਏ ਪਰੀਸਿੰਨਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਗੁਰਮੇਲ ਸਿੰਘ ਨੇ ਦੱਸਿਆ ਕਿ ਪੱਤਰ ਨੰਬਰ 3266 ਰਾਹੀਂ ਸੁਖਜਿੰਦਰ ਸਿੰਘ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ ਨੇ ਦੱਸਿਆ ਕਿ 1 ਅਪ੍ਰੈਲ 2024 ਨੂੰ ਕਰੀਬ 8.40 ਪੀ ਐੱਮ 'ਤੇ ਉਹ ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿੱਚ ਸਮੇਤ ਸਾਥੀ ਕਰਮਚਾਰੀਆਂ ਦੇ ਅਚਾਨਕ ਤਲਾਸ਼ੀ ਕੀਤੀ ਗਈ ਤੇ ਤਲਾਸ਼ੀ ਦੌਰਾਨ ਚੱਕੀ ਨੰਬਰ 2 ਦੇ ਪਿੰਡ ਬੰਦ ਹਵਾਲਾਤੀ ਵਿੱਕੀ ਪੁੱਤਰ ਜੋਗਿੰਦਰ ਸਿੰਘ ਵਾਸੀ ਨੇੜੇ ਵਾਲਮੀਕ ਮੰਦਿਰ ਬਸਤੀ ਭੱਟੀਆਂ ਵਾਲੀ ਸਿਟੀ ਫਿਰੋਜ਼ਪੁਰ ਕੋਲੋਂ 1 ਮੋਬਾਇਲ ਫੋਨ ਨੋਕੀਆ ਬਰਾਮਦ ਹੋਇਆ। ਪੁਲਸ ਨੇ ਉਕਤ ਹਵਾਲਾਤੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਭਾਜਪਾ ਤੇ 'ਆਪ' ਨੂੰ ਝਟਕਾ, ਵੱਡੀ ਗਿਣਤੀ ਆਗੂ ਅਕਾਲੀ ਦਲ 'ਚ ਸ਼ਾਮਲ



**ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)**-ਸ਼੍ਰੋਮਣੀ ਅਕਾਲੀ ਦਲ ਨੂੰ ਉਸ ਸਮੇਂ ਵੱਡਾ ਬਲ ਮਿਲਿਆ, ਜਦੋਂ ਯੂਥ ਆਗੂ ਯਸ਼ ਵਰਮਾ ਮੰਡੀ ਗੋਬਿੰਦਗੜ੍ਹ ਦੀ ਪ੍ਰੇਰਨਾ ਸਦਕਾ ਮੁੱਖ ਸੇਵਾਦਾਰ ਗੁਰਪ੍ਰੀਤ ਸਿੰਘ ਰਾਜੂ ਖੰਨਾ ਦੀ ਅਗਵਾਈ ਵਿੱਚ ਵੱਡੀ ਗਿਣਤੀ ਯੂਥ ਨੌਜਵਾਨ, ਵਰਕਰ ਤੇ ਆਗੂ ਭਾਜਪਾ ਤੇ ਆਮ ਆਦਮੀ ਪਾਰਟੀ ਛੱਡ ਕੇ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ ਹਨ।

ਇਸ ਮੌਕੇ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਸਾਰੇ ਹੀ ਆਗੂਆਂ ਤੇ ਨੌਜਵਾਨਾਂ ਦਾ ਰਾਜੂ ਖੰਨਾ ਵੱਲੋਂ ਵਿਸ਼ੇਸ਼ ਸਨਮਾਨ ਕਰਦੇ ਹੋਏ ਕਿਹਾ ਕਿ ਅੱਜ ਪੰਜਾਬ ਅੰਦਰ ਜੋ ਹਾਲਾਤ ਆਮ ਆਦਮੀ ਪਾਰਟੀ ਨੇ ਕਰ ਦਿੱਤੇ ਹਨ, ਉਸ ਤੋਂ ਸਾਰੇ ਹੀ ਭਲੀ-ਭਾਂਤ ਜਾਣੂ ਹਨ।ਝੂਠੇ ਵਾਅਦਿਆਂ ਨਾਲ ਸੱਤਾ ਵਿੱਚ ਆਈ 'ਆਪ' ਸਰਕਾਰ ਹਰ ਫਰੰਟ 'ਤੇ ਬੁਰੀ ਤਰ੍ਹਾਂ ਫੇਲ੍ਹ ਹੋ ਚੁੱਕੀ ਹੈ, ਜਿਸ ਕਾਰਨ ਹਰ ਰੋਜ਼ ਇਸ ਸਰਕਾਰ ਦੀ ਵਾਅਦਾ ਖਿਲਾਫੀ ਤੋਂ ਤੰਗ ਹੋ ਕੇ ਲੋਕ ਹਿਤੈਸ਼ੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨਾਲ ਜੁੜ ਰਹੇ ਹਨ।ਜੇਕਰ ਭਾਜਪਾ ਦੀ ਗੱਲ ਕੀਤੀ ਜਾਵੇ, ਉਸ ਵੱਲੋਂ ਕਿਸਾਨਾਂ ਦੀਆਂ ਮੰਗਾਂ ਨੂੰ ਅੱਖੋਂ-ਪਰੋਖੇ ਕਰਕੇ ਸਿਰਫ ਸੱਤਾ 'ਤੇ ਕਾਬਜ਼ ਹੋਣ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ, ਪਰ ਪੰਜਾਬ ਦੇ ਸਮੁੱਚੇ ਕਿਸਾਨ ਭਾਜਪਾ ਤੋਂ ਖ਼ਫ਼ਾ ਐਮ ਐਸ ਪੀ ਲਾਗੂ ਕਰਾਉਣ ਲਈ ਮੋਰਚੇ ਲਗਾ ਰਹੇ ਹਨ, ਪਰ ਭਾਜਪਾ ਟੱਸ ਤੋਂ ਮੱਸ ਨਹੀਂ ਹੋ ਰਹੀ, ਜਿਸ ਕਾਰਨ ਪੰਜਾਬ ਦੇ ਲੋਕ ਭਾਜਪਾ ਦਾ ਡਟ ਕੇ ਵਿਰੋਧ ਕਰ ਰਹੇ ਹਨ।ਰਾਜੂ ਖੰਨਾ ਨੇ ਭਾਜਪਾ ਤੇ 'ਆਪ' ਪਾਰਟੀ ਛੱਡ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋਣ ਸਾਰੇ ਹੀ ਆਗੂਆਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਨੂੰ ਆਉਣ ਵਾਲੇ ਸਮੇਂ ਵਿੱਚ ਪਾਰਟੀ ਅੰਦਰ ਜਿਥੇ ਬਣਦਾ ਮਾਣ-ਸਤਿਕਾਰ ਦਿੱਤਾ ਜਾਵੇਗਾ, ਉਥੇ ਉਨ੍ਹਾਂ ਦੇ ਕੰਮਾਂ ਨੂੰ ਵੀ ਪਹਿਲ ਦੇ ਆਧਾਰ 'ਤੇ ਤਰਜ਼ੀਹ ਦਿੱਤੀ ਜਾਵੇਗੀ, ਜਿਨ੍ਹਾਂ ਵਿਅਕਤੀਆਂ ਵੱਲੋਂ ਭਾਜਪਾ ਤੇ 'ਆਪ' ਛੱਡ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਮੂਲੀਅਤ ਕੀਤੀ ਗਈ, ਉਹਨਾਂ ਵਿੱਚ ਪ੍ਰਿੰਸ ਵੜੈਚ, ਅੰਸ਼ ਵੜੈਚ, ਅੰਮ੍ਰਿਤ ਨਾਗਰਾ, ਸਾਬਿਰ ਅਲੀ, ਜਾਵੇਦ ਅਨੁਸਾਰੀ, ਅਭਿਸ਼ੇਕ ਤਿਵਾੜੀ, ਸਤਪਾਲ ਵਰਮਾ, ਬਲਵੀਰ ਸਿੰਘ, ਝਿਲਮਿਲ ਸਿੰਘ, ਰਾਹੁਲ ਵਰਮਾ, ਜੈ ਪ੍ਰਕਾਸ਼ ਪ੍ਰਮੁੱਖ ਹਨ।

### ਵਿਸ਼ਾਲ ਖ਼ੂਨਦਾਨ ਕੈਂਪ 13 ਨੂੰ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ, ਬਲਵਿੰਦਰ ਸਿੰਘ ਵਜੀਦਕੇ)**-ਪ੍ਰੈੱਸ ਕਲੱਬ ਰਜਿ: ਵੱਲੋਂ 22ਵਾਂ ਵਿਸ਼ਾਲ ਖ਼ੂਨਦਾਨ ਕੈਂਪ ਗੁਰਦੁਆਰਾ ਜੰਡਸਰ ਸਾਹਿਬ ਕਮੇਟੀ, ਗ੍ਰਾਮ ਪੰਚਾਇਤਾਂ, ਯੂਥ ਕਲੱਬਾਂ ਦੇ ਭਰਵੇਂ ਸਹਿਯੋਗ ਨਾਲ ਵਿਸਾਖੀ ਦੇ ਸ਼ੁਭ ਮੌਕੇ ਖਾਲਸਾ ਸਾਜਨਾ ਦਿਵਸ ਨੂੰ ਸਮਰਪਤ 13 ਅਪ੍ਰੈਲ ਨੂੰ ਸਵੇਰੇ 10 ਤੋਂ 2 ਵਜੇ ਤੱਕ ਇਤਿਹਾਸਕ ਗੁਰਦੁਆਰਾ ਜੰਡਸਰ ਸਾਹਿਬ ਠੁੱਲੀਵਾਲ (ਬਰਨਾਲਾ) ਵਿਖੇ ਲਾਇਆ ਜਾ ਰਿਹਾ ਹੈ, ਜਿਸ ਦਾ ਉਦਘਾਟਨ ਸਮੂਹ ਪ੍ਰਬੰਧਕਾਂ ਵੱਲੋਂ ਸਾਂਝੇ ਤੌਰ 'ਤੇ ਕੀਤਾ ਜਾਵੇਗਾ।ਪ੍ਰੈੱਸ ਕਲੱਬ ਦੇ ਪ੍ਰਧਾਨ ਬਲਵਿੰਦਰ ਸਿੰਘ ਵਜੀਦਕੇ, ਜਨਰਲ ਸਕੱਤਰ ਬਲਜਿੰਦਰ ਸਿੰਘ ਢਿੱਲੋਂ, ਕਾਰਜਕਾਰੀ ਚੇਅਰਮੈਨ ਸੋਨੀ ਮਾਂਗੇਵਾਲ ਨੇ ਸਾਂਝੇ ਤੌਰ 'ਤੇ ਦਿੱਤੀ।ਉਨ੍ਹਾਂ ਦੱਸਿਆ ਕਿ ਇਸ ਮੌਕੇ ਲਾਇਫ ਲਾਇਨ ਹਸਪਤਾਲ ਬਰਨਾਲਾ ਵੱਲੋਂ ਬਲੱਡ ਬੈਂਕ ਦੀ ਟੀਮ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕਰੇਗੀ।ਪ੍ਰਬੰਧਕਾਂ ਵੱਲੋਂ ਖ਼ੂਨਦਾਨੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਜਾਵੇਗਾ।ਉਨ੍ਹਾਂ ਇਸ ਸਮਾਜ ਸੇਵੀ ਕਾਰਜ ਦੀ ਸਫ਼ਲਤਾ ਲਈ ਖ਼ੂਨਦਾਨੀਆਂ, ਯੂਥ ਕਲੱਬਾਂ, ਸਮਾਜ ਸੇਵੀ ਸੰਸਥਾਵਾਂ ਨੂੰ ਭਰਵੇਂ ਸਹਿਯੋਗ ਦੀ ਅਪੀਲ ਕੀਤੀ ਹੈ।ਇਸ ਮੌਕੇ ਜਗਰਾਜ ਸਿੰਘ ਮੂੰਮ, ਜਗਸੀਰ ਸਿੰਘ ਸਹਿਜੜਾ, ਮੇਘ ਰਾਜ ਜੋਸ਼ੀ, ਗੁਰਪ੍ਰੀਤ ਸਿੰਘ ਅਣਖੀ, ਬਲਵੰਤ ਸਿੰਘ ਚੁਹਾਣਕੇ, ਪ੍ਰਦੀਪ ਸਿੰਘ ਲੋਹਗੜ੍ਹ ਤੇ ਰਾਜਵਿੰਦਰ ਸਿੰਘ ਕਲਾਲ ਮਾਜਰਾ ਆਦਿ ਹਾਜ਼ਰ ਸਨ।

## ਰਾਏ ਸਿੱਖ ਅਨੁਸੂਚਿਤ ਸਮਾਜ ਵੱਲੋਂ ਮੀਟਿੰਗ ਦਾ ਆਯੋਜਨ



**ਜਲਾਲਾਬਾਦ (ਜੰਗੀਰ ਕੌਰ, ਜੀਤ ਕੁਮਾਰ)**

ਰਾਏ ਸਿੱਖ ਅਨੁਸੂਚਿਤ ਸਮਾਜ ਵੱਲੋਂ ਬੁੱਧਵਾਰ ਦੇਰ ਸ਼ਾਮ ਨੂੰ ਸ਼ਹੀਦ ਊਧਮ ਸਿੰਘ ਪਾਰਕ ਵਿਖੇ ਮੀਟਿੰਗ ਕੀਤੀ ਗਈ, ਜਿਸ ਵਿੱਚ ਭਾਰਤ ਰਤਨ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਹਾੜੇ ਨੂੰ ਸਮਰਪਤ ਸਮਾਗਮ 14 ਅਪ੍ਰੈਲ ਨੂੰ ਚਾਂਦੀ ਰਾਮ ਧਰਮਸ਼ਾਲਾ (ਨੇੜੇ ਸ੍ਰੀ ਮੁਕਤਸਰ ਸਾਹਿਬ ਰੋਡ) ਓਵਰਬ੍ਰਿਜ ਪੁਲ ਜਲਾਲਾਬਾਦ ਵਿਖੇ ਮਨਾਉਣ ਲਈ ਫੈਸਲਾ ਕੀਤਾ ਗਿਆ ਤੇ ਇਸਦੇ ਨਾਲ ਹੀ ਸ਼ਾਮਲ ਆਗੂਆਂ ਦੁਆਰਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦੇ ਜਨਮ ਦਿਹਾੜੇ ਨੂੰ ਵੱਡੇ ਪੱਧਰ ਤੇ ਮਨਾਉਣ ਦੇ ਫੈਸਲੇ ਨੂੰ ਅੰਤਿਮ ਰੂਪ ਦਿੱਤਾ ਗਿਆ। ਉਨ੍ਹਾਂ ਸਮੁੱਚੇ ਅਨੁਸੂਚਿਤ ਜਾਤੀ ਸਮਾਜ ਨੂੰ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦਾ ਜਨਮ ਦਿਨ ਮਨਾਉਣ ਲਈ ਹੋਣ ਵਾਲੇ ਸਮਾਗਮ ਵਿਚ ਵੱਡੇ ਪੱਧਰ 'ਤੇ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ ਗਈ। ਮੀਟਿੰਗ ਵਿੱਚ ਆਗੂ ਬਲਵੰਤ ਸਿੰਘ ਨਾਇਬ ਤਹਿਸੀਲਦਾਰ, ਜਸਪਾਲ ਸਿੰਘ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਅਸ਼ੋਕ ਸਰਾਰੀ, ਗੁਰਮੀਤ ਸਿੰਘ, ਜੋਗਿੰਦਰ ਸਿੰਘ, ਰਾਜ ਕੁਮਾਰ ਮਲੰਗੀ, ਮੰਗਤ ਸਿੰਘ, ਇੰਦਰਜੀਤ ਸਿੰਘ, ਬਲਵੀਰ ਸਿੰਘ, ਰਜੇਸ਼ ਬਿੱਟੂ, ਬਲਵਿੰਦਰ ਸਿੰਘ ਠੇਕੇਦਾਰ, ਦਰਸ਼ਨ ਸਿੰਘ ਚਾਚਾ, ਬਲਕਾਰ ਸਿੰਘ, ਮੰਗਤ ਸਿੰਘ ਕਸਮਕੇ, ਦੇਸਾ ਸਿੰਘ, ਪਰਮਜੀਤ ਸਿੰਘ, ਮੇਜਰ ਸਿੰਘ, ਛਿੰਦਰਪਾਲ ਮਾਨਾ, ਚਿੰਮਨ ਸਿੰਘ ਤੇ ਮਲਕੀਤ ਸਿੰਘ ਆਦਿ ਹਾਜ਼ਰ ਸਨ।

## ਸਵਾਮੀ ਰੂਪ ਚੰਦ ਜੈਨ ਸਕੂਲ ਦਾ ਨਤੀਜਾ ਸ਼ਾਨਦਾਰ



**ਜਗਰਾਉਂ (ਅਮਿਤ ਖੰਨਾ)**-ਹਮੇਸ਼ਾ ਦੀ ਤਰ੍ਹਾਂ ਸਵਾਮੀ ਰੂਪ ਚੰਦ ਜੈਨ ਸਕੂਲ ਦਾ ਪੰਜਵੀਂ ਦਾ ਨਤੀਜਾ ਬਹੁਤ ਹੀ ਸ਼ਾਨਦਾਰ ਰਿਹਾ।ਪ੍ਰਿੰਸੀਪਲ ਸ਼੍ਰੀਮਤੀ ਰਾਜਪਾਲ ਕੌਰ ਨੇ ਖੁਸ਼ੀ ਜ਼ਾਹਰ ਕਰਦਿਆਂ ਦੱਸਿਆ ਕਿ 30 ਬੱਚਿਆਂ ਤੋਂ ਉੱਪਰ ਬੱਚਿਆਂ ਨੇ 90 ਪ੍ਰਤੀਸ਼ਤ ਤੋਂ ਜ਼ਿਆਦਾ ਅੰਕ ਪ੍ਰਾਪਤ ਕੀਤੇ ਤੇ ਬਾਕੀ ਬੱਚਿਆਂ ਨੇ 80% ਤੋਂ ਜ਼ਿਆਦਾ ਅੰਕ ਲੈ ਕੇ ਸਕੂਲ ਦਾ ਮਾਣ ਵਧਾਇਆ।ਸਕੂਲ ਦੇ ਹੋਣਹਾਰ ਵਿਦਿਆਰਥੀਆਂ ਵਿੱਚ ਮਹਿਕਦੀਪ ਕੌਰ ਨੇ ਪੂਰੇ ਜਗਰਾਉਂ ਵਿੱਚੋਂ 98.4 ਪਤੀਸ਼ਤ ਅੰਕ ਲੈ ਕੇ ਸਕੂਲ 'ਚੋਂ ਪਹਿਲਾ ਸਥਾਨ ਪ੍ਰਾਪਤ ਕਰਕੇ ਆਪਣੇ ਸਕੂਲ ਤੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ।ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੇ ਬਾਕੀ ਵਿਦਿਆਰਥੀਆਂ ਵਿੱਚ ਜੀਆ ਨੇ 98% ਅੰਕ ਲੈ ਕੇ ਕੀਤਾ ਦੂਜਾ, ਮੀਨਾਕਸ਼ੀ 97.4 ਪ੍ਰਤੀਸ਼ਤ, ਦਰਸ਼ਦੀਪ ਸਿੰਘ 96.2 ਪ੍ਰਤੀਸ਼ਤ, ਰਵਨੀਕ ਕੌਰ 96.2 ਪ੍ਰਤੀਸ਼ਤ, ਰਾਜਵੀਰ ਕੌਰ 96 ਪ੍ਰਤੀਸ਼ਤ, ਸੁਮਨ ਕੁਮਾਰ 94.6 ਪ੍ਰਤੀਸ਼ਤ, ਅਮਨਦੀਪ ਸਿੰਘ ਹਾਂਸ 94.4 ਪ੍ਰਤੀਸ਼ਤ, ਰਜਿੰਦਰ ਸਿੰਘ 94.4%, ਮਹਿਕਦੀਪ ਕੌਰ 94.2 ਪ੍ਰਤੀਸ਼ਤ, ਅਮਨ ਕੁਮਾਰ 94 ਪ੍ਰਤੀਸ਼ਤ, ਪਲਕਦੀਪ 94 ਪ੍ਰਤੀਸ਼ਤ, ਸੰਜਨਾ ਨੇ 93. 8 ਪ੍ਰਤੀਸ਼ਤ, ਅਨਮੋਲਦੀਪ ਸਿੰਘ 93.4 ਪ੍ਰਤੀਸ਼ਤ, ਕੀਰਤ ਜੋਤ ਕੌਰ 93 ਪ੍ਰਤੀਸ਼ਤ ਅੰਕ ਲੈ ਕੇ ਆਪਣੇ ਅਧਿਆਪਕਾਂ, ਮਾਪਿਆਂ ਤੇ ਸਕੂਲ ਦਾ ਨਾਮ ਰੌਸ਼ਨ ਕੀਤਾ।ਪ੍ਰਿੰਸੀਪਲ ਸ਼੍ਰੀਮਤੀ ਰਾਜਪਾਲ ਕੌਰ ਤੇ ਸਮੂਹ ਸਕੂਲ ਮੈਨੇਜਮੈਂਟ ਨੇ ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ 'ਤੇ ਮਾਣ ਮਹਿਸੂਸ ਕਰਦਿਆਂ ਉਨ੍ਹਾਂ ਨੂੰ ਵਧਾਈ ਦਿੰਦੇ ਹੋਏ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ।

## ਮਾਨਸਾ ਜ਼ਿਲ੍ਹੇ ਦੀ 32ਵੀਂ ਵਰ੍ਹੇਗੰਢ ਮੌਕੇ ਹੋਵੇਗਾ ਵਿਸਾਖੀ ਮੇਲਾ



**ਮਾਨਸਾ (ਆਤਮਾ ਸਿੰਘ ਪਮਾਰ)**-ਵਾਇਸ ਆਫ਼ ਮਾਨਸਾ ਵੱਲੋਂ ਜ਼ਿਲ੍ਹੇ ਦੀ 32ਵੀਂ ਵਰ੍ਹੇਗੰਢ ਮੌਕੇ 13 ਅਪ੍ਰੈਲ ਨੂੰ ਖਾਲਸਾ ਹਾਈ ਸਕੂਲ ਮਾਨਸਾ ਵਿਖੇ ਵਿਸਾਖੀ ਮੇਲਾ ਕਰਵਾਇਆ ਜਾਵੇਗਾ, ਜਿਸ ਦੌਰਾਨ ਪੰਜਾਬ ਦੇ ਪ੍ਰਸਿੱਧ ਕਲਾਕਾਰ ਆਪਣੀ ਗਾਇਕੀ ਦਾ ਮੁਜ਼ਾਹਰਾ ਕਰਨਗੇ ਤੇ ਸਿੱਖਿਆ, ਸੱਭਿਆਚਾਰ ਸੰਸਥਾਵਾਂ ਵੱਲੋਂ ਗਿੱਧੇ, ਭੰਗੜੇ ਦੀ ਪੇਸ਼ਕਾਰੀ ਵੀ ਕੀਤੀ ਜਾਵੇਗੀ।ਇਸ ਮੌਕੇ ਮਾਨਸਾ ਜ਼ਿਲ੍ਹੇ ਨਾਲ ਸਬੰਧਤ ਉਨ੍ਹਾਂ ਕਲਾਕਾਰਾਂ ਦਾ ਵਿਸ਼ੇਸ਼ ਸਨਮਾਨ ਕੀਤਾ ਜਾ ਰਿਹਾ ਹੈ, ਜਿਨ੍ਹਾਂ ਨੇ ਮਾਨਸਾ ਦਾ ਨਾਮ ਦੇਸ਼-ਵਿਦੇਸ਼ ਪੱਧਰ 'ਤੇ ਰੌਸ਼ਨ ਕੀਤਾ ਹੈ।ਸੰਸਥਾ ਦੇ ਪ੍ਰਧਾਨ ਡਾ. ਜਨਕ ਰਾਜ ਸਿੰਗਲਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ ਵਿਸਾਖੀ ਮੇਲੇ ਸਬੰਧੀ ਵਿਚਾਰ ਵਿਟਾਂਦਰਾ ਕਰਦਿਆਂ ਮਾਣ ਮਹਿਸੂਸ ਕੀਤਾ ਗਿਆ ਕਿ ਜ਼ਿਲ੍ਹੇ ਨੇ ਜਿੱਥੇ ਸਿੱਖਿਆ, ਖੇਡਾਂ ਤੇ ਹੋਰਨਾਂ ਖੇਤਰਾਂ ਵਿੱਚ ਨਾਮਣਾ ਖੱਟਿਆ ਹੈ, ਉਥੇ ਸਾਹਿਤਕ, ਸੱਭਿਆਚਾਰਕ ਖੇਤਰ ਵਿੱਚ ਵੀ ਮੋਹਰੀ ਰਿਹਾ ਹੈ, ਜਿਸ ਕਰਕੇ ਉਨ੍ਹਾਂ ਕਲਾਕਾਰਾਂ, ਹਸਤੀਆਂ ਦਾ ਵਿਸਾਖੀ ਮੇਲੇ ਦੌਰਾਨ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।ਸੱਭਿਆਚਾਰ ਕਮੇਟੀ ਦੇ ਆਗੂਆਂ ਡਾ. ਸੰਦੀਪ ਘੰਡ, ਹਰਿੰਦਰ ਮਾਨਸ਼ਾਹੀਆ, ਬਲਰਾਜ ਮਾਨ, ਰਾਜ ਜੋਸ਼ੀ, ਬਲਜਿੰਦਰ ਸੰਗੀਲਾ, ਹਰਦੀਪ ਸਿੱਧੂ ਨੇ ਦੱਸਿਆ ਕਿ ਮਾਨਸਾ ਜ਼ਿਲ੍ਹੇ ਨਾਲ ਸਬੰਧਤ ਦੂਰ ਦੁਰੇਡੇ ਰਹਿ ਰਹੇ ਸਮੂਹ ਕਲਾਕਾਰਾਂ ਨੂੰ ਸੱਦਾ ਪੱਤਰ ਭੇਜੇ ਜਾ ਰਹੇ ਹਨ, ਤਾਂ ਕਿ ਉਨ੍ਹਾਂ ਦੀ ਅਗਵਾਈ 'ਚ ਮਾਨਸਾ ਵਿਖੇ ਵਿਸਾਖੀ ਮੌਕੇ ਖੂਬ ਰੌਣਕਾਂ ਲੱਗ ਸਕਣ।ਸੰਸਥਾ ਦੇ ਪ੍ਰੋਜੈਕਟ ਕੋਆਰਡੀਨੇਟਰ ਡਾ. ਲਖਵਿੰਦਰ ਮੂਸਾ, ਜਨਰਲ ਸਕੱਤਰ ਵਿਸ਼ਵਦੀਪ ਬਰਾੜ, ਬਲਵਿੰਦਰ ਸਿੰਘ ਕਾਕਾ, ਬਲਰਾਜ ਨੰਗਲ, ਬਿੱਕਰ ਮਘਾਣੀਆਂ, ਨਰਿੰਦਰ ਸ਼ਰਮਾ, ਜਗਸੀਰ ਸਿੰਘ ਢਿੱਲੋਂ ਨੇ ਕਿਹਾ ਕਿ ਵਿਸਾਖੀ ਮੇਲੇ ਦੌਰਾਨ ਵੱਖ-ਵੱਖ ਸਿੱਖਿਆ, ਸੱਭਿਆਚਾਰ ਤੇ ਹੋਰਨਾਂ ਸੰਸਥਾਵਾਂ ਵੱਲੋਂ ਲਾਈਆਂ ਜਾ ਰਹੀਆਂ ਵੱਖ-ਵੱਖ ਪ੍ਰਦਰਸ਼ਨੀਆਂ ਵੀ ਖਿੱਚ ਦਾ ਕੇਂਦਰ ਹੋਣਗੀਆਂ।

### ਮੈਡਮ ਸ਼ਸ਼ੀ ਗਰਗ ਬਣੇ ਕਾਂਗਰਸ ਬਲਾਕ ਪ੍ਰਧਾਨ



**ਸੁਨਾਮ (ਹਾਕਮ ਸਿੰਘ ਭੱਟੀ, ਅਸ਼ੋਕ ਬਾਂਸਲ)**-ਕਾਂਗਰਸ ਵੱਲੋਂ ਆਪਣੇ ਨਵੇਂ ਬਣੇ ਅਹੁਦੇਦਾਰਾਂ ਦੀਆਂ ਲਿਸਟਾਂ ਜਾਰੀ ਕੀਤੀਆਂ ਗਈਆਂ, ਜਿਸ ਵਿੱਚ ਪੰਜਾਬ ਇਸਤਰੀ ਵਿੰਗ ਦੇ ਪ੍ਰਧਾਨ ਮੈਡਮ ਗੁਰਸ਼ਰਨ ਕੌਰ ਰੰਧਾਵਾ ਵੱਲੋਂ ਮੈਡਮ ਸ਼ਸ਼ੀ ਗਰਗ ਨੂੰ ਬਲਾਕ ਪ੍ਰਧਾਨ ਲਾਇਆ ਗਿਆ, ਜਿਸ ਉੱਪਰ ਬਲਾਕ ਦੀਆਂ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ। ਮੈਡਮ ਸ਼ਸ਼ੀ ਗਰਗ ਨੇ ਦੱਸਿਆ ਕਿ ਮੈਂ ਆਪਣੀ ਜ਼ਿੰਮੇਵਾਰੀ ਤਨਦੇਹੀ ਨਾਲ ਨਿਭਾਵਾਂਗੀ ਤੇ ਕਾਂਗਰਸ ਪਾਰਟੀ ਲਈ ਦਿਨ-ਰਾਤ ਇੱਕ ਕਰ ਦੇਵਾਂਗੀ।

## 'ਆਪ' ਪਟਿਆਲਾ ਲੋਕ ਸਭਾ ਸੀਟ 'ਤੇ ਇਤਿਹਾਸਕ ਜਿੱਤ ਦਰਜ ਕਰੇਗੀ : ਦੇਵ ਮਾਨ



**ਨਾਭਾ (ਵਰਿੰਦਰ ਵਰਮਾ)**-ਲੋਕ ਸਭਾ ਚੋਣਾਂ ਨੂੰ ਲੈ ਕੇ ਜ਼ਿਲ੍ਹਾ ਪਟਿਆਲਾ ਦੇ ਸਮੂਹ ਵਿਧਾਇਕਾਂ ਤੇ ਲੋਕ ਸਭਾ ਪਟਿਆਲਾ ਦੇ ਉਮੀਦਵਾਰ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਵਿਸ਼ੇਸ਼ ਮੀਟਿੰਗ ਕੀਤੀ ਤੇ ਕਈ ਮੁੱਦਿਆਂ 'ਤੇ ਵਿਚਾਰ ਵਟਾਂਦਰਾ ਕੀਤਾ।ਇਸ ਮੌਕੇ ਵਿਧਾਇਕ ਦੇਵ ਮਾਨ ਨੇ ਪੱਤਰਕਾਰਾ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਲੋਕ ਸਭਾ ਪਟਿਆਲਾ ਦੀ ਹੋਣ ਵਾਲੀ ਚੋਣ ਵਿੱਚ ਆਮ ਆਦਮੀ ਪਾਰਟੀ ਵੱਡੀ ਲੀਡ ਪ੍ਰਾਪਤ ਕਰਕੇ ਇਤਿਹਾਸਕ ਜਿੱਤ ਦਰਜ ਕਰੇਗੀ ਤੇ ਪਟਿਆਲਾ ਉਮੀਦਵਾਰ ਡਾਕਟਰ ਬਲਬੀਰ ਸਿੰਘ ਨੂੰ ਜ਼ਿਲ੍ਹਾ ਪਟਿਆਲਾ ਦੇ ਲੋਕ ਫਤਵਾ ਦੇ ਕੇ ਲੋਕ ਸਭਾ ਵਿੱਚ ਭੇਜਣਗੇ।ਵਿਧਾਇਕ ਦੇਵ ਮਾਨ ਨੇ ਕਿਹਾ ਕਿ ਪਿਛਲੇ 2 ਸਾਲ ਦੌਰਾਨ ਵੱਡੇ ਫੈਸਲੇ ਲੈ ਕੇ ਪੰਜਾਬ ਦੀ ਬੇਰੁਜ਼ਗਾਰੀ ਨੂੰ ਬਹੁਤ ਹੱਦ ਤੱਕ ਠੱਲ੍ਹ ਪਾਉਣ ਦੀ ਕੋਸ਼ਿਸ਼ ਕੀਤੀ ਗਈ ਹੈ।ਇਸ ਲਈ ਪਟਿਆਲਾ ਲੋਕ ਸਭਾ ਸੀਟ ਹਰ ਹਾਲ ਵਿੱਚ ਆਮ ਆਦਮੀ ਪਾਰਟੀ ਦੀ ਝੋਲੀ ਵਿੱਚ ਪਵੇਗੀ।ਪੰਜਾਬ ਦੇ ਲੋਕ ਸਰਕਾਰ ਵੱਲੋ ਕੀਤੇ ਜਾ ਰਹੇ ਕੰਮਾਂ ਨੂੰ ਪਸੰਦ ਕਰ ਰਹੇ ਹਨ।ਪੰਜਾਬ ਸਰਕਾਰ ਦਾ ਇਕੋ-ਇਕ ਮਿਸ਼ਨ ਪੰਜਾਬ ਨੂੰ ਤਰੱਕੀ ਵੱਲ ਲੈ ਕੇ ਜਾਣਾ ਹੈ।ਇਸ ਮੌਕੇ ਵਿਧਾਇਕ ਦੇਵ ਮਾਨ ਨੇ ਹਲਕਾ ਨਾਭਾ ਦੇ ਵਿਕਾਸ ਕਾਰਜਾਂ ਨੂੰ ਲੈ ਕੇ ਕਈ ਮੁੱਦਿਆਂ 'ਤੇ ਵਿਚਾਰ ਵਟਾਂਦਰਾ ਕੀਤਾ।ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਵਿਸ਼ਵਾਸ ਦਿਵਾਇਆ ਕਿ ਜ਼ਿਲ੍ਹਾ ਪਟਿਆਲਾ ਦੇ ਹਲਕਿਆਂ ਵਿੱਚ ਜੰਗੀ ਪੱਧਰ 'ਤੇ ਵਿਕਾਸ ਕਾਰਜ ਕਰਵਾਏ ਜਾਣਗੇ।ਉਨ੍ਹਾ ਕਿਹਾ ਕਿ ਆਮ ਆਦਮੀ ਪਾਰਟੀ ਦੇ ਸੁਪਰੀਮੋ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਸਾਡਾ ਸਾਰਿਆਂ ਦਾ ਇੱਕੋ ਇੱਕ ਸੁਪਨਾ ਹੈ ਕਿ ਪੰਜਾਬ ਨੂੰ ਰੰਗਲਾ ਪੰਜਾਬ ਬਣਾਇਆ ਜਾ ਸਕੇ।

ਇਸ ਮੀਟਿੰਗ ਵਿੱਚ ਡਾਕਟਰ ਬਲਬੀਰ ਸਿੰਘ ਉਮੀਦਵਾਰ ਲੋਕ ਸਭਾ ਹਲਕਾ ਪਟਿਆਲਾ, ਗੁਰਦੇਵ ਸਿੰਘ ਦੇ ਮਾਨ ਐੱਮ ਐੱਲ ਏ ਨਾਭਾ, ਅਜੀਤ ਪਾਲ ਸਿੰਘ ਕੋਹਲੀ ਐੱਮ ਐੱਲ ਏ ਪਟਿਆਲਾ ਸ਼ਹਿਰੀ, ਕੁਲਵੰਤ ਸਿੰਘ ਬਾਜ਼ੀਗਰ ਐੱਮ ਐੱਲ ਏ ਸ਼ੁਤਰਾਣਾ, ਹਰਮੀਤ ਸਿੰਘ ਪਠਾਣ ਮਾਜਰਾ ਐੱਮ ਐੱਲ ਏ ਸਨੌਰ, ਮੈਡਮ ਨੀਨਾ ਮਿੱਤਲ ਐੱਮ ਐੱਲ ਏ ਰਾਜਪੁਰਾ, ਗੁਰਲਾਲ ਸਿੰਘ ਘਨੌਰ ਐੱਮ ਐੱਲ ਏ ਘਨੌਰ, ਕੁਲਜੀਤ ਸਿੰਘ ਰੰਧਾਵਾ ਐੱਮ ਐੱਲ ਏ ਡੇਰਾ ਬੱਸੀ ਆਦਿ ਨੇ ਮੁੱਖ ਮੰਤਰੀ ਪੰਜਾਬ ਨੂੰ ਵਿਸ਼ਵਾਸ ਦਿਵਾਇਆ ਕਿ ਜ਼ਿਲ੍ਹਾ ਪਟਿਆਲਾ ਦੇ ਲੋਕ ਫਤਵਾ ਦੇਣ ਲਈ ਉਤਾਵਲੇ ਹਨ ਤੇ ਇਹ ਸੀਟ ਆਮ ਆਦਮੀ ਪਾਰਟੀ ਦੀ ਝੋਲੀ ਵਿੱਚ ਪਾਉਣਗੇ।

## ਸਪਰਿੰਗ ਡਿਊ ਸਕੂਲ 'ਚ ਨਵੇਂ ਵਿੱਦਿਅਕ ਵਰ੍ਹੇ ਦੀ ਸ਼ੁਰੂਆਤ



**ਜਗਰਾਉਂ (ਅਮਿਤ ਖੰਨਾ)**-ਇਲਾਕੇ ਦੀ ਪ੍ਰਸਿੱਧ ਸੰਸਥਾ ਸਪਰਿੰਗ ਡਿਊ ਪਬਲਿਕ ਸਕੂਲ ਨਾਨਕਸਰ ਵਿਖੇ ਨਵੇਂ ਵਿੱਦਿਅਕ ਵਰ੍ਹੇ 2024-25 ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਸ੍ਰੀ ਸੁਖਮਣੀ ਸਾਹਿਬ ਜੀ ਦੇ ਪਾਠ ਤੇ ਭੋਗ ਪਾਏ ਗਏ। ਸਮੂਹ ਮਾਤਾ-ਪਿਤਾ ਸਾਹਿਬਾਨ, ਅਧਿਆਪਕ ਤੇ ਵਿਦਿਆਰਥੀਆਂ ਵੱਲੋਂ ਹਾਜ਼ਰੀ ਲਗਾਈ ਗਈ। ਇਕੱਠ ਨੂੰ ਸੰਬੋਧਤ ਕਰਦਿਆਂ ਵਾਇਸ ਪ੍ਰਿੰਸੀਪਲ ਬੇਅੰਤ ਕੁਮਾਰ ਨੇ ਕਿਹਾ ਕਿ ਸਪਰਿੰਗ ਡਿਊ ਸਕੂਲ ਪਿੱਛਲੇ 24 ਸਾਲਾਂ ਤੋਂ ਇਲਾਕੇ ਦੀ ਇੱਕ ਸਿਰਕੱਢ ਸੰਸਥਾ ਹੈ, ਜਿਸ ਵਿੱਚ ਹਜ਼ਾਰਾਂ ਹੀ ਵਿਦਿਆਰਥੀ ਪੜ੍ਹ ਕੇ ਡਾਕਟਰ, ਇੰਜੀਨੀਅਰ ਤੇ ਅਫਸਰ ਬਣ ਚੁੱਕੇ ਹਨ। ਇਸ ਦੇ ਨਾਲ ਹੀ ਹਰ ਸਾਲ ਕਾਫੀ ਵਿਦਿਆਰਥੀ ਬਾਹਰਲੇ ਦੇਸ਼ਾਂ ਵਿੱਚ ਪੜ੍ਹਨ ਲਈ ਜਾਂਦੇ ਹਨ। ਸਕੂਲ ਅਧਿਆਪਕਾਂ ਵੱਲੋਂ ਦਿੱਤੀ ਜਾਣ ਵਾਲੀ ਉਚੇਰੀ ਸਿੱਖਿਆ ਕਾਰਨ ਹੀ ਵਿਦਿਆਰਥੀ ਬਾਰਵੀਂ ਕਲਾਸ ਤੋਂ ਬਾਅਦ ਜਿੱਥੇ ਆਈਲਟਸ ਵਿੱਚ ਵਧੀਆ ਬੈਂਡ ਲੈਂਦੇ ਹਨ, ਉਥੇ ਨਾਲ ਹੀ ਬਾਹਰਲੇ ਮੁਲਕਾਂ ਵਿੱਚ ਪੜ੍ਹ ਕੇ ਆਪਣੇ ਮਾਤਾ-ਪਿਤਾ ਤੇ ਸਕੂਲ ਦਾ ਨਾਮ ਰੋਸ਼ਨ ਕਰਦੇ ਹਨ। ਉਨ੍ਹਾਂ ਸਾਰੇ ਮਾਤਾ-ਪਿਤਾ ਸਾਹਿਬਾਨ, ਅਧਿਆਪਕ ਤੇ ਵਿਦਿਆਰਥੀਆਂ ਨੂੰ ਨਵੇਂ ਸੈਸ਼ਨ ਦੀ ਵਧਾਈ ਦਿੱਤੀ। ਇਸ ਦੇ ਨਾਲ ਹੀ ਪਿਛਲੇ ਸਾਲ ਦੇ ਵਧੀਆ ਰਿਜ਼ਲਟ ਲਈ ਸ਼ੁਕਰਾਨੇ ਤੇ ਨਵੇਂ ਸੈਸ਼ਨ ਲਈ ਅਰਦਾਸ ਬੇਨਤੀ ਕੀਤੀ ਗਈ। ਪ੍ਰਧਾਨ ਮਨਜੋਤ ਕੁਮਾਰ ਨੇ ਕਿਹਾ ਕਿ ਮਾਤਾ ਪਿਤਾ ਸਾਹਿਬਾਨ ਨੂੰ ਵਧੀਆ ਸਕੂਲਾਂ ਵਿੱਚ ਹੀ ਆਪਣੇ ਬੱਚਿਆਂ ਦਾ ਦਾਖਲਾ ਕਰਵਾਉਣਾ ਚਾਹੀਦਾ ਹੈ ਅਤੇ ਦਾਖਲਾ ਕਰਵਾਉਣ ਸਮੇਂ ਉਸ ਅਦਾਰੇ ਕੋਲ ਮਾਨਤਾ ਹੈ ਜਾਂ ਨਹੀਂ, ਇਹ ਜ਼ਰੂਰ ਦੇਖ ਲੈਣਾ ਚਾਹੀਦਾ ਹੈ। ਚੇਅਰਮੈਨ ਬਲਦੇਵ ਬਾਵਾ ਨੇ ਕਿਹਾ ਕਿ ਜਿਵੇਂ 23 ਸਾਲਾਂ ਤੋਂ ਸਕੂਲ ਇਲਾਕੇ ਵਿੱਚ ਵਧੀਆ ਸਿੱਖਿਆ ਪ੍ਰਦਾਨ ਕਰ ਰਿਹਾ ਹੈ, ਉਸੇ ਤਰ੍ਹਾਂ ਆਉਣ ਵਾਲੇ ਸਾਲਾਂ ਵਿੱਚ ਵੀ ਵਧੀਆ ਕਾਰਗੁਜ਼ਾਰੀ ਕਰਦਾ ਰਹੇਗਾ। ਪ੍ਰਿੰਸੀਪਲ ਨਵਨੀਤ ਚੌਹਾਨ ਨੇ ਸਕੂਲ ਦੇ ਨਵੇਂ ਵਿੱਦਿਅਕ ਵਰ੍ਹੇ 'ਤੇ ਸਕੂਲ ਵਿੱਚ ਕਰਵਾਏ ਗਏ ਸ੍ਰੀ ਸੁਖਮਣੀ ਸਾਹਿਬ ਜੀ ਦੇ ਪਾਠ ਤੇ ਆਏ ਸਾਰੇ ਮਾਪੇ ਸਾਹਿਬਾਨ ਤੇ ਅਧਿਆਪਕਾਂ ਨੂੰ ਮੁਬਾਰਕਬਾਦ ਦਿੱਤੀ ਗਈ। ਸਕੂਲ ਪ੍ਰਬੰਧਕੀ ਕਮੇਟੀ ਵੱਲੋਂ ਚੇਅਰਮੈਨ ਬਲਦੇਵ ਬਾਵਾ, ਪ੍ਰਧਾਨ ਮਨਜੋਤ ਕੁਮਾਰ, ਡਾਇਰੈਕਟਰ ਬਹਾਦਰ ਸਿੰਘ ਸਿੱਧੂ (ਯੂ.ਐੱਸ.ਏ.) ਮੈਨੇਜਿੰਗ ਡਾਇਰੈਕਟਰ ਸੁਖਵਿੰਦਰ ਸਿੰਘ, ਮੈਨੇਜਰ ਮਨਦੀਪ ਚੌਹਾਨ ਵੀ ਹਾਜ਼ਰ ਸਨ। ਇਸ ਮੌਕੇ ਮੈਡਮ ਬਲਜੀਤ ਕੌਰ, ਕੁਲਦੀਪ ਕੌਰ, ਜਗਸੀਰ ਸ਼ਰਮਾ, ਰਵਿੰਦਰ ਸਿੰਘ, ਇੰਦਰਪ੍ਰੀਤ ਸਿੰਘ ਆਦਿ ਸਮੇਤ ਪੂਰਾ ਸਟਾਫ ਹਾਜ਼ਰ ਸੀ।

## ਭ੍ਰਿਸ਼ਟਾਚਾਰ ਵਿਰੋਧੀ ਫਰੰਟ ਦੀ ਮੀਟਿੰਗ 'ਚ ਲੋਕ ਮਸਲਿਆਂ 'ਤੇ ਚਰਚਾ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਭ੍ਰਿਸ਼ਟਾਚਾਰ ਵਿਰੋਧੀ ਫਰੰਟ ਦੀ ਇੱਕ ਮੀਟਿੰਗ ਸੀਨੀਅਰ ਮੀਤ ਪ੍ਰਧਾਨ ਨੰਬਰਦਾਰ ਹਰਮਿੰਦਰ ਸਿੰਘ ਗਿੱਲ ਦੀ ਪ੍ਰਧਾਨਗੀ ਵਿੱਚ ਹੋਈ, ਜਿਸ ਵਿੱਚ ਵੱਖ-ਵੱਖ ਮਸਲਿਆਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਮੀਤ ਪ੍ਰਧਾਨ ਗਿੱਲ ਨੇ ਦੱਸਿਆ ਕਿ ਅੱਜਕੱਲ੍ਹ ਬਦਲਦੇ ਮੌਸਮ ਕਾਰਨ ਲੋਕਾਂ ਨੂੰ ਸਿਹਤ ਪ੍ਰਤੀ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉੱਥੇ ਦੂਜੇ ਪਾਸੇ ਫਲ, ਫਰੂਟ ਵੇਚਣ ਵਾਲੇ ਵਿਕ੍ਰੇਤਾ ਆਪਣੀਆਂ ਜੇਬਾਂ ਭਰਨ ਲਈ ਉਨ੍ਹਾਂ ਨੂੰ ਪਕਾਉਣ ਲਈ ਕੈਮੀਕਲ ਦੀ ਵਰਤੋਂ ਕਰ ਰਹੇ ਹਨ, ਜੋ ਕਿ ਮਨੁੱਖੀ ਸਿਹਤ ਲਈ ਬਹੁਤ ਹੀ ਖਤਰਨਾਕ ਹੈ। ਉਨ੍ਹਾ ਕਿਹਾ ਕਿ ਇਸ ਤੋਂ ਇਲਾਵਾ ਸ਼ਹਿਰ ਵਿੱਚ ਹੋਰ ਕਈ ਤਰ੍ਹਾਂ ਦੀਆਂ ਮਿਲਾਵਟੀ ਵਸਤਾਂ ਵੇਚਣ ਦੀਆਂ ਖ਼ਬਰਾਂ ਵੀ ਮਿਲ ਰਹੀਆਂ ਹਨ, ਜਿਨ੍ਹਾਂ ਉੱਪਰ ਸਿਹਤ ਵਿਭਾਗ ਨੂੰ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ। ਉਨ੍ਹਾ ਦੱਸਿਆ ਕਿ ਪਿਛਲੇ ਕਾਫ਼ੀ ਸਮੇਂ ਤੋਂ ਮਾਛੀਵਾੜਾ ਤੋਂ ਵੱਖ-ਵੱਖ ਸ਼ਹਿਰਾਂ ਨੂੰ ਜਾਣ ਵਾਲੀਆਂ ਬੱਸਾਂ ਦੇ ਰੂਟ ਨਹੀਂ ਹਨ, ਜਿਸ ਵਿੱਚ ਮਾਛੀਵਾੜਾ ਤੋਂ ਰੋਪੜ ਵਾਇਆ ਬੇਟ ਇਲਾਕੇ ਦੇ ਪਿੰਡਾਂ 'ਚੋਂ ਜਾਣ ਵਾਲੀ ਬੱਸ ਸਰਵਿਸ ਦਾ ਮਾੜਾ ਹਾਲ ਹੈ, ਜਿਸ ਦਾ ਸਵਾ 4 ਵਜੇ ਤੋਂ ਕੋਈ ਵੀ ਟਾਈਮ ਨਹੀਂ। ਇਸੇ ਤਰ੍ਹਾਂ ਹੀ ਵਾਇਆ ਕੁਹਾੜਾ ਹੋ ਕੇ ਲੁਧਿਆਣਾ ਤੇ ਖੰਨਾ ਤੋਂ ਮਾਛੀਵਾੜਾ ਹੋ ਕੇ ਜੋ ਜੋਧਵਾਲ ਬਸਤੀ ਲੁਧਿਆਣਾ ਨੂੰ ਬੱਸ ਸਰਵਿਸ ਲਗਾਈ ਗਈ ਹੈ, ਉਸ ਦੇ ਵੀ ਹਮੇਸ਼ਾ ਹੀ ਟਾਈਮ ਮਿਸ ਹੁੰਦੇ ਰਹਿੰਦੇ ਹਨ, ਜਿਸ ਕਾਰਨ ਇਸ ਰੂਟ 'ਤੇ ਪੈਂਦੇ ਦਰਜਨਾਂ ਪਿੰਡਾਂ ਦੇ ਲੋਕਾਂ ਨੂੰ ਭਾਰੀ ਪ੍ਰੇਸ਼ਾਨੀਆਂ ਆ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸੰਸਥਾ ਮੰਗ ਕਰਦੀ ਹੈ ਕਿ ਇਨ੍ਹਾਂ ਰੂਟਾਂ 'ਤੇ ਲਗਾਈਆਂ ਬੱਸਾਂ ਦੇ ਟਾਈਮ ਦਰੁਸਤ ਕੀਤੇ ਜਾਣ। ਇਸ ਮੌਕੇ ਮਾ. ਬਖ਼ਸ਼ੀ ਰਾਮ, ਜਗਮੋਹਨ ਸਿੰਘ ਰਹੀਮਾਬਾਦ, ਸੁਰਿੰਦਰ ਸਿੰਘ ਗਿੱਲ, ਮੋਹਣ ਲਾਲ, ਕਰਮਜੀਤ ਲੋਪੋਂ, ਰਜਿੰਦਰ ਸਿੰਘ ਸਮਰਾਲਾ, ਚਮਨ ਲਾਲ ਬੈਂਸ, ਜਗੀਰ ਸਿੰਘ ਲੌਂਗੀਆ, ਸੁਭਾਸ਼ ਚੰਦਰ, ਸੋਮ ਸਿੰਘ, ਬਲਦੇਵ ਸਿੰਘ, ਹਰਭਜਨ ਸਿੰਘ, ਰਮਨ ਕੁਮਾਰ ਮੌਜੂਦ ਸਨ।

## ਸ਼ੇਰੇ ਏ ਪੰਜਾਬ ਅਕਾਲੀ ਦਲ ਨੂੰ ਮਿਲ ਰਿਹੈ ਭਰਵਾਂ ਸਹਿਯੋਗ : ਰਣਸੀਂਹ



ਅਹੁਦੇਦਾਰਾਂ ਤੇ ਮੈਂਬਰਾਂ ਨੂੰ ਸੰਬੋਧਨ ਕਰਦੇ ਕਾਰਜਕਾਰੀ ਪ੍ਰਧਾਨ ਜਥੇਦਾਰ ਬੂਟਾ ਸਿੰਘ ਰਣਸੀਂਹ।

**ਮੋਗਾ (ਇਕਬਾਲ ਸਿੰਘ ਖਹਿਰਾ)**

ਸ਼ੇਰੇ ਏ ਪੰਜਾਬ ਅਕਾਲੀ ਦਲ ਜ਼ਿਲ੍ਹਾ ਮੋਗਾ ਦੇ ਅਹੁਦੇਦਾਰਾਂ ਤੇ ਮੈਂਬਰਾਂ ਦੀ ਮੀਟਿੰਗ ਗੁਰਦੁਆਰਾ ਸਾਹਿਬ ਬੀਬੀ ਕਾਹਨ ਕੌਰ ਜੀ ਵਿਖੇ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਜਥੇਦਾਰ ਬੂਟਾ ਸਿੰਘ ਰਣਸੀਂਹ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਜਥੇਦਾਰ ਬੂਟਾ ਸਿੰਘ ਰਣਸੀਂਹ ਨੇ ਕਿਹਾ ਕਿ ਜਦੋਂ ਦਾ ਸ਼ੇਰੇ ਏ ਪੰਜਾਬ ਅਕਾਲੀ ਦਲ ਬਣਿਆ ਹੈ, ਪੰਜਾਬ ਅੰਦਰ ਲੋਕਾਂ ਦਾ ਪੂਰਾ ਸਾਥ ਮਿਲ ਰਿਹਾ ਹੈ। ਪੰਜਾਬੀਆਂ ਨੇ ਕਾਂਗਰਸ, ਬਾਦਲ ਦਲ ਦੇ ਰਾਜਾਂ ਤੋਂ ਅੱਕੇ ਲੋਕਾਂ ਨੇ ਪੰਜਾਬ ਅੰਦਰ ਤੀਸਰੀ ਧਿਰ ਲੈ ਕੇ ਆਂਦੀ ਸੀ, ਪਰ ਅੱਜ ਤੱਕ ਆਮ ਆਦਮੀ ਪਾਰਟੀ ਸਰਕਾਰ ਨੇ ਵੀ ਪੰਜਾਬ ਦਾ ਕੋਈ ਭਲਾ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਹੱਕੀ ਮੰਗਾਂ ਜੋ ਕਿ ਚੰਡੀਗੜ੍ਹ ਪੰਜਾਬ ਨੂੰ ਮਿਲੇ, ਪੰਜਾਬ ਦਾ ਪਾਣੀ ਪੰਜਾਬ ਕੋਲ ਰਹੇ, ਪੰਜਾਬ ਦੇ ਹੈਡਵਰਕਸ ਪੰਜਾਬ ਦੇ ਹਵਾਲੇ ਕੀਤੇ ਜਾਣ ਤੇ ਧਰਮ ਯੁੱਧ ਮੋਰਚੇ ਦੀਆਂ ਮੰਗਾਂ ਪੂਰੀਆਂ ਕਰਵਾਉਣ ਲਈ ਪੰਜਾਬੀ ਸਿੱਖ ਨੌਜਵਾਨ ਲੰਮੇ ਸਮੇਂ ਤੋਂ ਜੇਲ੍ਹਾਂ ਵਿੱਚ ਬੰਦ ਹਨ। ਰਣਸੀਂਹ ਨੇ ਕਿਹਾ ਕਿ 2027 ਵਿੱਚ ਪੰਜਾਬ ਅੰਦਰ ਕੇਸਰੀ ਨਿਸ਼ਾਨ ਹੇਠਾਂ ਪੰਜਾਬੀਆਂ ਦੀ ਸਰਕਾਰ ਬਣਾ ਕੇ ਪੰਜਾਬ ਅੰਦਰ ਨਸ਼ੇ ਖਤਮ ਕਰਕੇ ਪੜ੍ਹੇ ਲਿਖੇ ਬੱਚਿਆਂ ਨੂੰ ਨੌਕਰੀਆਂ ਤੇ ਆਪਣੇ ਨਿੱਜੀ ਕਿੱਤੇ ਚਲਾ ਕੇ ਦੇਵਾਂਗੇ। ਉਨਾਂ ਕਿਹਾ ਕਿ ਪੰਜਾਬ ਨੂੰ ਮੁੜ ਪਹਿਲਾਂ ਵਾਲਾ ਪੰਜਾਬ ਬਣਾ ਕੇ ਪੰਜਾਬੀਆਂ ਨੂੰ ਕਰਜ਼ ਮੁਕਤ ਕਰਾਂਗੇ। ਇਸ ਮੌਕੇ ਹਰਚਰਨ ਸਿੰਘ ਚੂਹੜਚੱਕ, ਭੁਪਿੰਦਰ ਸਿੰਘ ਵੜੈਚ ਮੋਗਾ, ਹਰਪ੍ਰੀਤ ਸਿੰਘ ਧੱਲੇਕੇ, ਜੀਤ ਸਿੰਘ ਕੋਰੇਵਾਲਾ, ਭੁਪਿੰਦਰ ਸਿੰਘ ਢਿੱਲੋਂ, ਜੱਗਾ ਡਾਲਾ, ਲਾਭ ਸਿੰਘ ਡਾਲਾ, ਗਿਆਨੀ ਭੁਪਿੰਦਰ ਸਿੰਘ ਮੋਗਾ, ਸਹਿਲ ਪ੍ਰੀਤ ਸੰਧੂ, ਮੋਹਣ ਸਿੰਘ ਰਾਮਾ, ਰਣਜੀਤ ਸਿੰਘ ਤਲਵੰਡੀ, ਦਰਸ਼ਨ ਸਿੰਘ ਦੋਧਰ, ਵਕੀਲ ਸਿੰਘ ਕਾਲੀਏ ਵਾਲਾ, ਗੁਰਚਰਨ ਸਿੰਘ, ਬਿੰਦਰ ਸਿੰਘ ਢਿਲਵਾਂ, ਸਵਰਨ ਸਿੰਘ ਵੱਡਾ ਘਰ, ਜਥੇਦਾਰ ਮੰਗਲ ਸਿੰਘ ਵੱਡਾ ਘਰ, ਗੁਰਮੇਲ ਸਿੰਘ ਕਪੂਰੇ, ਸ਼ਮਸ਼ੇਰ ਸਿੰਘ ਮਾਛੀਕੇ, ਵਿਨੋਦ ਕੁਮਾਰ, ਗੁਰਚਰਨ ਸਿੰਘ ਬਾਘਾ ਪੁਰਾਣਾ, ਜਸਮੇਲ ਸਿੰਘ ਮੋਗਾ ਆਦਿ ਹਾਜ਼ਰ ਸਨ।

## ਦੇਵ ਸਮਾਜ ਕਾਲਜ ਦੇ ਫਾਇਨ ਆਰਟਸ ਵਿਭਾਗ ਵੱਲੋਂ ਵਰਕਸ਼ਾਪ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਦੇਵ ਸਮਾਜ ਕਾਲਜ ਫ਼ਾਰ ਵੂਮੈਨ ਫ਼ਿਰੋਜ਼ਪੁਰ ਦੇ ਚੇਅਰਮੈਨ ਨਿਰਮਲ ਸਿੰਘ ਢਿੱਲੋਂ ਦੀ ਛਤਰ ਛਾਇਆ ਤੇ ਡਾ. ਸੰਗੀਤਾ, ਕਾਰਜਕਾਰੀ ਪ੍ਰਿੰਸੀਪਲ ਦੀ ਯੋਗ ਅਗਵਾਈ ਹੇਠ ਕਾਲਜ ਲਗਾਤਾਰ ਤਰੱਕੀ ਦੀਆਂ ਲੀਹਾਂ 'ਤੇ ਅੱਗੇ ਵੱਧ ਰਿਹਾ ਹੈ।1934 ਤੋਂ ਕਾਲਜ ਨਾਰੀ ਦੇ ਸਸ਼ਕਤੀਕਰਨ ਲਈ ਲਗਾਤਾਰ ਯਤਨ ਕਰਦਾ ਆ ਰਿਹਾ ਹੈ।ਦੇਵ ਸਮਾਜ ਕਾਲਜ ਆਧੁਨਿਕਤਾ ਤੇ ਪ੍ਰੰਪਰਾ ਦਾ ਇੱਕ ਸ਼ਾਨਦਾਰ ਸੁਮੇਲ ਹੈ ਤੇ ਇੱਕ ਅਮੀਰ ਇਤਿਹਾਸ ਦੇ ਨਾਲ ਉੱਤਰੀ ਭਾਰਤ ਦੀ ਇੱਕ ਪ੍ਰਮੁੱਖ ਵਿੱਦਿਅਕ ਸੰਸਥਾ ਹੈ।ਇਸੇ ਲੜੀ ਤਹਿਤ ਕਾਲਜ ਵਿੱਚ ਫਾਇਨ ਆਰਟਸ ਵਿਭਾਗ ਵੱਲੋਂ 3 ਦਿਨਾਂ ਦੀ ਓਇਲ ਪੇਂਟਿੰਗ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ।

ਇਸ ਵਰਕਸ਼ਾਪ ਵਿੱਚ ਸਾਬਕਾ ਵਿਦਿਆਰਥਣ ਸ਼ੀਨਮ ਬਾਲਾ, ਆਰਟਿਸਟ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਵਿਦਿਆਰਥਣਾਂ ਨਾਲ ਆਪਣੇ ਪੇਂਟਿੰਗ ਨਾਲ ਸਬੰਧਤ ਤਜਰਬਿਆਂ ਨੂੰ ਸਾਂਝਾ ਕੀਤਾ।ਵਿਭਾਗ ਦੇ ਮੁਖੀ ਸੰਦੀਪ ਸਿੰਘ ਨੇ ਦੱਸਿਆ ਕਿ ਵਰਕਸ਼ਾਪ ਦੇ 3 ਦਿਨਾਂ ਵਿੱਚ ਵਿਦਿਆਰਥਣਾਂ ਨੂੰ ਕਲਰ ਦੀ ਉਚੇਰੇ ਢੰਗ ਨਾਲ ਵਰਤੋਂ ਕਰਕੇ ਪੋਟਰੇਟ, ਲੈਂਡਸਕੇਪ, ਮਾਡਰਨ ਆਰਟ, ਐਪਸਰੇਕਟ ਪੇਂਟਿੰਗ, ਫਲਾਵਰ ਪੇਂਟਿੰਗ ਆਦਿ ਕਲਾ ਦੇ ਪ੍ਰਦਰਸ਼ਨ ਵਿੱਚ ਸਹਾਇਕ ਜਾਣਕਾਰੀ ਮੁਹੱਈਆ ਕਰਵਾਈ ਗਈ।ਇਸ ਵਰਕਸ਼ਾਪ ਵਿੱਚ ਵਿਦਿਆਰਥਣਾਂ ਨੇ ਬੜੇ ਹੀ ਉਤਸ਼ਾਹ ਪੂਰਵਕ ਭਾਗ ਲੈ ਕੇ ਇਸ ਵਰਕਸ਼ਾਪ ਦਾ ਪੂਰਾ ਲਾਭ ਲਿਆ ਤੇ ਵਿਦਿਆਰਥਣਾਂ ਨੇ ਆਪਣੀਆਂ ਭਾਵਨਾਵਾਂ ਨੂੰ ਰੰਗਾ ਦੁਆਰਾ ਕੈਨਵਸ ਉੱਤੇ ਉਤਾਰਿਆ।ਇਸ ਮੌਕੇ ਮੁੱਖ ਮਹਿਮਾਨ ਵਜੋਂ ਪ੍ਰਿੰਸੀਪਲ ਡਾ. ਸੰਗੀਤਾ ਨੇ ਸ਼ਿਰਕਤ ਕਰਦੇ ਹੋਏ ਵਿਦਿਆਰਥਣਾਂ ਦੀਆਂ ਹੱਥੀਂ ਬਣਾਈਆਂ ਪੇਂਟਿੰਗਜ਼, ਲੈਂਡਸਕੇਪ, ਮਾਡਰਨ, ਐਪਸਰੇਕਟ, ਫਲਾਵਰ ਪੇਂਟਿੰਗ ਆਦਿ ਕੀਤੇ ਕੰਮਾਂ ਦੀ ਸਰਾਹਨਾ ਕੀਤੀ।ਡਾ. ਸੰਗੀਤਾ ਪ੍ਰਿੰਸੀਪਲ ਨੇ ਵਿਭਾਗ ਦੇ ਮੁਖੀ ਸੰਦੀਪ ਸਿੰਘ ਨੂੰ ਇਸ 3 ਦਿਨਾਂ ਦੀ ਵਰਕਸ਼ਾਪ ਦੇ ਸਫਲ ਆਯੋਜਨ 'ਤੇ ਵਧਾਈ ਦਿੱਤੀ।ਇਸ ਮੌਕੇ ਚੇਅਰਮੈਨ ਨਿਰਮਲ ਸਿੰਘ ਢਿੱਲੋਂ ਨੇ ਆਪਣੀਆਂ ਸ਼ੁੱਭ-ਕਾਮਨਾਵਾਂ ਦਿੱਤੀਆਂ।

5-April-PAGE-8.qxd 4/4/2024 10:44 PM Page 1



# ਕਮਿਸ਼ਨਰੇਟ ਪੁਲਸ ਨੇ ਨੌਜਵਾਨ 'ਤੇ ਜਾਨਲੇਵਾ ਹਮਲਾ ਕਰਨ ਦੇ ਦੋਸ਼ 'ਚ ਚਾਰ ਨੂੰ ਕੀਤਾ ਗ੍ਰਿਫ਼ਤਾਰ




**ਜਲੰਧਰ (ਸ਼ੈਲੀ ਐਲਬਰਟ)**-ਪੁਲਸ ਕਮਿਸ਼ਨਰ ਸਵਪਨ ਸ਼ਰਮਾ ਦੀ ਅਗਵਾਈ ਵਿਚ ਜਲੰਧਰ ਕਮਿਸ਼ਨਰੇਟ ਪੁਲਸ ਨੇ ਇਕ ਕਿਸਾਨ 'ਤੇ ਜਾਨਲੇਵਾ ਹਮਲਾ ਕਰਕੇ ਉਸ ਨੂੰ ਗੰਭੀਰ ਜ਼ਖ਼ਮੀ ਕਰਨ ਦੇ ਦੋਸ਼ ਵਿਚ ਚਾਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ।ਇਸ ਸਬੰਧੀ ਪੁਲਸ ਕਮਿਸ਼ਨਰ ਨੇ ਦੱਸਿਆ ਕਿ 30 ਮਾਰਚ 2024 ਨੂੰ 30 ਸਾਲਾ ਕਿਸਾਨ ਰਾਜਦੀਪ ਸਿੰਘ ਸ਼ਾਮ 5 ਵਜੇ ਦੇ ਕਰੀਬ ਰਾਸ਼ਨ ਖਰੀਦਣ ਲਈ ਮੰਡੀ ਵਿੱਚ ਗਿਆ ਸੀ। ਉਸ ਨੇ ਦੱਸਿਆ ਕਿ ਰਾਤ ਕਰੀਬ 9 ਵਜੇ ਉਸ ਦੇ ਮਾਪਿਆਂ ਨੂੰ ਪਤਾ ਲੱਗਾ ਕਿ ਉਸ ਨੂੰ ਗੰਭੀਰ ਸੱਟਾਂ ਲੱਗਣ ਕਾਰਨ ਜੌਹਲ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਪੁਲਸ ਕਮਿਸ਼ਨਰ ਨੇ ਦੱਸਿਆ ਕਿ ਸੂਚਨਾ ਮਿਲਦੇ ਹੀ ਪੁਲਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ।ਪੁਲਸ ਕਮਿਸ਼ਨਰ ਨੇ ਦੱਸਿਆ ਕਿ ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਰਾਜਦੀਪ ਸਿੰਘ ਨਸ਼ੇ ਦਾ ਆਦੀ ਸੀ ਅਤੇ ਨਸ਼ਾ ਖਰੀਦਣ ਨੂੰ ਲੈ ਕੇ ਐਂਥਨੀ ਅਤੇ ਉਸ ਦੀ ਪਤਨੀ ਨਾਲ ਝਗੜਾ ਹੋਇਆ ਸੀ। ਉਨ੍ਹਾਂ ਦੱਸਿਆ ਕਿ ਲੜਾਈ ਕਾਰਨ ਰਾਜਦੀਪ ਨੇ ਜੋੜੇ ਨੂੰ ਪੈਸੇ ਵੀ ਵਾਪਸ ਨਹੀਂ ਕੀਤੇ ਸਨ। ਸਵਪਨ ਸ਼ਰਮਾ ਨੇ ਦੱਸਿਆ ਕਿ ਜੋੜੇ ਨੇ ਕਿਸਾਨ ਨੂੰ ਜਾਨਲੇਵਾ ਧਮਕੀਆਂ ਦਿੱਤੀਆਂ ਸਨ ਅਤੇ ਅਦਾਇਗੀ ਨਾ ਕਰਨ 'ਤੇ ਭਵਿੱਖ ਵਿੱਚ ਉਸ 'ਤੇ ਹਮਲਾ ਕਰਨ ਦੀ ਧਮਕੀ ਦਿੱਤੀ ਸੀ।ਪੁਲਸ ਕਮਿਸ਼ਨਰ ਨੇ ਦੱਸਿਆ ਕਿ 30 ਅਪ੍ਰੈਲ ਨੂੰ ਰਾਜਦੀਪ 'ਤੇ ਐਂਥਨੀ, ਡੈਨੀਅਲ, ਰਾਮਾ, ਮੁਨੀਸ਼, ਵਿਸ਼ਾਲ, ਚੰਦਨ ਅਤੇ ਹੋਰ ਅਣਪਛਾਤੇ ਵਿਅਕਤੀਆਂ ਨੇ ਹਮਲਾ ਕੀਤਾ ਸੀ। ਉਨ੍ਹਾਂ ਦੱਸਿਆ ਕਿ ਤਫਤੀਸ਼ ਦੇ ਆਧਾਰ 'ਤੇ ਉਨ੍ਹਾਂ ਵਿਰੁੱਧ ਥਾਣਾ ਸਦਰ ਜਲੰਧਰ ਵਿਖੇ ਐਫ ਆਈ ਆਰ ਦਰਜ ਕੀਤੀ ਗਈ ਸੀ। ਸਵਪਨ ਸ਼ਰਮਾ ਨੇ ਦੱਸਿਆ ਕਿ ਪੁਲਸ ਨੇ ਮੁਨੀਸ਼ ਉਰਫ਼ ਮਨੀ ਪੁੱਤਰ ਰਾਕੇਸ਼ ਵਾਸੀ ਨੇੜੇ ਸ਼ਹੀਦਾਂ ਦਾ ਗੁਰਦੁਆਰਾ ਪਿੰਡ ਸੰਸਾਰਪੁਰ ਥਾਣਾ ਕੈਂਟ ਜਲੰਧਰ, ਡੇਨੀ ਉਰਫ਼ ਡੇਨੀ ਪੁੱਤਰ ਜਾਮਾ ਵਾਸੀ ਪਿੰਡ ਸੰਸਾਰਪੁਰ ਥਾਣਾ ਕੈਂਟ ਜਲੰਧਰ, ਚੰਦਰ ਉਰਫ਼ ਚੰਦੂ ਵਾਸੀ ਪਿੰਡ ਸੰਸਾਰਪੁਰ ਥਾਣਾ ਕੈਂਟ ਜਲੰਧਰ, ਮਦਨ ਸਿੰਘ ਵਾਸੀ ਪਿੰਡ ਸ਼ਾਹਪੁਰ ਜਲੰਧਰ ਅਤੇ ਵਿਸ਼ਾਲ ਗਿੱਲ ਉਰਫ ਅੱਲੂ ਪੁੱਤਰ ਅਲਵੇਨ ਵਾਸੀ ਪਿੰਡ ਸ਼ਾਹਪੁਰ ਜਲੰਧਰ ਨੂੰ ਗ੍ਰਿਫ਼ਤਾਰ ਕੀਤਾ ਹੈ।

# ਮਾਤਾ ਸਾਹਿਬ ਕੌਰ ਖਾਲਸਾ ਸਕੂਲ ਢੰਡੋਵਾਲ 'ਚ ਨਵੇਂ ਸੈਸ਼ਨ ਦੀ ਸ਼ੁਰੂਆਤ



**ਸ਼ਾਹਕੋਟ (ਗਿਆਨ ਸੈਦਪੁਰੀ)**- ਮਾਤਾ ਸਾਹਿਬ ਕੌਰ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਢੰਡੋਵਾਲ (ਸ਼ਾਹਕੋਟ) ਵਿਖੇ ਨਵੇਂ ਸੈਸ਼ਨ ਦੀ ਸ਼ੁਰੂਆਤ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਵੱਲੋਂ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਕੇ ਕੀਤੀ ਗਈ। ਇਸ ਮੌਕੇ ਸਟਾਫ਼ ਅਤੇ ਵਿਦਿਆਰਥੀਆਂ ਨੇ ਗੁਰਬਾਣੀ ਜਾਪ ਕੀਤਾ ਅਤੇ ਆਉਂਦੇ ਸੈਸ਼ਨ ਦੀ ਕਾਮਯਾਬੀ ਲਈ ਅਰਦਾਸ ਕੀਤੀ। ਇਸ ਮੌਕੇ ਸਕੂਲ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਲਦੇਵ ਸਿੰਘ ਚੱਠਾ ਨੇ ਕਿਹਾ ਕਿ ਸਕੂਲ ਵਿੱਚ ਜਿੱਥੇ ਸੈਸ਼ਨ ਦੀ ਆਰੰਭਤਾ ਮੌਕੇ ਵਾਹਿਗੁਰੂ ਜੀ ਦਾ ਓਟ ਆਸਰਾ ਲਿਆ ਜਾਂਦਾ ਹੈ ਉਥੇ ਹੀ ਸਕੂਲ ਦੀ ਚੜ੍ਹਦੀ ਕਲਾ ਵਾਸਤੇ ਹਰ ਸੰਗਰਾਂਦ ਮੌਕੇ ਸਕੂਲ ਵਿੱਚ ਬਣੇ ਗੁਰਦੁਆਰਾ ਸਾਹਿਬ ਵਿਖੇ ਗੁਰਬਾਣੀ ਦੇ ਜਾਪ ਕਰਵਾਏ ਜਾਂਦੇ ਹਨ। ਉਨ੍ਹਾ ਨਵੇਂ ਸੈਸ਼ਨ ਦੀ ਸ਼ੁਰੂਆਤ ਮੌਕੇ ਸਮੂਹ ਵਿਦਿਆਰਥੀਆਂ ਨੂੰ ਪੂਰੀ ਲਗਨ ਤੇ ਮਿਹਨਤ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਤ ਕੀਤਾ। ਸਕੂਲ ਪ੍ਰਿੰਸੀਪਲ ਰੇਖਾ ਸ਼ਰਮਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਹਰ ਸਫ਼ਲਤਾ ਦਾ ਸਿਰਫ਼ ਇੱਕ ਹੀ ਮੰਤਰ ਹੁੰਦਾ ਹੈ ਤੇ ਉਹ ਹੈ ਸਖ਼ਤ ਮਿਹਨਤ। ਉਨ੍ਹਾ ਵਿਦਿਆਰਥੀਆਂ ਨੂੰ ਸਖ਼ਤ ਮਿਹਨਤ ਕਰਕੇ ਬੁਲੰਦੀਆਂ ਹਾਸਲ ਕਰਨ ਲਈ ਪ੍ਰੇਰਿਤ ਕਰਦਿਆਂ ਨਵੇਂ ਸੈਸ਼ਨ ਦੀ ਵਧਾਈ ਦਿੱਤੀ ਤੇ ਵਿਦਿਆਰਥੀਆਂ ਨੂੰ ਸ਼ੁੱਭਕਾਮਨਾਵਾਂ ਵੀ ਦਿੱਤੀਆਂ। ਇਸ ਮੌਕੇ ਪ੍ਰਬੰਧਕ ਕਮੇਟੀ ਦੇ ਮੈਂਬਰ, ਸਮੂਹ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ।

# ਦੋਆਬਾ ਸਾਹਿਤ ਤੇ ਸਮਾਜਿਕ ਕੇਂਦਰ ਦੇ ਮੈਂਬਰਾਂ ਅਟਾਰੀ-ਵਾਹਗਾ ਬਾਰਡਰ 'ਤੇ ਮਾਣਿਆ ਪਰੇਡ ਦਾ ਅਨੰਦ



**ਫਗਵਾੜਾ (ਡਾ. ਰਮਨ)**- ਦੋਆਬਾ ਸਾਹਿਤ ਅਤੇ ਸਮਾਜਿਕ ਕੇਂਦਰ ਫਗਵਾੜਾ ਵਲੋਂ ਰਵਿੰਦਰ ਸਿੰਘ ਪ੍ਰਧਾਨ ਅਤੇ ਚੇਅਰਮੈਨ ਜਤਿੰਦਰ ਸਿੰਘ ਖਾਲਸਾ ਦੀ ਅਗਵਾਈ ਹੇਠ ਅਟਾਰੀ-ਵਾਹਗਾ ਬਾਰਡਰ ਦੀ ਯਾਤਰਾ ਦਾ ਆਯੋਜਨ ਕੀਤਾ ਗਿਆ। ਇਸ ਯਾਤਰਾ 'ਚ ਸਭਾ ਦੇ ਮੈਂਬਰਾਂ ਪੂਰੇ ਉਤਸ਼ਾਹ ਨਾਲ ਪਰਵਾਰਾਂ ਸਮੇਤ ਸ਼ਾਮਲ ਹੋਏ। ਇਸ ਯਾਤਰਾ 'ਚ ਕੁਦਰਤ ਕਲਿਆਣ ਕੇਂਦਰ ਫਗਵਾੜਾ ਦੇ ਮੈਂਬਰਾਂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਪ੍ਰਧਾਨ ਰਵਿੰਦਰ ਸਿੰਘ ਰਾਏ ਅਨੁਸਾਰ ਇਸ ਯਾਤਰਾ ਦਾ ਪਹਿਲਾ ਪੜਾਅ ਜੰਗੇ ਆਜ਼ਾਦੀ ਯਾਦਗਾਰ ਕਰਤਾਰਪੁਰ ਸੀ। ਸਮੂਹ ਮੈਂਬਰਾਂ ਨੇ ਦੇਸ਼ ਦੀ ਆਜ਼ਾਦੀ ਲਈ ਅਦੁੱਤੀ ਕੁਰਬਾਨੀ ਦੇਣ ਵਾਲੇ ਸ਼ਹੀਦਾਂ ਦੀਆਂ ਯਾਦਗਾਰਾਂ, ਪੰਜਾਬੀ ਸੱਭਿਆਚਾਰ ਦੀਆਂ ਖ਼ੂਬਸੂਰਤ ਮੂਰਤੀਆਂ ਦਾ ਆਨੰਦ ਮਾਣਿਆ। ਬੱਚਿਆਂ ਨੂੰ ਇਸ ਯਾਦਗਾਰ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ। ਯਾਤਰਾ ਦਾ ਅਗਲਾ ਪੜਾਅ ਪਾਕਿਸਤਾਨ ਨਾਲ ਲਗਦੀ ਅਟਾਰੀ-ਵਾਹਗਾ ਸਰਹੱਦ ਸੀ। ਸਮੂਹ ਮੈਂਬਰਾਂ ਨੇ ਦੇਸ਼ ਭਗਤੀ ਦੇ ਗੀਤ ਗਾਉਂਦੇ ਅਤੇ ਨਾਅਰੇ ਲਗਾਉਂਦੇ ਹੋਏ ਹੋਏ ਰਿਟਰੀਟ ਸੈਰੇਮਨੀ ਦਾ ਆਨੰਦ ਮਾਣਿਆ। ਭਾਰਤ-ਪਾਕਿਸਤਾਨ ਬਾਰਡਰ ਦੇ ਖੁੱਲ੍ਹਦੇ ਗੇਟ ਅਤੇ ਬੀ.ਐਸ.ਐਫ. ਦੇ ਜਵਾਨਾਂ ਦੀ ਪਰੇਡ ਨੂੰ ਦੇਖਣਾ ਯਾਦਗਾਰ ਅਹਿਸਾਸ ਸੀ। ਇਸ ਯਾਤਰਾ ਵਿਚ ਡਾ. ਐਸ.ਪੀ. ਮਾਨ, ਤਰਸੇਮ ਸਿੰਘ ਗੌਂਸਪੁਰ, ਪ੍ਰੈਸ ਸਕੱਤਰ ਅਸ਼ੋਕ ਸ਼ਰਮਾ, ਚਮਨ ਲਾਲ ਖੋਸਲਾ, ਮਧੂ ਬਾਲਾ ਪਲਾਹੀ, ਲਵਪ੍ਰੀਤ ਸਿੰਘ ਰਾਏ, ਖੁਸ਼ਪ੍ਰੀਤ ਕੌਰ ਰਾਏ, ਡਾ. ਅਸ਼ੋਕ ਸਾਗਰ, ਹਰਵਿੰਦਰ ਸਿੰਘ, ਇੰਦਰਜੀਤ ਸਿੰਘ ਲੱਕੀ ਤੋਂ ਇਲਾਵਾ ਉਨ੍ਹਾਂ ਦੇ ਪਰਵਾਰਕ ਮੈਂਬਰ ਸ਼ਾਮਲ ਸਨ। ਇਸ ਯਾਤਰਾ ਦੌਰਾਨ ਕੁਦਰਤ ਕਲਿਆਣ ਕੇਂਦਰ ਦੇ ਸਹਿਯੋਗ ਨਾਲ ਫੁੱਲਾਂ ਵਾਲੇ ਤੇ ਫਲਾਂ ਵਾਲੇ ਬੂਟੇ ਵੀ ਲਗਾਏ ਗਏ।

# ਫਲਾਈ ਹਾਈ ਐਜੂਕੇਸ਼ਨਲ ਐਂਡ ਕੰਸਲਟੈਂਟਸ ਫਰਮ ਦਾ ਲਾਇਸੰਸ ਰੱਦ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ(ਕ੍ਰਿਸ਼ਨ ਗਰਗ)**- ਪੰਜਾਬ ਟਰੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ ਐਕਟ-2012 ਦੇ ਸੈਕਸ਼ਨ 6 (1) (ਈ) ਤਹਿਤ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਵਿਰਾਜ ਸ਼ਿਆਮਕਰਨ ਤਿੜਕੇ ਵੱਲੋਂ ਫਲਾਈ ਹਾਈ ਐਜੂਕੇਸ਼ਨਲ ਐਂਡ ਕੰਸਲਟੈਂਟਸ ਫਰਮ ਦਾ ਲਾਇਸੰਸ ਰੱਦ ਕਰ ਦਿੱਤਾ ਗਿਆ ਹੈ।ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਵਿਰਾਜ ਸ਼ਿਆਮਕਰਨ ਤਿੜਕੇ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਫਲਾਈ ਹਾਈ ਐਜੂਕੇਸ਼ਨਲ ਐਂਡ ਕੰਸਲਟੈਂਟਸ ਫਰਮ ਐਸ.ਸੀ.ਐਫ. ਨੰਬਰ 88, ਗਰਾਊਂਡ ਫਲੋਰ, ਫੇਜ਼-3ਬੀ 2, ਮੋਹਾਲੀ, ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਮਾਲਕ ਭਵਖੰਡਨ ਸਿੰਘ ਟਿਵਾਣਾ ਪੁੱਤਰ ਹਰਦੀਪ ਸਿੰਘ ਵਾਸੀ ਮਕਾਨ ਨੰ: 52, ਸੈਕਟਰ-70, ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਨੂੰ ਕੋਚਿੰਗ ਇੰਸਟੀਚਿਊਟ ਆਫ ਆਇਲਟਸ ਦੇ ਕੰਮ ਲਈ ਲਾਇਸੰਸ ਨੰ: 47 ਐਮ.ਸੀ.-2 ਮਿਤੀ 24 ਅਗਸਤ 2016 ਨੂੰ ਜਾਰੀ ਕੀਤਾ ਗਿਆ ਸੀ, ਜਿਸ ਦੀ ਮਿਆਦ 23 ਅਗਸਤ 2021 ਨੂੰ ਖਤਮ ਹੋ ਚੁੱਕੀ ਹੈ।

ਉਕਤ ਐਕਟ ਤਹਿਤ ਬਣਾਏ ਰੂਲਜ਼ 4(6) ਅਤੇ ਇਸ ਵਿੱਚ ਸੋਧਾਂ ਸਬੰਧੀ ਸਰਕਾਰ ਦੀ ਨੋਟੀਫਿਕੇਸ਼ਨ ਮਿਤੀ 16-09-2014 ਦੇ ਰੂਲ ਨੰ: 04 ਅਤੇ ਅਡਵਾਈਜ਼ਰੀ ਮਿਤੀ 14-05-2018 ਦੀ ਮੱਦ ਨੰ: 13 ਵਿੱਚ ਕਲਾਇੰਟਾਂ ਸਬੰਧੀ ਭੇਜੀ ਜਾਣ ਵਾਲੀ ਮਹੀਨਾਵਾਰ ਰਿਪੋਰਟ ਭੇਜਣ ਲਈ ਲਿਖਿਆ ਗਿਆ ਸੀ। ਇਸ ਤੋਂ ਇਲਾਵਾ ਫਰਮ/ਕੰਪਨੀ ਵੱਲੋਂ ਬਿਜ਼ਨਸ ਸਬੰਧੀ ਦਿੱਤੇ ਜਾਣ ਵਾਲੇ ਇਸ਼ਤਿਹਾਰ ਆਦਿ ਸਬੰਧੀ ਮੁਕੰਮਲ ਜਾਣਕਾਰੀ ਵੀ ਉਕਤ ਐਕਟ ਦੀ ਧਾਰਾ 7 ਤਹਿਤ ਦਿੱਤੀ ਸੀ।ਇਸ ਲਈ ਉਕਤ ਤੱਥਾਂ ਦੇ ਸਨਮੁੱਖ ਪੰਜਾਬ ਟਰੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ ਐਕਟ-2012 ਦੇ ਸੈਕਸ਼ਨ 6 (1) ਦੇ ਉਪਬੰਧਾਂ ਤਹਿਤ ਮਿਲੀਆ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਫਰਮ, ਫਲਾਈ ਹਾਈ ਐਜੂਕੇਸ਼ਨਲ ਐਂਡ ਕੰਸਲਟੈਂਟਸ ਫਰਮ ਐਸ.ਸੀ.ਐਫ. ਨੰਬਰ 88, ਗਰਾਊਂਡ ਫਲੋਰ, ਫੇਜ਼- 3ਬੀ 2, ਮੋਹਾਲੀ, ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਨੂੰ ਕੋਚਿੰਗ ਇੰਸਟੀਚਿਊਟ ਆਫ ਆਇਲਟਸ ਦੇ ਕੰਮ ਲਈ ਜਾਰੀ ਲਾਇਸੰਸ ਨੰ: 47 ਐਮ.ਸੀ.-2 ਮਿਤੀ 24 ਅਗਸਤ 2016 ਤੁਰੰਤ ਪ੍ਰਭਾਵ ਤੋਂ ਕੈਂਸਲ/ਰੱਦ ਕੀਤਾ ਜਾਂਦਾ ਹੈ।ਇਸ ਤੋਂ ਇਲਾਵਾ ਐਕਟ/ਰੂਲਜ਼ ਮੁਤਾਬਕ ਜੇਕਰ ਭਵਿੱਖ ਵਿੱਚ ਉਕਤ ਕੰਪਨੀ/ਫਰਮ/ਪਾਰਟਨਰਸ਼ਿਪ ਜਾਂ ਇਸ ਦੇ ਲਾਇਸੰਸੀ/ਡਾਇਰੈਕਟਰਜ਼/ਫਰਮ ਦੀ ਪਾਰਟਨਰ ਦੇ ਖਿਲਾਫ ਕੋਈ ਵੀ ਸ਼ਿਕਾਇਤ ਆਦਿ ਪ੍ਰਾਪਤ ਹੁੰਦੀ ਹੈ ਤਾਂ ਉਸ ਲਈ ਉਕਤ ਕੰਪਨੀ/ਡਾਇਰੈਕਟਰ/ਪਾਰਟਨਰ ਹਰ ਪੱਖੋਂ ਜ਼ਿੰਮੇਵਾਰ ਹੋਣਗੇ ਅਤੇ ਇਸ ਦੀ ਭਰਪਾਈ ਕਰਨ ਲਈ ਵੀ ਜ਼ਿੰਮੇਵਾਰ ਹੋਣਗੇ।

# ਸੰਤ ਜੂਦਸ ਕਾਨਵੈਂਟ ਸਕੂਲ 'ਚ ਇਨਵੈਸਟੀਚਰ ਸੈਰੇਮਨੀ ਕਰਵਾਈ




**ਸ਼ਾਹਕੋਟ (ਗਿਆਨ ਸੈਦਪੁਰੀ)**- ਸੰਤ ਜੂਦਸ ਕਾਨਵੈਂਟ ਸਕੂਲ ਸ਼ਾਹਕੋਟ ਵਿੱਚ ਡਾਇਰੈਕਟਰ ਫਾਦਰ ਵਰਗੀਸ, ਪ੍ਰਿੰਸੀਪਲ ਸਿਸਟਰ ਵਿਨਾਇਆ ਅਤੇ ਅਧਿਆਪਕਾਂ ਦੇ ਸਹਿਯੋਗ ਨਾਲ ਇਨਵੈਸਟੀਚਰ ਸੈਰੇਮਨੀ ਕਰਵਾਈ ਗਈ।ਇਸ ਸਮਾਗਮ ਦਾ ਆਰੰਭ ਪ੍ਰਾਰਥਨਾ ਸਭਾ ਅਤੇ ਸ਼ਮ੍ਹਾਂ ਰੋਸ਼ਨ ਕਰਕੇ ਕੀਤਾ ਗਿਆ। ਸਕੂਲ ਵਿੱਚ ਬਣੇ ਰਬਿੰਦਰ ਨਾਥ ਟੈਗੋਰ, ਕਲਪਨਾ ਚਾਵਲਾ, ਮਹਾਤਮਾ ਗਾਂਧੀ ਅਤੇ ਸੁਭਾਸ਼ ਚੰਦਰ ਬੋਸ ਹਾਊਸ ਅਤੇ ਨਿਊਜ਼, ਕਲਚਰਲ, ਹੈਲਥ ਤੇ ਈਕੋ ਕਲੱਬ ਦੇ ਪ੍ਰਤੀਨਿਧੀਆਂ ਦੁਆਰਾ ਸਕੂਲ ਦੀ ਉਨਤੀ ਲਈ ਸਹੁੰ ਚੁੱਕ ਕੇ ਜ਼ਿੰਮੇਵਾਰੀ ਸੰਭਾਲੀ ਗਈ। ਇਨ੍ਹਾਂ ਵਿਦਿਆਰਥੀਆਂ ਨੂੰ ਬੈਜ ਅਤੇ ਸੈਸ਼ ਦੇ ਕੇ ਸਨਮਾਨਤ ਕੀਤਾ ਗਿਆ। ਦਸਵੀਂ ਜਮਾਤ ਦੇ ਵਿਦਿਆਰਥੀ ਦਾਨਿਸ਼ ਭਨੋਟ ਨੂੰ ਹੈੱਡ ਬੋਏ ਅਤੇ ਹਿਮਾਂਗੀ ਨੂੰ ਹੈੱਡ ਗਰਲ ਚੁਣਿਆ ਗਿਆ। ਇਸ ਤੋਂ ਬਾਅਦ ਸਕੂਲ ਦੇ ਪ੍ਰਿੰਸੀਪਲ ਸਿਸਟਰ ਵਿਨਾਇਆ ਦੁਆਰਾ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਪ੍ਰਤੀ ਸਹੁੰ ਚੁਕਵਾਈ ਗਈ।ਸਮਾਗਮ ਦੇ ਅੰਤ ਵਿੱਚ ਫਾਦਰ ਵਰਗੀਸ ਦੁਆਰਾ ਚੁਣੇ ਗਏ ਵਿਦਿਆਰਥੀਆਂ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ ਗਈਆਂ ਅਤੇ ਸਕੂਲ ਪ੍ਰਤੀ ਕਰਤੱਵਾਂ ਨੂੰ ਨਿਭਾਉਣ ਦੇ ਲਈ ਕਿਹਾ ਗਿਆ। ਇਸ ਸਮਾਗਮ ਦਾ ਅੰਤ ਰਾਸ਼ਟਰੀ ਗੀਤ ਗਾ ਕੇ ਕੀਤਾ ਗਿਆ।

# ਮਿਲਾਵਟੀ ਵਸਤੂਆਂ ਖਾਣ ਕਾਰਨ ਲੋਕ ਭਿਆਨਕ ਬਿਮਾਰੀਆਂ ਨਾਲ ਜੂਝ ਰਹੇ : ਬੀ ਟੀ ਐੱਫ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਬੇਗਮਪੁਰਾ ਟਾਈਗਰ ਫੋਰਸ ਦੇ ਦੁਆਬਾ ਪ੍ਰਧਾਨ ਨੇਕੂ ਅਜਨੋਹਾ ਨੇ ਇੱਕ ਮੁਲਾਕਾਤ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਦੇਸ਼ ਵਿੱਚ ਅਨਾਜ, ਖਾਣ ਪੀਣ ਵਾਲੀਆਂ ਵਸਤੂਆਂ, ਦੁੱਧ ਦਹੀਂ, ਫਲ ਸਬਜ਼ੀਆਂ, ਕਣਕ, ਚਾਵਲ, ਦਾਲਾਂ ਆਦਿ ਖਾਣ ਪੀਣ ਵਾਲੇ ਵੱਖ-ਵੱਖ ਤਰ੍ਹਾਂ ਦੇ ਖਣਿਜ ਪਦਾਰਥ ਅਤੇ ਬਾਜ਼ਾਰਾਂ ਵਿੱਚ ਬਣਾਈਆਂ ਜਾਣ ਵਾਲੀਆਂ ਮਠਿਆਈਆਂ ਤਰ੍ਹਾਂ ਤਰ੍ਹਾਂ ਦੇ ਤਲੇ ਹੋਏ ਪਕਵਾਨ ਜੋ ਰੋਜ਼ਮਰ੍ਹਾ ਦੀ ਜ਼ਿੰਦਗੀ ਵਿੱਚ ਲੋਕੀਂ ਖਾਂਦੇ ਹਨ, ਇਨ੍ਹਾਂ ਵਿੱਚ ਮਿਲਾਵਟ ਕਰਨ ਵਾਲੇ ਲੋਕ ਬੇਖੌਫ ਮਿਲਾਵਟ ਕਰਕੇ ਬਾਜ਼ਾਰਾਂ ਵਿੱਚ ਆਪਣਾ ਸਮਾਨ ਵੇਚ ਰਹੇ ਹਨ ਜਿਹੜੇ ਕਿ ਪ੍ਰਸ਼ਾਸਨਕ ਅਧਿਕਾਰੀਆਂ ਕਰਮਚਾਰੀਆਂ ਦੀ ਡਿਊਟੀ ਇਨ੍ਹਾਂ ਚੀਜ਼ਾਂ ਨੂੰ ਚੈੱਕ ਕਰਨ ਦੀ ਬਣਦੀ ਹੈ ਉਹ ਕੁੰਭਕਰਨੀ ਨੀਂਦੇ ਸੁੱਤੇ ਪਏ ਹਨ। ਮਿਲਾਵਟਖੋਰ ਨਕਲੀ ਸ਼ਰਾਬ, ਨਕਲੀ ਦੁੱਧ, ਨਕਲੀ ਕੋਲਡ ਡਰਿੰਕ ਆਦਿ ਬਣਾ ਕੇ ਵੇਚ ਰਹੇ ਹਨ ਜਿਨਾਂ ਨੂੰ ਖਾ ਪੀ ਕੇ ਦੇਸ਼ ਦੇ ਲੋਕ ਆਪਣੀਆਂ ਕੀਮਤੀ ਜਾਨਾਂ ਗੁਆ ਰਹੇ ਹਨ ਅਤੇ ਭਿਆਨਕ ਬਿਮਾਰੀਆਂ ਦੇ ਨਾਲ ਦੇਸ਼ ਦੇ ਕਰੋੜਾਂ ਲੋਕ ਹਸਪਤਾਲਾਂ ਵਿੱਚ ਦਾਖਲ ਹਨ। ਅੱਜ ਕੱਲ੍ਹ ਸਾਡੇ ਦੇਸ਼ ਵਿੱਚ ਪ੍ਰਾਈਵੇਟ ਹਸਪਤਾਲ ਦੀ ਭਰਮਾਰ ਹੈ ਜਿੱਥੇ ਕਿ ਡਾਕਟਰ ਆਪਣੀ ਮਨਮਰਜ਼ੀ ਨਾਲ ਮਰੀਜ਼ਾਂ ਕੋਲੋਂ ਫੀਸਾਂ ਚਾਰਜ ਕਰਦੇ ਹਨ। ਇਹ ਲੋਕਤੰਤਰ ਹੈ ਜਾਂ ਪ੍ਰਾਈਵੇਟ ਡਾਨ ਮਾਫੀਆ ਦਾ ਰਾਜ ਹੈ। ਉਨ੍ਹਾਂ ਕਿਹਾ ਕਿ ਕੇਂਦਰ ਅਤੇ ਰਾਜ ਸਰਕਾਰਾਂ ਇਸ ਦਿਸ਼ਾ ਵੱਲ ਸੰਜੀਦਗੀ ਨਾਲ ਧਿਆਨ ਦੇਣ।

# ਟਰੱਕ ਦੀ ਲਪੇਟ 'ਚ ਆਉਣ ਕਾਰਨ ਬਜ਼ੁਰਗ ਦੀ ਲੱਤ ਕੁਚਲੀ ਗਈ



**ਫਿਲੌਰ (ਨਿਰਮਲ)**- ਫਿਲੌਰ ਨੇੜੇ ਲੁਧਿਆਣਾ ਵਾਲੇ ਬੱਸ ਅੱਡੇ ਨੇੜੇ ਇੱਕ 70-71 ਸਾਲਾ ਵਿਅਕਤੀ ਕੰਟੇਨਰ ਨੰਬਰ ਪੀ ਬੀ 08 ਏ ਜ਼ੈਡ 9825 ਦੀ ਲਪੇਟ ਵਿੱਚ ਆ ਗਿਆ। ਜਿਸ ਕਾਰਨ ਉਸ ਵਿਅਕਤੀ ਦੀ ਇਕ ਲੱਤ ਬੁਰੀ ਤਰ੍ਹਾਂ ਕੁਚਲੀ ਗਈ। ਲੋਕਾਂ ਨੇ ਫਿਲੌਰ ਪੁਲਸ ਨੂੰ ਸੂਚਿਤ ਕੀਤਾ ਅਤੇ ਟਰੱਕ ਡਰਾਈਵਰ ਮੌਕੇ ਤੋਂ ਟਰੱਕ ਖੜ੍ਹਾ ਕਰਕੇ ਫਰਾਰ ਹੋ ਗਿਆ। ਲੋਕਾਂ ਨੇ ਜ਼ਖ਼ਮੀ ਨੂੰ ਸਿਵਲ ਹਸਪਤਾਲ ਫਿਲੌਰ ਦਾਖਲ ਕਰਵਾਇਆ ਜਿੱਥੇ ਉਸ ਦੀ ਹਾਲਤ ਠੀਕ ਨਾ ਹੋਣ ਕਾਰਨ ਡਾਕਟਰਾਂ ਵੱਲੋਂ ਮੁਢਲੀ ਸਹਾਇਤਾ ਦੇ ਕੇ ਜਲੰਧਰ ਸਿਵਲ ਹਸਪਤਾਲ ਰੈਫਰ ਕਰ ਦਿੱਤਾ। ਉਧਰ ਉਸ ਨੂੰ ਲੱਭਦੇ ਜ਼ਖਮੀ ਦੇ ਵਾਰਸ ਵੀ ਫਿਲੌਰ ਵੱਲ ਆ ਗਏ। ਲੋਕਾਂ ਤੋਂ ਪੁੱਛਗਿੱਛ ਕਰਦੇ ਸਮੇਂ ਪਤਾ ਲੱਗਾ ਕਿ ਜ਼ਖਮੀ ਉਨ੍ਹਾਂ ਦਾ ਰਿਸ਼ਤੇਦਾਰ ਹੈ ਜਿਸ ਦੀ ਪਛਾਣ ਜਗਰੂਪ ਸਿੰਘ 70 ਪੁੱਤਰ ਈਸਰ ਸਿੰਘ ਵਾਸੀ ਸਫੈਰਾ ਪਟਿਆਲਾ ਵਜੋਂ ਕੀਤੀ। ਪੁਲਸ ਨੇ ਕੰਟੇਨਰ ਨੂੰ ਕਬਜ਼ੇ ਵਿੱਚ ਲੈ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਬ੍ਰਾਈਡਲ ਮੇਕਅੱਪ 'ਤੇ ਵਰਕਸ਼ਾਪ



**ਜਲੰਧਰ (ਇਕਬਾਲ ਸਿੰਘ ਉੱਭੀ)**- ਪੀ.ਸੀ.ਐਮ.ਐਸ.ਡੀ ਕਾਲਜ ਵਿਖੇ ਕਾਸਮੈਟੋਲੋਜੀ ਵਿਭਾਗ ਨੇ ਓਰੇਨ ਇੰਟਰਨੈਸ਼ਨਲ ਸਕੂਲ ਆਫ ਬਿਊਟੀ ਐਂਡ ਵੈਲਨੈਸ, ਜਲੰਧਰ ਦੇ ਪ੍ਰਸਿੱਧ ਮੇਕਅਪ ਆਰਟਿਸਟ ਮਨੀਸ਼ ਠਾਕੁਰ ਦੁਆਰਾ ਬ੍ਰਾਈਡਲ ਮੇਕਅੱਪ 'ਤੇ ਇੱਕ ਵਰਕਸ਼ਾਪ ਦਾ ਆਯੋਜਨ ਕੀਤਾ। ਵਰਕਸ਼ਾਪ ਦਾ ਉਦੇਸ਼ ਵਿਦਿਆਰਥੀਆਂ ਨੂੰ ਬ੍ਰਾਈਡਲ ਮੇਕਅਪ ਦੀ ਕਲਾ, ਖਾਸ ਤੌਰ 'ਤੇ ਏਅਰ ਬੁਰਸ਼ ਤਕਨੀਕਾਂ 'ਤੇ ਧਿਆਨ ਕੇਂਦ੍ਰਤ ਕਰਨ ਦੀ ਵਿਹਾਰਕ ਸੂਝ ਨਾਲ ਲੈਸ ਕਰਨਾ ਸੀ। ਮਨੀਸ਼ ਠਾਕੁਰ ਨੇ ਏਅਰ ਬੁਰਸ਼ ਮੇਕਅਪ ਤਕਨੀਕਾਂ ਦਾ ਪ੍ਰਦਰਸ਼ਨ ਕਰਦੇ ਹੋਏ ਇੱਕ ਦਿਲਚਸਪ ਲਾਈਵ ਪ੍ਰਦਰਸ਼ਨ ਦਿੱਤਾ। ਵੱਖ-ਵੱਖ ਜਮਾਤਾਂ ਦੇ ਵਿਦਿਆਰਥੀਆਂ ਨੇ ਵਰਕਸ਼ਾਪ ਵਿੱਚ ਸਰਗਰਮੀ ਨਾਲ ਭਾਗ ਲਿਆ। ਇਸ ਮੌਕੇ ਪ੍ਰਧਾਨ ਨਰੇਸ਼ ਬੁਧੀਆ, ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ, ਪ੍ਰਬੰਧਕੀ ਕਮੇਟੀ ਦੇ ਹੋਰ ਮਾਣਯੋਗ ਮੈਂਬਰ ਅਤੇ ਪ੍ਰਿੰਸੀਪਲ ਡਾ. ਪੂਜਾ ਪਰਾਸ਼ਰ ਨੇ ਭਾਗ ਲੈਣ ਵਾਲੇ ਵਿਦਿਆਰਥੀਆਂ ਅਤੇ ਕਾਸਮੈਟੋਲੋਜੀ ਵਿਭਾਗ ਦੀ ਸ਼ਲਾਘਾ ਕੀਤੀ।

# ਚੋਣ ਕਮਿਸ਼ਨ ਨੇ ਗਲਤ ਸੂਚਨਾ ਨਾਲ ਨਜਿਠਣ ਲਈ ਆਨਲਾਈਨ ਪਲੇਟਫਾਰਮ ਕੀਤਾ ਲਾਂਚ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਅਨੁਰਾਗ ਅਗਰਵਾਲ ਨੇ ਕਿਹਾ ਕਿ ਚੋਣਾਂ ਦੌਰਾਨ ਗਲਤ ਸੂਚਨਾ ਦੇ ਪ੍ਰਸਾਰ ਤੋਂ ਨਜਿੱਠਣ ਅਤੇ ਚੋਣਾਵੀ ਪ੍ਰਕ੍ਰਿਆ ਦੀ ਅਖੰਡਤਾ ਨੂੰ ਬਣਾਏ ਰੱਖਣ ਲਈ ਭਾਰਤ ਚੋਣ ਕਮਿਸ਼ਨ (ਈ ਸੀ ਆਈ) ਨੇ ਆਮ ਚੋਣ 2024 ਦੇ ਮੱਦੇਨਜ਼ਰ ਇਕ ਆਨਲਾਈਨ ਪਲੇਟਫਾਰਮ ਲਾਂਚ ਕੀਤਾ। ਇਹ ਇਕ ਵਨ ਸਟਾਪ ਪਲੇਟਫਾਰਮ ਹੈ, ਜੋ ਚੋਣ ਕਮਿਸ਼ਨ ਦੀ ਅਥੋਰਾਇਜਡ ਵੈਬਸਾਈਟ 'ਤੇ ਜਨਤਾ ਲਈ ਉਪਲਬਧ ਹੈ।ਉਨ੍ਹਾ ਕਿਹਾ ਕਿ ਇਹ ਪਹਿਲ ਚੋਣਾਵੀ ਪ੍ਰਕ੍ਰਿਆ ਨੂੰ ਗਲਤ ਸੂਚਨਾ ਤੋਂ ਬਚਾਉਣ ਲਈ ਈ ਸੀ ਆਈ ਦੇ ਚੱਲ ਰਹੇ ਯਤਨਾਂ ਵਿਚ ਇਕ ਮਹਤੱਵਪੂਰਨ ਮੀਲ ਦਾ ਪੱਥਰ ਹੈ। ਵਿਸ਼ਵ ਪੱਧਰ 'ਤੇ ਕਈ ਲੋਕਤਾਂਤਰਿਕ ਦੇਸ਼ਾਂ ਵਿਚ ਗਲਤ ਸੂਚਨਾ ਅਤੇ ਝੂਠੀ ਕਹਾਣੀਆਂ ਦੇ ਪ੍ਰਸਾਰ ਦੇ ਵਧਦੀ ਚਿੰਤਾ ਨੂੰ ਦੇਖਦੇ ਹੋਏ ਚੋਣ ਕਮਿਸ਼ਨ ਦਾ ਇਹ ਯਤਨ ਹੈ ਕਿ ਵੋਟਰਾਂ ਨੂੰ ਪੂਰੀ ਚੋਣਾਵੀ ਪ੍ਰਕ੍ਰਿਆ ਦੌਰਾਨ ਸਟੀਕ ਅਤੇ ਤਸਦੀਕ ਜਾਣਕਾਰੀ ਮਿਲੇ।ਉਨ੍ਹਾ ਦੱਸਿਆ ਕਿ ਚੋਣ ਸਮੇਂ ਦੌਰਾਨ ਪ੍ਰਸਾਰਿਤ ਮਿਥਕ ਜਾਣਕਾਰੀਆਂ ਅਤੇ ਝੂਠੀਆਂ ਖਬਰਾਂ ਨੂੰ ਦੂਰ ਕਰਨ ਲਈ ਤੱਥਾਂ ਦੀ ਜਾਣਕਾਰੀ ਦੇ ਇਕ ਵਿਆਪਕ ਭੰਡਾਰ ਵਜੋਂ ਕੰਮ ਕਰੇਗਾ।

# ਅੰਮ੍ਰਿਤਬੀਰ ਸਿੰਘ ਦਾ ਪ੍ਰਧਾਨ ਬਣਨ 'ਤੇ ਸਨਮਾਨ



**ਜਲੰਧਰ ( ਇਕਬਾਲ ਸਿੰਘ ਉਭੀ )**- ਅੰਮ੍ਰਿਤਬੀਰ ਸਿੰਘ ਨੂੰ ਯੂਥ ਅਕਾਲੀ ਦਲ ਜਲੰਧਰ-2 ਦਾ ਪ੍ਰਧਾਨ ਨਿਯੁਕਤ ਕਰਨ 'ਤੇ ਲੰਮਾ ਪਿੰਡ ਵਿਖੇ ਸਨਮਾਨ ਕੀਤਾ ਗਿਆ। ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ ਪੰਜਾਬ ਰਣਜੀਤ ਸਿੰਘ ਰਾਣਾ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਹਮੇਸ਼ਾ ਵਰਕਰਾਂ ਦਾ ਮਾਣ ਸਨਮਾਨ ਬਹਾਲ ਰੱਖ ਕੇ ਸਤਿਕਾਰ ਦਿੱਤਾ ਹੈ।ਅੰਮ੍ਰਿਤਬੀਰ ਸਿੰਘ ਦਾ ਜਲੰਧਰ ਸ਼ਹਿਰੀ-2 ਦਾ ਪ੍ਰਧਾਨ ਬਣਨਾ ਨੌਜਵਾਨਾਂ ਲਈ ਤੇ ਪਾਰਟੀ ਦੀ ਮਜ਼ਬੂਤੀ ਲਈ ਚੰਗਾ ਫੈਸਲਾ ਹੈ। ਰਾਣਾ ਨੇ ਕਿਹਾ ਕਿ ਰਾਜਨੀਤੀ 'ਚ ਅਜੋਕੇ ਹਾਲਾਤ 'ਚ ਇੰਨੀ ਘਟੀਆ ਪੱਧਰ ਦੀ ਗਿਰਾਵਟ ਆ ਚੁੱਕੀ ਹੈ ਕਿ ਦਲ ਬਦਲੂ ਤੇ ਲਾਲਸੀ ਚੌਧਰਾਂ ਦੇ ਭੁੱਖੇ ਆਗੂ ਪਾਲਾ ਬਦਲਣ ਲੱਗਿਆਂ ਇੱਕ ਮਿੰਟ ਵੀ ਨਹੀਂ ਲਗਾਉਂਦੇ।ਰਾਣਾ ਨੇ ਕਿਹਾ ਕਿ ਘਰ ਤੇ ਪਰਵਾਰ ਹਮੇਸ਼ਾ ਆਪਣਾ ਹੀ ਚੰਗਾ ਲੱਗਦਾ ਹੈ।ਕਿਰਾਏ 'ਤੇ ਜਾਣ ਵਾਲੇ ਆਗੂ ਹਮੇਸ਼ਾ ਗਿਰਗਿਟ ਵਾਂਗ ਰੰਗ ਬਦਲਦੇ ਰਹਿੰਦੇ ਹਨ। ਇਸ ਮੌਕੇ ਹਲਕਾ ਇੰਚਾਰਜ ਸੈਂਟਰਲ ਇਕਬਾਲ ਸਿੰਘ ਢੀਂਡਸਾ, ਗੁਰਮੀਤ ਸਿੰਘ ਬਿੱਟੂ, ਸੁਰਿੰਦਰ ਸਿੰਘ ਰਾਜ, ਜਗਜੀਤ ਸਿੰਘ ਖਾਲਸਾ, ਲਾਲ ਚੰਦ, ਸਤਪਾਲ ਬੱਧਣ, ਝੁੰਮਣ ਸਿੰਘ ਦਲਵੀਰ ਸਿੰਘ ਰਾਜਾ, ਠੇਕੇਦਾਰ ਪਰਮਜੀਤ ਸਿੰਘ, ਮਲਕਿੰਦਰ ਸਿੰਘ ਸੈਣੀ, ਪ੍ਰਦੀਪ ਸਿੰਘ ਸੰਤੋਖਪੁਰਾ ਹਾਜ਼ਰ ਸਨ।

# ਨਕਲੀ ਤੇ ਅਵੈਧ ਦਵਾਈਆਂ ਦੀ ਵਿਕਰੀ ਰੋਕਣ ਲਈ ਸਖਤੀ ਨਾਲ ਮਾਨੀਟਰਿੰਗ ਕੀਤੀ ਜਾਵੇ : ਮੁੱਖ ਸਕੱਤਰ

**ਚੰਡੀਗੜ੍ਹ (ਕ੍ਰਿਸ਼ਨ ਗਰਗ)** ਹਰਿਆਣਾ ਦੇ ਮੁੱਖ ਸਕੱਤਰ ਟੀ ਵੀ ਐਸ ਐਨ ਪ੍ਰਸਾਦ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਨਕਲੀ ਤੇ ਅਵੈਧ ਦਵਾਈਆਂ ਦੀ ਵਿਕਰੀ ਰੋਕਣ ਲਈ ਸਖਤੀ ਨਾਲ ਮਾਨੀਟਰਿੰਗ ਕੀਤੀ ਜਾਵੇ ਅਤੇ ਵਿਸ਼ੇਸ਼ਕਰ ਡਰੱਗ ਦੀ ਹਰ ਮੂਵਮੈਂਟ ਨੂੰ ਟ੍ਰੈਕ ਕੀਤਾ ਜਾਵੇ। ਡਰੱਗ ਆਫੀਸਰ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਦੇ ਨਾਲ ਮਿਲ ਕੇ ਸੰਯਕਤ ਰੂਪ ਨਾਲ ਕਾਰਵਾਈ ਕਰਨ ਤਾਂ ਜੋ ਕੋਈ ਘਟਨਾ ਨਾ ਹੋ ਸਕੇ।ਮੁੱਖ ਸਕੱਤਰ ਚੰਡੀਗੜ੍ਹ ਵਿਚ 7ਵੀਂ ਰਾਜ ਪੱਧਰੀ ਨਾਰਕੋ ਕੋਰਡੀਨੇਸ਼ਨ ਕਮੇਟੀ ਦੀ ਅਗਵਾਈ ਕਰ ਰਹੇ ਸਨ। ਇਸ ਦੌਰਾਨ ਉਨ੍ਹਾ ਲੋਕ ਸਭਾ ਚੋਣ ਦੀ ਤਿਆਰੀਆਂ ਨੂੰ ਲੈ ਕੇ ਵੀ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਜਰੂਰੀ ਦਿਸ਼ਾ-ਨਿਰਦੇਸ਼ ਦਿੱਤੇ।ਮੁੱਖ ਸਕੱਤਰ ਨੇ ਕਿਹਾ ਕਿ ਜ਼ਿਲ੍ਹਿਆਂ ਵਿਚ ਪ੍ਰਾਈਵੇਟ ਏਜੰਸੀ, ਸਵੈ ਸੇਵੀ ਸੰਗਠਨ ਦੇ ਸਹਿਯੋਗ ਨਾਲ ਨਸ਼ਾ ਮੁਕਤੀ ਕੇਂਦਰ ਚਲਾਏ ਜਾਣ ਤਾਂ ਜੋ ਜਿਨ੍ਹਾਂ ਖੇਤਰਾਂ ਵਿਚ ਕੇਂਦਰ ਨਹੀਂ ਹਨ ਉਨ੍ਹਾਂ ਵਿਚ ਲੋਕਾਂ ਨੂੰ ਨਸ਼ੇ ਤੋਂ ਨਿਜਾਤ ਦਿਲਵਾਈ ਜਾ ਸਕੇ। ਉਨ੍ਹਾ ਕਿਹਾ ਕਿ ਡਰੱਗ ਤੋਂ ਮੁਕਤੀ ਦਿਵਾਉਣ ਲਈ ਚਾਲਾਨ, ਟੇਸਟਿੰਗ 'ਤੇ ਫੋਕਸ ਕੀਤਾ ਜਾਵੇ ਅਤੇ ਨੌਜੁਆਨਾਂ ਨੂੰ ਸੁਚੇਤ ਅਤੇ ਜਾਗਰੂਕ ਕਰਨ ਲਈ ਸਕੂਲ ਅਤੇ ਕਾਲਜ ਪੱਧਰ 'ਤੇ ਵੀ ਵਿਸ਼ੇਸ਼ ਫੋਕਸ ਰੱਖਿਆ ਜਾਵੇ। ਇਸ ਤੋਂ ਇਲਾਵਾ, ਜ਼ਿਲ੍ਹਾ ਪੱਧਰ 'ਤੇ ਹਰ ਤੀਜੇ ਮਹੀਨੇ ਐਨਕਾਰਡ ਦੀ ਮੀਟਿੰਗ ਨਿਯਮਤ ਰੂਪ ਨਾਲ ਕੀਤੀ ਜਾਵੇ।ਮੁੱਖ ਸਕੱਤਰ ਨੇ ਲੋਕ ਸਭਾ ਚੋਣ ਨੂੰ ਲੈ ਕੇ ਵੀ ਸਾਰੇ ਡਿਪਟੀ ਕਮਿਸ਼ਨਰ ਅਤੇ ਪੁਲਿਸ ਸੁਪਰਡੈਂਟ ਨਾਲ ਵਿਸਤਾਰ ਨਾਲ ਗੱਲਬਾਤ ਕੀਤੀ ਅਤੇ ਜ਼ਰੂਰੀ ਤਿਆਰੀਆਂ ਪੂਰੀ ਕਰਨ ਦੇ ਨਿਰਦੇਸ਼ ਦਿੱਤੇ।

# ਘੋਗਰਾ 'ਚ 0 ਤੋਂ 16 ਸਾਲ ਤੱਕ ਦੇ ਬੱਚਿਆਂ ਦਾ ਕੀਤਾ ਟੀਕਾਕਰਨ



**ਦਸੂਹਾ, ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਅੱਜ ਸਿਵਲ ਸਰਜਨ ਹੁਸ਼ਿਆਰਪੁਰ ਡਾ. ਬਲਵਿੰਦਰ ਕੁਮਾਰ ਦੀਆਂ ਹਦਾਇਤਾਂ ਅਨੁਸਾਰ ਅਤੇ ਸੀਨੀਅਰ ਮੈਡੀਕਲ ਅਫ਼ਸਰ ਮੰਡ ਪੰਧੇਰ ਡਾ.ਐਸ.ਪੀ.ਸਿੰਘ ਦੀ ਦੇਖ-ਰੇਖ ਹੇਠ ਪ੍ਰਮੋਦ ਗਿੱਲ, ਪ੍ਰੋਮਿਲਾ ਕੁਮਾਰੀ ਐਲ ਐਚ ਵੀ, ਸੁਰਿੰਦਰ ਕੌਰ ਏ.ਐਨ.ਐਮ ਅਤੇ ਸੀ.ਐਚ.ਓ ਮਮਤਾ ਨੰਗਲੂ ਸਮੇਤ ਟੀਮ ਨੇ ਘੋਗਰਾ ਵਿਖੇ 0 ਤੋਂ 16 ਸਾਲ ਤੱਕ ਦੇ ਬੱਚਿਆਂ ਦਾ ਟੀਕਾਕਰਨ ਕੀਤਾ। ਇਸ ਮੌਕੇ ਪ੍ਰਮੋਦ ਗਿੱਲ ਨੇ ਦੱਸਿਆ ਕਿ ਮਹੀਨੇ ਦੇ ਹਰ ਪਹਿਲੇ ਬੁੱਧਵਾਰ ਨੂੰ ਘੋਗਰਾ ਵਿਖੇ 0 ਤੋਂ 16 ਸਾਲ ਤੱਕ ਦੇ ਬੱਚਿਆਂ ਦਾ ਟੀਕਾਕਰਨ ਕੀਤਾ ਜਾਂਦਾ ਹੈ। ਇਸੇ ਲੜੀ ਤਹਿਤ ਅੱਜ ਘੋਗਰਾ ਵਿਖੇ ਬੱਚਿਆਂ ਅਤੇ ਗਰਭਵਤੀ ਔਰਤਾਂ ਦਾ ਟੀਕਾਕਰਨ ਕੀਤਾ ਗਿਆ। ਇਸ ਮੌਕੇ ਅਨੀਤਾ , ਜਗਦੀਪ ਕੌਰ ਅਤੇ ਕਾਂਤਾ ਆਸ਼ਾ ਵਰਕਰ ਹਾਜ਼ਰ ਸਨ

# ਸ਼ਿਵ ਕਲਾ ਮੰਚ ਰਾਮ ਲੀਲ੍ਹਾ ਕਮੇਟੀ ਮਾਡਲ ਹਾਊਸ ਵੱਲੋਂ 74ਵਾਂ ਰਾਸ਼ਨ ਵੰਡ ਸਮਾਰੋਹ



**ਜਲੰਧਰ ( ਰਾਜੇਸ਼ ਥਾਪਾ )**- ਸ਼ਿਵ ਕਲਾ ਮੰਚ ਰਜਿ ਰਾਮ ਲੀਲ੍ਹਾ ਕਮੇਟੀ ਮਾਡਲ ਹਾਊਸ ਵੱਲੋਂ ਏ ਬਲਾਕ ਮਾਡਲ ਹਾਊਸ ਆਪਣੇ ਮੁੱਖ ਦਫਤਰ ਵਿੱਚ 74 ਵਾਂ ਮਹੀਨਾਵਾਰ ਰਾਸ਼ਨ ਵੰਡ ਸਮਾਰੋਹ ਕਰਵਾਇਆ ਗਿਆ। ਜਿਸ ਸਭਾ 5 ਲੋੜਵੰਦ ਪਰਵਾਰਾਂ ਨੂੰ ਰਾਸ਼ਨ ਦਿੱਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਐਸ ਸੀ ਵਿੰਗ ਭਜਨ ਲਾਲ ਚੋਪੜਾ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸਰਕਲ ਪ੍ਰਧਾਨ ਕੁਲਵਿੰਦਰ ਸਿੰਘ ਚੀਮਾ ਸ਼ਾਮਲ ਹੋਏ। ਇਸ ਮੌਕੇ ਹਰਭਜਨ ਲਾਲ ਚੋਪੜਾ ਨੇ ਸ਼ਿਵ ਕਲਾ ਮੰਚ ਰਜਿ ਰਾਮ ਲੀਲ੍ਹਾ ਕਮੇਟੀ ਦੇ ਸਮੂਹ ਅਹੁਦੇਦਾਰ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਲੋੜਵੰਦ ਪਰਵਾਰਾਂ ਦੀ ਨਿਸ਼ਕਾਮ ਸੇਵਾ ਕਰਨਾ ਨਰਾਇਣ ਸੇਵਾ ਦੇ ਬਰਾਬਰ ਹੈ। ਇਸ ਤਰ੍ਹਾਂ ਦੇ ਸਮਾਜ ਸੇਵੀ ਕਾਰਜ ਲਈ ਸਮੁੱਚੇ ਸਮਾਜ ਨੂੰ ਆਪਣੀ ਨੇਕ ਕਮਾਈ ਵਿਚੋਂ ਲੋੜਵੰਦ ਪਰਵਾਰਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ।ਇਸ ਮੌਕੇ ਸ਼ਿਵ ਕਲਾ ਮੰਚ ਰਜਿ ਰਾਮ ਲੀਲ੍ਹਾ ਕਮੇਟੀ ਦੇ ਪ੍ਰਧਾਨ ਗਣੇਸ਼ ਭਗਤ ਨੇ ਦੱਸਿਆ ਇਹ ਕਾਰਜ ਲਗਾਤਾਰ ਸਾਡੀ ਸਭਾ ਵੱਲੋਂ ਕੀਤਾ ਜਾ ਹੈ।

ਇਸ ਮੌਕੇ ਚੇਅਰਮੈਨ ਸੁਰਿੰਦਰ ਸ਼ਰਮਾ ਨੇ ਸਭਾ ਕੀਤੇ ਕਾਰਜਾਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਖਜ਼ਾਨਚੀ ਵੀਰਭਾਨ ਭਗਤ, ਉਪ ਪ੍ਰਧਾਨ ਭੁਪਿੰਦਰ ਨਾਰੰਗ, ਜਨਰਲ ਸਕੱਤਰ ਵਰਿੰਦਰ ਮਲਹੋਤਰਾ, ਸਤਨਾਮ ਸਿੰਘ ਲਾਡੀ, ਸੁਰਿੰਦਰ ਭੋਲਾ, ਵਿਪਨ ਕੁਮਾਰ, ਨਰਿੰਦਰ ਭਗਤ ਆਦਿ ਹਾਜ਼ਰ ਸਨ।

# ਨੌਜਵਾਨ ਆਪਣੇ ਵੋਟ ਦੇ ਅਧਿਕਾਰ ਦੀ ਜ਼ਰੂਰ ਵਰਤੋਂ ਕਰਨ : ਏ ਡੀ ਸੀ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਕੋਮਲ ਮਿੱਤਲ ਦੀ ਅਗਵਾਈ ਵਿਚ ਪੂਰੇ ਜ਼ਿਲ੍ਹੇ ਵਿਚ ਵੋਟਰਾਂ ਨੂੰ ਵੋਟ ਦੇ ਅਧਿਕਾਰ ਪ੍ਰਤੀ ਜਾਗਰੂਕ ਕਰਨ ਲਈ ਸਵੀਪ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ ਅਤੇ ਹਰ ਵਿਧਾਨ ਸਭਾ ਹਲਕੇ ਵਿਚ ਵੋਟਰਾਂ ਨੂੰ ਜਾਗਰੂਕ ਕਰਨ ਲਈ ਸਹਾਇਕ ਰਿਟਰਨਿੰਗ ਅਫ਼ਸਰਾਂ ਵਲੋਂ ਭਰਪੂਰ ਉਪਰਾਲੇ ਕੀਤੇ ਜਾ ਰਹੇ ਹਨ। ਇਸੇ ਲੜੀ ਵਿਚ ਅੱਜ ਰਿਆਤ-ਬਾਹਰਾ ਗਰੁੱਪ ਆਫ਼ ਇੰਸਟੀਚਿਊਟਸ ਹੁਸ਼ਿਆਰਪੁਰ ਵਿਖੇ ਸਾਲਾਨਾ ਸਪੋਰਟਸ ਮੀਟ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਰਾਹੁਲ ਚਾਬਾ, ਸਹਾਇਕ ਕਮਿਸ਼ਨਰ ਦਿਵਿਆ ਪੀ, ਐਸ.ਪੀ ਮੇਜਰ ਸਿੰਘ, ਗਰੁੱਪ ਦੇ ਚੇਅਰਮੈਨ ਗੁਰਵਿੰਦਰ ਸਿੰਘ ਬਾਹਰਾ ਅਤੇ ਜ਼ਿਲ੍ਹਾ ਸਵੀਪ ਨੋਡਲ ਅਫ਼ਸਰ ਪ੍ਰੀਤ ਕੋਹਲੀ ਦੀ ਅਗਵਾਈ ਵਿਚ ਸਵੀਪ ਗਤੀਵਿਧੀਆਂ ਤਹਿਤ ਵਿਦਿਆਰਥੀਆਂ ਨੂੰ ਵੋਟ ਦੇ ਅਧਿਕਾਰ ਪ੍ਰਤੀ ਜਾਗਰੂਕ ਕੀਤਾ ਗਿਆ। ਵਧੀਕ ਡਿਪਟੀ ਕਮਿਸ਼ਨਰ ਰਾਹੁਲ ਚਾਬਾ ਨੇ ਇਸ ਮੌਕੇ ਵਿਦਿਆਰਥੀਆਂ ਅਤੇ ਆਮ ਜਨਤਾ ਨੂੰ ਵੋਟ ਦੇ ਅਧਿਕਾਰ ਪ੍ਰਤੀ ਜਾਗਰੂਕ ਕਰਦੇ ਹੋਏ ਵੋਟ ਦੇ ਇਸ ਮਹਾ ਪਰਵ ਵਿਚ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੌਜਵਾਨਾਂ ਨੂੰ ਆਪਣੀ ਵੋਟ ਪ੍ਰਤੀ ਜਾਗਰੂਕ ਕਰਦੇ ਹੋਏ ਲੋਕਤੰਤਰ ਵਿਚ ਵੱਧ-ਚੜ੍ਹ ਕੇ ਸ਼ਮੂਲੀਅਤ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਇਕ ਮਜ਼ਬੂਤ ਲੋਕਤੰਤਰ ਦੇ ਨਿਰਮਾਣ ਵਿਚ ਯੁਵਾ ਵਰਗ ਦੀ ਇਕ ਮਹੱਤਵਪੂਰਨ ਭੂਮਿਕਾ ਹੈ। ਉਨ੍ਹਾ ਕਿਹਾ ਕਿ ਸਵੀਪ ਦੀਆਂ ਇਨ੍ਹਾਂ ਗਤੀਵਿਧੀਆਂ ਰਾਹੀਂ ਹਰ ਵਰਗ ਤੱਕ ਪਹੁੰਚ ਕੀਤੀ ਜਾ ਰਹੀ ਹੈ, ਤਾਂ ਜੋ ਲੋਕ ਸਭਾ ਚੋਣਾਂ-2024 ਦੌਰਾਨ ਜ਼ਿਲ੍ਹੇ ਵਿਚ ਵੋਟ ਪ੍ਰਤੀਸ਼ਤ ਨੂੰ ਵਧਾਇਆ ਜਾ ਸਕੇ। ਇਸ ਮੌਕੇ ਜ਼ਿਲ੍ਹਾ ਸਵੀਪ ਨੋਡਲ ਅਫ਼ਸਰ ਪ੍ਰੀਤ ਕੋਹਲੀ ਨੇ ਰਿਆਤ-ਬਾਹਰਾ ਗਰੁੱਪ ਆਫ਼ ਇੰਸਟੀਚਿਊਟਸ ਦੇ ਵਿਦਿਆਰਥੀਆਂ ਅਤੇ ਆਮ ਜਨਤਾ ਨੂੰ ਵੋਟ ਪਾਉਣ ਦੀ ਸਹੁੰ ਚੁਕਾਈ ਕਿ ਉਹ 1 ਜੂਨ ਨੂੰ ਆਪਣੇ ਵੋਟ ਦੇ ਅਧਿਕਾਰ ਦੀ ਜ਼ਰੂਰ ਵਰਤੋਂ ਕਰਨਗੇ। ਗਰੁੱਪ ਦੇ ਚੇਅਰਮੈਨ ਗੁਰਵਿੰਦਰ ਸਿੰਘ ਬਾਹਰਾ ਨੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਵਿਸ਼ਵਾਸ ਦਿਵਾਇਆ ਕਿ ਰਿਆਤ-ਬਾਹਰਾ ਗਰੁੱਪ ਵਲੋਂ ਸਾਰੇ ਯੋਗ ਵੋਟਰ ਆਪਣੇ ਵੋਟ ਦੇ ਅਧਿਕਾਰ ਦਾ ਜ਼ਰੂਰ ਵਰਤੋ. ਕਰਨਗੇ। ਉਨ੍ਹਾਂ ਦੱਸਿਆ ਕਿ ਵੋਟਾਂ ਪ੍ਰਤੀ ਜਾਗਰੂਕ ਕਰਨ ਲਈ ਗਰੁੱਪ ਵਲੋਂ ਲਗਾਤਾਰ ਗਤੀਵਿਧੀਆਂ ਵੀ ਕਰਵਾਈਆਂ ਜਾ ਰਹੀਆਂ ਹਨ। ਇਸ ਮੌਕੇ ਪ੍ਰਸਿੱਧ ਸਾਈਕਲਿਸਟ ਬਲਰਾਜ ਸਿੰਘ ਚੌਹਾਨ, ਗਰੁੱਪ ਦੇ ਵਾਈਸ ਪ੍ਰੈਜ਼ੀਡੈਂਟ ਪੰਕਜ ਵਰਮਾ, ਹਰਿੰਦਰ ਸਿੰਘ ਗਿੱਲ, ਸਹਾਇਕ ਲੋਕ ਸੰਪਰਕ ਅਫ਼ਸਰ ਲੋਕੇਸ਼ ਕੁਮਾਰ, ਡਾ. ਮੀਨਾਕਸ਼ੀ ਐਸ. ਚਾਂਦ, ਡਾ. ਰੰਗਨਾਥ ਸਿੰਘ, ਡਾ. ਪਲਵੀ ਪੰਡਿਤ, ਡਾ. ਜਿਓਤਸਨਾ, ਡਾਇਰੈਕਟਰ ਪ੍ਰਸ਼ਾਸਨ ਕੁਲਦੀਪ ਸਿੰਘ ਰਾਣਾ, ਰਜਿੰਦਰ ਮੈਡੀ, ਹਰਿੰਦਰ ਜਸਵਾਲ, ਗੁਰਪ੍ਰੀਤ ਬੇਦੀ ਤੋਂ ਇਲਾਵਾ ਹੋਰ ਪਤਵੰਤੇ ਵੀ ਮੌਜੂਦ ਸਨ।

# ਕਮਿਸ਼ਨਰ ਨੇ 'ਇਸਰੋ' ਲਈ ਵਿਦਿਆਰਥਣਾਂ ਨਾਲ ਮੁਲਾਕਾਤ ਕਰਕੇ ਵਧਾਇਆ ਹੌਸਲਾ



**ਹੁਸ਼ਿਆਰਪੁਰ, (ਓਮ ਪ੍ਰਕਾਸ਼ ਰਾਣਾ )**-ਸੁਪਨੇ ਜ਼ਰੂਰ ਦੇਖੋ ਅਤੇ ਉਨ੍ਹਾਂ ਨੂੰ ਹਕੀਕਤ ਵਿਚ ਬਦਲਣ ਲਈ ਜਾਨ ਨਾਲ ਮਿਹਨਤ ਕਰੋ, ਆਪਣੀ ਕਮਜ਼ੋਰੀਆਂ ਨੂੰ ਪਹਿਚਾਣੋ ਅਤੇ ਉਨ੍ਹਾਂ ਵਿਚ ਸੁਧਾਰ ਕਰਕੇ ਉਸ ਕੰਮ ਵਿਚ ਮੁਹਾਰਤ ਹਾਸਲ ਕਰੋ। ਜਿਸ ਦਿਨ ਇਸ ਦਿਸ਼ਾ ਵਿਚ ਤੁਸੀਂ ਕੰਮ ਕਰਨਾ ਸ਼ੁਰੂ ਕਰ ਦਿੱਤਾ, ਸਫਲਤਾ ਤੁਹਾਡੇ ਪੈਰ ਚੁੰਮੇਗੀ। ਇਹ ਵਿਚਾਰ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਭਾਰਤੀ ਪੁਲਾੜ ਖੋਜ ਸੰਸਥਾਨ (ਇਸਰੋ) ਦੇ ਯੁਵਿਕਾ ਪ੍ਰੋਗਰਾਮ ਵਿਚ ਟ੍ਰੇਨਿੰਗ ਲਈ ਚੁਣੀਆਂ ਹੁਸ਼ਿਆਰਪੁਰ ਦੇ ਸਰਕਾਰੀ ਸਕੂਲਾਂ ਦੀਆਂ ਦੋ ਵਿਦਿਆਰਥਣਾਂ ਨਾਲ ਗੱਲਬਾਤ ਦੌਰਾਨ ਪ੍ਰਗਟ ਕੀਤੇ। ਅੱਜ ਉਨ੍ਹਾਂ ਆਪਣੇ ਦਫ਼ਤਰ ਵਿਚ 'ਇਸਰੋ' ਵਿਚ ਨੌਜਵਾਨ ਵਿਗਿਆਨੀ ਪ੍ਰੋਗਰਾਮ (ਯੁਵਿਕਾ-2024) ਟ੍ਰੇਨਿੰਗ ਲਈ ਚੁਣੇ ਜਾਣ 'ਤੇ ਵਿਦਿਆਰਥਣਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦਾ ਹੌਸਲਾ ਵਧਾਇਆ ਅਤੇ ਉਨ੍ਹਾਂ ਨੂੰ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਵਿਦਿਆਰਥਣਾਂ, ਅਧਿਆਪਕਾਂ ਅਤੇ ਮਾਪਿਆਂ ਨੂੰ ਉਨ੍ਹਾਂ ਦੀ ਸਫਲਤਾ ਲਈ ਵੀ ਵਧਾਈ ਦਿੱਤੀ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਪ੍ਰੋਗਰਾਮ ਨਾਲ ਵੱਧ ਤੋਂ ਵੱਧ ਵਿਦਿਆਰਥੀਆਂ ਦੇ ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ ਅਤੇ ਗਣਿਤ (ਐਸ.ਟੀ.ਈ.ਐਮ) ਵਿਚ ਅੱਗੇ ਵਧਣ ਦੀ ਆਸ ਹੈ। ਉਨ੍ਹਾਂ ਕਿਹਾ ਕਿ ਪ੍ਰੋਗਰਾਮ ਦਾ ਉਦੇਸ਼ ਨੌਜਵਾਨ ਦਿਮਾਗਾਂ ਨੂੰ ਪੁਲਾੜ ਵਿਗਿਆਨ ਅਤੇ ਤਕਨਾਲੋਜੀ ਵਿਚ ਕੈਰੀਅਰ ਬਣਾਉਣ ਲਈ ਪ੍ਰੇਰਿਤ ਅਤੇ ਉਤਸ਼ਾਹਤ ਕਰਨਾ ਹੈ। ਭਾਰਤੀ ਪੁਲਾੜ ਖੋਜ ਸੰਗਠਨ ਦੁਆਰਾ ਆਯੋਜਿਤ ਯੁਵਿਕਾ ਪ੍ਰੋਗਰਾਮ ਅਧੀਨ ਹੁਸ਼ਿਆਰਪੁਰ ਜ਼ਿਲ੍ਹੇ ਦੇ ਸਰਕਾਰੀ ਹਾਈ ਸਕੂਲ ਗੋਵਿੰਦਪੁਰ ਖੁਣਖੁਣ ਦੀ ਨੌਵੀਂ ਜਮਾਤ ਦੀ ਹੋਣਹਾਰ ਵਿਦਿਆਰਥਣ ਗੁਰਲੀਨ ਕੌਰ ਅਤੇ ਸਰਕਾਰੀ ਹਾਈ ਸਕੂਲ ਜੁਝਾਰ ਚਠਿਆਲ ਦੀ ਨੌਵੀਂ ਜਮਾਤ ਦੀ ਵਿਦਿਆਰਥਣ ਅਰਸ਼ਪ੍ਰੀਤ ਕੌਰ ਨੇ ਪੂਰੇ ਭਾਰਤ ਵਿਚੋਂ ਚੁਣੇ ਗਏ 350 ਵਿਦਿਆਰਥੀਆਂ ਵਿਚ ਆਪਣਾ ਸਥਾਨ ਬਣਾਇਆ ਹੈ।ਕੋਮਲ ਮਿੱਤਲ ਨੇ ਕਿਹਾ ਕਿ ਇਨ੍ਹਾਂ ਸਕੂਲਾਂ ਦੇ ਬੱਚੇ ਪਹਿਲਾਂ ਵੀ ਰਾਸ਼ਟਰੀ ਪੱਧਰ 'ਤੇ ਆਪਣਾ ਸਥਾਨ ਬਣਾ ਚੁੱਕੇ ਹਨ ਅਤੇ ਵਿਗਿਆਨ ਦੇ ਵਿਸ਼ੇ ਵਿਚ ਬੱਚਿਆਂ ਦੀ ਮੁਹਾਰਤ ਆਪਣੇ ਆਪ ਵਿਚ ਦੂਸਰਿਆਂ ਲਈ ਇਕ ਉਦਾਹਰਨ ਬਣਦੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਗੱਲ ਦੀ ਖੁਸ਼ੀ ਹੈ ਕਿ ਇਨ੍ਹਾਂ ਸਕੂਲਾਂ ਦੀਆਂ ਵਿਦਿਆਥਣਾਂ ਨੂੰ ਇਸਰੋ ਦੁਆਰਾ ਚੁਣਿਆ ਗਿਆ ਹੈ। ਉਨ੍ਹਾਂ ਕਿਹਾ ਕਿ ਗਾਈਡ ਅਧਿਆਪਕ ਦੇ ਨਾਲ-ਨਾਲ ਦੂਸਰੇ ਸਟਾਫ ਮੈਂਬਰਾਂ ਨੇ ਵੀ ਉਨ੍ਹਾਂ ਦੀ ਸਫਲਤਾ ਵਿਚ ਅਹਿਮ ਯੋਗਦਾਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਗੁਰਲੀਨ ਅਤੇ ਅਰਸ਼ਪ੍ਰੀਤ ਦੀ ਇਸ ਸਫਲਤਾ ਨਾਲ ਦੂਸਰੇ ਵਿਦਿਆਰਥੀਆਂ ਨੂੰ ਵੀ ਅੱਗੇ ਵਧਣ ਵਿਚ ਮਦਦ ਮਿਲੇਗੀ।ਡਿਪਟੀ ਕਮਿਸ਼ਨਰ ਨੇ ਵਿਦਿਆਰਥਣਾਂ ਨੂੰ ਕਿਹਾ ਕਿ ਉਹ ਭਵਿੱਖ ਵਿਚ ਕਿਸੇ ਵੀ ਖੇਤਰ ਵਿਚ ਜਾਣ, ਪਰ ਚੰਗੇ ਨਾਗਰਿਕ ਦੀ ਜ਼ਿੰਮੇਵਾਰੀ ਨਿਭਾਉਂਦੇ ਹੋਏ ਸਮਾਜ ਲਈ ਕੁਝ ਨਾ ਕੁਝ ਜ਼ਰੂਰ ਕਰਨ।ਇਸ ਮੌਕੇ ਸਹਾਇਕ ਕਮਿਸ਼ਨਰ ਦਿਵਿਆ ਪੀ, ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਗੁਰਿੰਦਰਜੀਤ ਕੌਰ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਧੀਰਜ ਵਸ਼ਿਸ਼ਟ, ਸਰਕਾਰੀ ਹਾਈ ਸਕੂਲ ਗੋਵਿੰਦਪੁਰ ਖੁਣਖੁਣ ਦੀ ਮੁੱਖ ਅਧਿਆਪਕਾ ਸਮਰਿਤੂ ਰਾਣਾ ਅਤੇ ਗਾਈਡ ਅਧਿਆਪਕਾ ਪਵਨ ਚੌਧਰੀ, ਸਰਕਾਰੀ ਹਾਈ ਸਕੂਲ ਜੁਝਾਰ ਚਠਿਆਲ ਦੇ ਇੰਚਾਰਜ ਮੁੱਖ ਅਧਿਆਪਕ ਸਤਪਾਲ ਅਤੇ ਗਾਈਡ ਅਧਿਆਪਕ ਅਮਨਪ੍ਰੀਤ ਸਿੰਘ ਸਹੋਤਾ ਵੀ ਮੌਜੂਦ ਸਨ।

# ਪੰਜਾਬ 'ਚ ਹਿੰਦੂ ਚਿਹਰਿਆਂ 'ਤੇ ਦਾਅ ਖੇਡ ਸਕਦੈ ਅਕਾਲੀ ਦਲ

**ਜਲੰਧਰ (ਸੁਰਿੰਦਰ ਕੁਮਾਰ)**- ਹੁਣ ਅਕਾਲੀ ਦਲ ਪਾਰਟੀ ਨੂੰ ਬਚਾਉਣ ਲਈ ਹਿੰਦੂਆਂ ਦਾ ਸਹਾਰਾ ਲੈਣ ਲਈ ਮਜਬੂਰ ਹੋ ਗਿਆ ਹੈ ਜਿਸ ਦਾ ਖੁਲਾਸਾ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਖੁਦ ਇੱਕ ਬੈਠਕ 'ਚ ਕੀਤਾ। 2019 ਦੀਆਂ ਚੋਣਾਂ 'ਚ 10 ਸੀਟਾਂ 'ਤੇ ਚੋਣ ਲੜਨ ਵਾਲਾ ਅਕਾਲੀ ਦਲ ਇਸ ਵਾਰ 13 ਸੀਟਾਂ 'ਤੇ ਚੋਣ ਲੜੇਗਾ। ਜਿਸ ਕਾਰਨ ਪਾਰਟੀ ਇੱਕ ਵੱਡਾ ਦਾਅ ਖੇਡਣ ਜਾ ਰਹੀ ਹੈ। ਅਕਾਲੀ ਦਲ ਪਟਿਆਲਾ ਅਤੇ ਅੰਮ੍ਰਿਤਸਰ ਸੀਟਾਂ 'ਤੇ ਹਿੰਦੂ ਚਿਹਰੇ ਉਤਾਰਨ 'ਤੇ ਵਿਚਾਰ ਕਰ ਰਿਹਾ ਹੈ।ਇਸ ਵਾਰ ਕੋਈ ਵੀ ਪਾਰਟੀ ਕਿਸੇ ਗੱਠਜੋੜ ਨਾਲ ਲੋਕ ਸਭਾ ਚੋਣਾਂ ਨਹੀਂ ਲੜ ਰਹੀ। ਜਿਸ ਕਾਰਨ ਪੰਜਾਬ ਦੇ ਸਮੀਕਰਨ ਬਦਲਣੇ ਸ਼ੁਰੂ ਹੋ ਗਏ ਹਨ। ਹਿੰਦੂ ਪਾਰਟੀ ਦੇ ਟੈਗ ਨਾਲ ਚੱਲਣ ਵਾਲੀ ਭਾਜਪਾ ਨੇ ਸਿੱਖ ਚਿਹਰਿਆਂ ਨੂੰ ਮੈਦਾਨ ਵਿੱਚ ਉਤਾਰਿਆ ਹੈ, ਜਦਕਿ ਪੰਥਕ ਪਾਰਟੀ ਅਕਾਲੀ ਦਲ ਹਿੰਦੂ ਚਿਹਰਿਆਂ ਨੂੰ ਮੈਦਾਨ ਵਿੱਚ ਉਤਾਰਨ ਬਾਰੇ ਵਿਚਾਰ ਕਰ ਰਿਹਾ ਹੈ। ਹਰ ਕੋਈ ਪੰਜਾਬ ਵਿੱਚ ਆਪਣੇ ਆਪ ਨੂੰ ਧਰਮ ਨਿਰਪੱਖ ਦਿਖਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। 2019 ਦੀਆਂ ਚੋਣਾਂ 'ਚ 10 ਸੀਟਾਂ 'ਤੇ ਚੋਣ ਲੜਨ ਵਾਲਾ ਅਕਾਲੀ ਦਲ ਇਸ ਵਾਰ 13 ਸੀਟਾਂ 'ਤੇ ਚੋਣ ਲੜੇਗਾ। ਜਿਸ ਕਾਰਨ ਪਾਰਟੀ ਇੱਕ ਵੱਡਾ ਦਾਅ ਖੇਡਣ ਜਾ ਰਹੀ ਹੈ। ਅਕਾਲੀ ਦਲ ਪਟਿਆਲਾ ਅਤੇ ਅੰਮ੍ਰਿਤਸਰ ਸੀਟਾਂ 'ਤੇ ਹਿੰਦੂ ਚਿਹਰੇ ਉਤਾਰਨ 'ਤੇ ਵਿਚਾਰ ਕਰ ਰਿਹਾ ਹੈ। ਪਟਿਆਲਾ ਵਿੱਚ ਅਕਾਲੀ ਦਲ ਸ਼ਾਹੀ ਪਰਵਾਰ ਦੀ ਨੂੰਹ ਪ੍ਰਨੀਤ ਕੌਰ ਦੇ ਮੁਕਾਬਲੇ ਐਨ ਕੇ ਸ਼ਰਮਾ ਨੂੰ ਮੈਦਾਨ ਵਿੱਚ ਉਤਾਰਨ ਬਾਰੇ ਸੋਚ ਰਿਹਾ ਹੈ, ਜਦਕਿ ਅੰਮ੍ਰਿਤਸਰ ਤੋਂ ਅਨਿਲ ਜੋਸ਼ੀ ਨੂੰ ਮੈਦਾਨ ਵਿੱਚ ਉਤਾਰਨ ਬਾਰੇ ਵਿਚਾਰ ਕਰ ਰਿਹਾ ਹੈ।

ਐਨ ਕੇ ਸ਼ਰਮਾ ਡੇਰਾਬੱਸੀ ਤੋਂ ਅਕਾਲੀ ਦਲ ਦੇ ਵਿਧਾਇਕ ਰਹਿ ਚੁੱਕੇ ਹਨ। ਇਸ ਦੇ ਨਾਲ ਹੀ ਅਨਿਲ ਜੋਸ਼ੀ ਭਾਜਪਾ 'ਚ ਕੈਬਨਿਟ ਮੰਤਰੀ ਸਨ। ਦੋਵੇਂ ਆਪਣੇ ਸਰਕਲ 'ਚ ਕੰਮ ਕਰਕੇ ਜਾਣੇ ਜਾਂਦੇ ਹਨ। ਦੋਵਾਂ ਦੇ ਨਾਵਾਂ 'ਤੇ ਲਗਭਗ ਸਹਿਮਤੀ ਬਣ ਗਈ ਹੈ। ਲੋਕ ਸਭਾ ਸੀਟਾਂ ਸਬੰਧੀ ਅਕਾਲੀ ਦਲ ਦੀ ਮੀਟਿੰਗ ਵਿੱਚ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਦੇ ਨਾਲ ਜ਼ਿਲ੍ਹਾ ਇਕਾਈਆਂ ਨੇ ਵੀ ਸ਼ਮੂਲੀਅਤ ਕੀਤੀ। ਅੰਮ੍ਰਿਤਸਰ ਹਿੰਦੂ ਵੋਟਰਾਂ ਵਾਲਾ ਜ਼ਿਲ੍ਹਾ ਹੈ, ਜਦੋਂ ਕਿ ਜੇਕਰ ਪਟਿਆਲਾ ਦੀ ਗੱਲ ਕਰੀਏ ਤਾਂ ਡੇਰਾਬੱਸੀ ਵਿੱਚ ਐਨ ਕੇ ਸ਼ਰਮਾ ਦਾ ਚੰਗਾ ਪ੍ਰਭਾਵ ਹੈ। ਇਸ ਤੋਂ ਇਲਾਵਾ ਪਟਿਆਲਾ ਅਤੇ ਨਾਭਾ ਵੀ ਹਿੰਦੂ ਵੋਟਰ ਖੇਤਰ ਹਨ। ਅਜਿਹੇ 'ਚ ਜੇਕਰ ਪਾਰਟੀ ਇੱਥੇ ਹਿੰਦੂ ਚਿਹਰਾ ਪੇਸ਼ ਕਰਦੀ ਹੈ ਤਾਂ ਪਾਰਟੀ ਨੂੰ ਇਸ ਤੋਂ ਦੋ ਫਾਇਦੇ ਹੋਣ ਵਾਲੇ ਹਨ।ਜਿਸ ਵਿੱਚ ਪਾਰਟੀ ਪਹਿਲਾਂ ਹਿੰਦੂ ਵੋਟਰਾਂ ਨੂੰ ਆਪਣੇ ਪੱਖ 'ਚ ਕਰਨ ਵਿੱਚ ਕਾਮਯਾਬ ਹੋਵੇਗੀ। ਇਸ ਦੇ ਨਾਲ ਹੀ ਅਕਾਲੀ ਦਲ 'ਤੇ ਪੰਥਕ ਪਾਰਟੀ ਦੀ ਪਕੜ ਦੂਰ ਹੋ ਜਾਵੇਗੀ ਅਤੇ ਇਹ ਆਪਣੇ ਆਪ ਨੂੰ ਧਰਮ ਨਿਰਪੱਖ ਪਾਰਟੀ ਜਾਂ ਪੰਜਾਬ ਦੀ ਪੂਰੀ ਤਰ੍ਹਾਂ ਖੇਤਰੀ ਪਾਰਟੀ ਕਹਾਉਣ ਦੇ ਯੋਗ ਹੋ ਜਾਵੇਗੀ।

# ਜਮਹੂਰੀ ਅਧਿਕਾਰ ਸਭਾ ਦੇ ਡਾ. ਚੀਮਾ ਪ੍ਰਧਾਨ ਤੇ ਡਾ. ਔਜਲਾ ਸਕੱਤਰ ਬਣੇ



**ਜਲੰਧਰ ( ਰਾਜੇਸ਼ ਥਾਪਾ )**-ਜਮਹੂਰੀ ਅਧਿਕਾਰ ਸਭਾ (ਪੰਜਾਬ) ਜ਼ਿਲ੍ਹਾ ਜਲੰਧਰ ਦਾ ਡੈਲੀਗੇਟ ਇਜਲਾਸ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਮਾਸਟਰ ਕਰਨੈਲ ਸਿੰਘ,ਜਸਵਿੰਦਰ ਸਿੰਘ ਭੋਗਲ ਅਤੇ ਜੋਗਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਅਤੇ ਸੂਬਾਈ ਆਬਜਰਵਰ ਡਾ. ਪਰਮਿੰਦਰ ਸਿੰਘ ਅਤੇ ਬੂਟਾ ਸਿੰਘ ਮਹਿਮੂਦਪੁਰ ਦੀ ਨਿਗਰਾਨੀ ਹੇਠ ਸਫ਼ਲਤਾ ਪੂਰਵਕ ਨੇਪਰੇ ਚੜ੍ਹਿਆ।ਇਜਲਾਸ ਦੇ ਸ਼ੁਰੂ 'ਚ ਕੌਮੀ ਮੁਕਤੀ ਲਹਿਰ ਦੇ ਮਹਾਨ ਸ਼ਹੀਦਾਂ ਅਤੇ ਜਮਹੂਰੀ ਹੱਕਾਂ ਲਈ ਸੰਘਰਸ਼ ਵਾਲੇ ਕਾਫ਼ਲੇ ਵਿਚੋਂ ਵਿਛੜੇ ਸਾਥੀਆਂ ਨੂੰ ਖੜ੍ਹੇ ਹੋ ਕੇ ਸਿਜਦਾ ਕੀਤਾ। ਸਭਾ ਦੇ ਮੀਤ ਪ੍ਰਧਾਨ ਜਸਵਿੰਦਰ ਸਿੰਘ ਭੋਗਲ ਨੇ ਇਜਲਾਸ ਦੀ ਸ਼ੁਰੂਆਤ 'ਚ ਆਉਣ ਵਾਲੀਆਂ ਚੁਣੌਤੀਆਂ ਦਾ ਜ਼ਿਕਰ ਕਰਦਿਆ ਉਨ੍ਹਾਂ ਦੇ ਟਾਕਰੇ ਲਈ ਜਨਤਕ ਜਮਹੂਰੀ ਲਹਿਰ ਨੂੰ ਮਜ਼ਬੂਤ ਕਰਨ ਦਾ ਸੱਦਾ ਦਿਤਾ। ਸਭਾ ਦੇ ਸਕੱਤਰ ਡਾ. ਮੰਗਤ ਰਾਏ ਔਜਲਾ ਨੇ ਪਿਛਲੇ 2 ਸਾਲਾਂ ਦੀ ਜਥੇਬੰਦਕ ਸਰਗਰਮੀਆਂ ਦੀ ਰਿਪੋਰਟ ਪੇਸ਼ ਕੀਤੀ,ਜਿਸਨੂੰ ਸਰਵਸੰਮਤੀ ਨਾਲ ਡੈਲੀਗੇਟਾਂ ਵੱਲੋ ਪਾਸ ਕੀਤਾ ਗਿਆ। ਸੂਬਾਈ ਆਬਜਰਵਰ ਡਾ. ਪਰਮਿੰਦਰ ਸਿੰਘ ਅਤੇ ਬੂਟਾ ਸਿੰਘ ਮਹਿਮੂਦਪੁਰ ਨੇ ਡੈਲੀਗੇਟਾਂ ਨੂੰ ਸੰਬੋਧਨ ਕਰਦੇ ਕਿਹਾ ਕਿ ਹਰ ਵੰਨਗੀ ਦੀਆਂ ਸਰਕਾਰਾਂ ਕਾਲ਼ੇ ਕਾਨੂੰਨ ਘੜਕੇ ਮਨੁੱਖੀ ਅਧਿਕਾਰਾਂ ਅਤੇ ਸ਼ਹਿਰੀ ਆਜ਼ਾਦੀਆਂ ਨੂੰ ਕੁਚਲ ਰਹੀਆਂ ਹਨ। ਗੁੰਡਾ ਗਿਰੋਹਾਂ ਅਤੇ ਫਿਰਕਾਪ੍ਰਤ ਤੱਤਾਂ ਦੇ ਹਮਲਿਆਂ ਰਾਂਹੀ ਉਹ ਲੋਕ ਸੰਘਰਸ਼ਾਂ ਨੂੰ ਕੁਚਲ ਰਹੀਆਂ ਹਨ। ਉਨ੍ਹਾਂ ਜਮਹੂਰੀ ਹੱਕਾਂ ਦੀ ਰਾਖੀ ਲਈ ਜਨਤਕ ਜਮਹੂਰੀ ਲਹਿਰ ਨੂੰ ਮਜ਼ਬੂਤ ਕਰਨ ਦਾ ਸੱਦਾ ਦਿੱਤਾ।ਅਗਲੇ 2 ਸਾਲਾਂ ਲਈ ਸਰਵਸੰਮਤੀ ਨਾਲ਼ ਡਾ. ਜਗਜੀਤ ਸਿੰਘ ਚੀਮਾ ਪ੍ਰਧਾਨ, ਡਾ. ਮੰਗਤ ਰਾਏ ਔਜਲਾ ਸਕੱਤਰ, ਜਸਵਿੰਦਰ ਸਿੰਘ ਭੋਗਲ ਮੀਤ ਪ੍ਰਧਾਨ, ਪਰਮਜੀਤ ਸਿੰਘ ਕੜਿਆਨਾ ਸਹਾਇਕ ਸਕੱਤਰ, ਮਾਸਟਰ ਕਰਨੈਲ ਸਿੰਘ ਵਿੱਤ ਸਕੱਤਰ ਚੁਣੇ ਗਏ।ਜੋਗਿੰਦਰ ਸਿੰਘ, ਮਾਸਟਰ ਲਵਿੰਦਰ ਸਿੰਘ,ਗੁਰਮੇਲ ਸਿੰਘ, ਡਾ. ਸੈਲੇਸ਼,ਪਰਮਜੀਤ ਸਿੰਘ ਕਲਸੀ ਅਤੇ ਗੁਰਦੇਵ ਸਿੰਘ ਐਗਜੈਕਟਿਵ ਕਮੇਟੀ ਮੈਂਬਰ ਚੁਣੇ ਗਏ।ਚੁਣੇ ਗਏ ਜ਼ਿਲ੍ਹਾ ਪ੍ਰਧਾਨ ਤੇ ਜ਼ਿਲ੍ਹਾ ਸਕੱਤਰ ਸਮੇਤ ਪਰਮਜੀਤ ਸਿੰਘ ਕੜਿਆਨਾ,ਜਸਵਿੰਦਰ ਸਿੰਘ ਭੋਗਲ,ਗੁਰਮੀਤ ਸਿੰਘ ਕੋਟਲੀ,ਗੁਰਮੇਲ ਸਿੰਘ,ਰਾਜ ਕੁਮਾਰ,ਗੁਰਦੇਵ ਸਿੰਘ,ਜੋਗਿੰਦਰ ਸਿੰਘ ਅਤੇ ਦੇਸ ਰਾਜ ਜਾਫਰਵਾਲ ਸੂਬਾ ਡੈਲੀਗੇਟ ਚੁਣੇ ਗਏ।

## ਸਰਕਾਰੀ ਪ੍ਰਾਇਮਰੀ ਸਕੂਲ ਸੁੰਨੜ ਕਲਾਂ ਦਾ ਪੰਜਵੀਂ ਜਮਾਤ ਦਾ ਨਤੀਜਾ ਰਿਹਾ ਸ਼ਾਨਦਾਰ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪੰਜਵੀ ਜਮਾਤ ਦਾ ਨਤੀਜਾ ਘੋਸ਼ਿਤ ਕਰ ਦਿੱਤਾ ਹੈ। ਜਿਸ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਪਿੰਡ ਸੁੰਨੜ ਕਲਾਂ ਦੇ ਵਿਦਿਆਰਥੀਆਂ ਦੀ ਪੂਰੀ ਬੱਲੇ-ਬੱਲੇ ਹੈ। ਬੱਚੀਆਂ ਵਲੋਂ ਲਗਾਤਾਰ ਪੰਜਵੀਂ ਜਮਾਤ ਦੇ ਨਤੀਜੇ ਵਿੱਚ ਵਧੀਆ ਪ੍ਰਦਰਸ਼ਨ ਕੀਤਾ ਹੈ। ਸਕੂਲ ਮੁਖੀ ਸੁਰਜੀਤ ਕੁਮਾਰ ਨੇ ਦੱਸਿਆ ਕਿ ਸਰਕਾਰੀ ਪ੍ਰਾਇਮਰੀ ਸਕੂਲ ਦਾ ਨਤੀਜਾ 100 ਫੀਸਦੀ ਰਿਹਾ ਹੈ। ਵਿਦਿਆਰਥੀ ਚੰਗੇ ਨੰਬਰਾਂ ਨਾਲ ਪਾਸ ਹੋਏ ਹਨ।ਅਰਸ਼ਦੀਪ ਪੁੱਤਰ ਮੇਜਰ ਸਿੰਘ ਨੇ 500 ਵਿੱਚੋਂ 467 ਨੰਬਰ ਪ੍ਰਾਪਤ ਕਰ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਦੂਜਾ ਸਥਾਨ ਰੀਤੀਕਾ ਲਗਾਹ ਪੁੱਤਰੀ ਪੱਤਰਕਾਰ ਅਵਤਾਰ ਚੰਦ ਨੇ 500 ਵਿੱਚੋਂ 441 ਅੰਕ ਲੈ ਕੇ ਪ੍ਰਾਪਤ ਕੀਤਾ। ਤੀਸਰਾ ਸਥਾਨ ਨਵਪ੍ਰੀਤ ਪੁੱਤਰੀ ਹਰਭਜਨ ਸਿੰਘ ਨੇ 500 ਵਿੱਚੋਂ 356 ਅੰਕ ਲੈ ਕੇ ਪ੍ਰਾਪਤ ਕੀਤਾ। ਸੁੰਨੜ ਕਲਾਂ ਦੇ ਪੰਜਵੀਂ ਜਮਾਤ ਦੇ ਸਾਲਾਨਾ ਨਤੀਜਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਲਈ ਸਕੂਲ ਮੁਖੀ ਵੱਲੋਂ ਸਕੂਲ ਅਧਿਆਪਕਾਂ ਦੀ ਮਿਹਨਤ ਦੀ ਸਰਾਹਨਾ ਕੀਤੀ ਗਈ ਹੈ। ਵਿਦਿਆਰਥੀਆਂ ਤੇ ਮਾਪਿਆਂ ਨੂੰ ਵਧਾਈਆਂ ਅਤੇ ਸ਼ੁਭਕਾਮਨਾਵਾਂ ਦਿੰਦਿਆਂ ਅਗਲੇਰੀ ਪੜ੍ਹਾਈ ਲਈ ਜੁੱਟ ਜਾਣ ਲਈ ਕਿਹਾ।

## ਐੱਲ ਪੀ ਯੂ ਅੰਤਰ 'ਵਰਸਿਟੀ ਨੈਸ਼ਨਲ ਯੂਥ ਫੈਸਟੀਵਲ 'ਚ ਰਾਸ਼ਟਰੀ ਵਿਜੇਤਾ ਵਜੋਂ ਉੱਭਰਿਆ



**ਜਲੰਧਰ (ਸ਼ੈਲੀ ਐਲਬਰਟ)**:- ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ (ਐੱਲ. ਪੀ. ਯੂ.) ਨੇ 37ਵੇਂ ਰਾਸ਼ਟਰੀ ਯੁਵਕ ਮੇਲੇ 2024 ਵਿੱਚ ਓਵਰਆਲ ਨੈਸ਼ਨਲ ਵਿਨਰ ਵਜੋਂ ਉੱਭਰ ਕੇ ਇੱਕ ਸ਼ਾਨਦਾਰ ਉਪਲਬਧੀ ਹਾਸਲ ਕੀਤੀ ਹੈ। ਇਹ ਵੱਕਾਰੀ ਮੇਲਾ, ਜੋ ਹੁਨਰ - ਹਾਰਵੈਸਟਿੰਗ ਨੈਸ਼ਨਲ ਟੇਲੈਂਟ ਵਜੋਂ ਜਾਣਿਆ ਗਿਆ । ਪੰਜਾਬ ਐਗਰੀਕਲਚਰਲ ਯੂਨੀਵਰਸਿਟੀ (ਲੁਧਿਆਣਾ) ਵਿਖੇ ਹੋਇਆ । ਐਸੋਸੀਏਸ਼ਨ ਆਫ਼ ਇੰਡੀਅਨ ਯੂਨੀਵਰਸਿਟੀਜ਼ (ਏ.ਆਈ.ਯੂ.) ਦੀ ਅਗਵਾਈ ਹੇਠ. ਫੈਸਟੀਵਲ ਵਿੱਚ ਭਾਰਤ ਭਰ ਦੀਆਂ 120 ਤੋਂ ਵੱਧ ਯੂਨੀਵਰਸਿਟੀਆਂ ਦੀ ਨੁਮਾਇੰਦਗੀ ਕਰਨ ਵਾਲੇ 2200 ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ । ਵਿਦਿਆਰਥੀਆਂ ਨੇ ਸਾਰੇ 8 ਜ਼ੋਨਾਂ ਦੀਆਂ 51200 ਸੰਸਥਾਵਾਂ ਅਤੇ ਯੂਨੀਵਰਸਿਟੀਆਂ ਦੇ 3.5 ਕਰੋੜ ਭਾਰਤੀ ਵਿਦਿਆਰਥੀਆਂ ਵਿੱਚ ਸਰਵਉੱਚਤਾ ਦਾ ਪ੍ਰਦਰਸ਼ਨ ਕਰਕੇ ਇਤਿਹਾਸ ਵੀ ਰਚਿਆ । ਐਲਪੀਯੂ ਦੇ ਬੇਮਿਸਾਲ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਨੇ ਆਪਣੇ ਹੁਨਰ ਦਾ ਪ੍ਰਦਰਸ਼ਨ ਕੀਤਾ ਅਤੇ ਥੀਏਟਰ, ਸਾਹਿਤ, ਸੰਗੀਤ, ਡਾਂਸ ਅਤੇ ਫਾਈਨ ਆਰਟਸ ਦੀਆਂ ਚੋਟੀ ਦੀਆਂ 5 ਸ਼ੈਲੀਆਂ ਵਿੱਚ ਹੋਰ ਸਾਰੇ ਪ੍ਰਤੀਯੋਗੀਆਂ ਨੂੰ ਪਛਾੜ ਦਿੱਤਾ। ਇਸ ਸ਼ਾਨਦਾਰ ਪ੍ਰਦਰਸ਼ਨ ਨੇ ਐਲਪੀਯੂ ਨੂੰ ਓਵਰਆਲ ਇੰਟਰ-ਯੂਨੀਵਰਸਿਟੀ ਨੈਸ਼ਨਲ ਚੈਂਪੀਅਨਸ਼ਿਪ ਟਰਾਫੀ-2024 ਹਾਸਲ ਕਰਨ ਦੀ ਅਗਵਾਈ ਕੀਤੀ। ਯੂਨੀਵਰਸਿਟੀ ਦੀ ਵੰਨ-ਸੁਵੰਨੀ ਅਤੇ ਜੀਵੰਤ ਸੱਭਿਆਚਾਰਕ ਪਹਿਚਾਣ ਨੇ ਭਾਰਤ ਦੀ ਅਮੀਰ ਵਿਰਾਸਤ ਨੂੰ ਉਜਾਗਰ ਕਰਦੇ ਹੋਏ ਅਮਿੱਟ ਛਾਪ ਛੱਡੀ ਹੈ । ਇੱਕ ਪ੍ਰਾਈਵੇਟ ਯੂਨੀਵਰਸਿਟੀ ਲਈ ਇਸ ਉੱਚ ਮੁਕਾਬਲੇ ਵਾਲੇ ਯੁਵਕ ਮੇਲੇ ਨੂੰ ਜਿੱਤਣਾ ਇੱਕ ਦੁਰਲੱਭ ਅਤੇ ਕਮਾਲ ਦੀ ਪ੍ਰਾਪਤੀ ਹੈ, ਜਿੱਥੇ ਦਿੱਲੀ ਯੂਨੀਵਰਸਿਟੀ, ਪੁਣੇ, ਚੇਨਈ ਅਤੇ ਮੁੰਬਈ ਵਰਗੀਆਂ ਸੰਸਥਾਵਾਂ ਹਿੱਸਾ ਲੈਂਦੀਆਂ ਹਨ । ਐਲਪੀਯੂ ਦੀ ਜਿੱਤ ਇਸ ਦੇ ਵਿਦਿਆਰਥੀਆਂ ਦੀ ਬੇਮਿਸਾਲ ਪ੍ਰਤਿਭਾ ਅਤੇ ਸਮਰਪਣ ਨੂੰ ਦਰਸਾਉਂਦੀ ਹੈ, ਜੋ ਉੱਤਮਤਾ ਲਈ ਇੱਕ ਨਵਾਂ ਮਾਪਦੰਡ ਸਥਾਪਤ ਕਰਦੀ ਹੈ। ਐਲਪੀਯੂ ਦੇ ਬਹੁ-ਪ੍ਰਤਿਭਾਸ਼ਾਲੀ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਰਾਸ਼ਟਰੀ ਚੈਂਪੀਅਨਸ਼ਿਪ ਤੇ ਵਧਾਈ ਦਿੰਦੇ ਹੋਏ, ਐਲਪੀਯੂ ਦੇ ਸੰਸਥਾਪਕ ਚਾਂਸਲਰ ਅਤੇ ਸੰਸਦ (ਰਾਜ ਸਭਾ) ਦੇ ਮੈਂਬਰ ਡਾ. ਅਸ਼ੋਕ ਕੁਮਾਰ ਮਿੱਤਲ ਨੇ ਇਸ ਜਿੱਤ ਤੇ ਪ੍ਰਸ਼ੰਸਾ ਪ੍ਰਗਟ ਕੀਤੀ ਅਤੇ ਉਨ੍ਹਾਂ ਨੂੰ ਉਤਸ਼ਾਹਤ ਕਰਦੇ ਕਿਹਾ ਕਿ ਜਸ਼ਨ ਦੇ ਦੌਰਾਨ ਜਿੱਤਣ ਦੀ ਭਾਵਨਾ ਨੂੰ ਹਮੇਸ਼ਾ ਬਰਕਰਾਰ ਰੱਖਣ। ਉਨਾਂ ਦੇਸ਼ ਦੀ ਸੱਭਿਆਚਾਰਕ ਵਿਰਾਸਤ ਨੂੰ ਪ੍ਰਦਰਸ਼ਿਤ ਕਰਨ ਵਿੱਚ ਅਜਿਹੀ ਸ਼ਾਨਦਾਰ ਭਾਗੀਦਾਰੀ ਦੀ ਮਹੱਤਤਾ ਨੂੰ ਬਣਾਏ ਰੱਖਣ 'ਤੇ ਵੀ ਜ਼ੋਰ ਦਿੱਤਾ। ਚਾਂਸਲਰ ਡਾ: ਮਿੱਤਲ ਨੇ ਰਾਸ਼ਟਰੀ ਜੇਤੂਆਂ ਨੂੰ ਉਤਸ਼ਾਹਿਤ ਕੀਤਾ । ਪ੍ਰੋ-ਚਾਂਸਲਰ ਸ਼੍ਰੀਮਤੀ ਰਸ਼ਮੀ ਮਿੱਤਲ ਨੇ ਉਨ੍ਹਾਂ ਦੀ ਲਗਾਤਾਰ ਜਿੱਤਾਂ ਅਤੇ ਤਰੱਕੀ ਲਈ ਕਾਮਨਾ ਕੀਤੀ ਅਤੇ ਸਲਾਹ ਦਿੱਤੀ ਕਿ ਉਹ ਹਮੇਸ਼ਾ ਆਪਣੇ ਯਤਨਾਂ 'ਤੇ ਧਿਆਨ ਕੇਂਦਰਿਤ ਕਰਨ, ਭਾਵੇਂ ਇਹ ਛੋਟੇ ਜਾਂ ਵੱਡੇ ਹੋਣ । ਇਸ ਜਿੱਤ ਨੂੰ ਮਨਾਉਣ ਲਈ ਵਿਦਿਆਰਥੀਆਂ ਨੇ ਯੂਨੀਵਰਸਿਟੀ ਕੈਂਪਸ ਦਾ ਫੈਸਟ ਦੌਰਾਨ ਪ੍ਰਾਪਤ ਹੋਈਆਂ ਟਰਾਫੀਆਂ ਦੇ ਨਾਲ ਚੱਕਰ ਲਗਾਇਆ, ਨਾਲ ਹੀ ਢੋਲ, ਨਗਾੜਿਆਂ, ਸੰਗੀਤਕ ਸਾਜ਼ਾਂ ਨਾਲ ਡਾਂਸ ਕੀਤਾ ਅਤੇ ਸ਼ਾਂਤੀ ਦੇਵੀ ਮਿੱਤਲ ਆਡੀਟੋਰੀਅਮ ਵਿਖੇ ਇਕੱਠੇ ਹੋਏ ਸਟਾਫ਼ ਮੈਂਬਰਾਂ ਅਤੇ ਵਿਦਿਆਰਥੀਆਂ ਨਾਲ ਖ਼ੁਸ਼ੀ ਸਾਂਝੀ ਕੀਤੀ । ਚਾਂਸਲਰ ਡਾ. ਮਿੱਤਲ ਅਤੇ ਪ੍ਰੋ ਚਾਂਸਲਰ ਸ਼੍ਰੀਮਤੀ ਰਸ਼ਮੀ ਮਿੱਤਲ ਨੇ ਉਹਨਾਂ ਦੀਆਂ ਲਗਾਤਾਰ ਜਿੱਤਾਂ ਅਤੇ ਤਰੱਕੀ ਲਈ ਉਹਨਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ । ਫੈਸਟੀਵਲ ਦੀ ਸਮਾਪਤੀ ਪ੍ਰਸਿੱਧ ਪੰਜਾਬੀ ਗਾਇਕ ਗੁਰਦਾਸ ਮਾਨ ਦੀ ਇੱਕ ਮਨਮੋਹਕ ਪੇਸ਼ਕਾਰੀ ਨਾਲ ਹੋਈ, ਜਿਸ ਨੇ ਆਪਣੇ ਬੇਅੰਤ ਧੁਨਾਂ ਨਾਲ ਸਰੋਤਿਆਂ ਨੂੰ ਮੋਹ ਲਿਆ । ਬਨਾਸਥਲੀ ਵਿਦਿਆਪੀਠ ਜੈਪੁਰ ਅਤੇ ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ ਨੇ ਦੂਜਾ ਸਥਾਨ ਹਾਸਲ ਕੀਤਾ, ਜਦਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਸਮੇਤ ਛੇ ਯੂਨੀਵਰਸਿਟੀਆਂ; ਮਹਾਤਮਾ ਗਾਂਧੀ ਯੂਨੀਵਰਸਿਟੀ, ਕੇਰਲਾ; ਕੇਰਲ ਯੂਨੀਵਰਸਿਟੀ, ਤਿਰੂਵਨੰਤਪੁਰਮ; ਮਹਾਰਿਸ਼ੀ ਦਯਾਨੰਦ ਯੂਨੀਵਰਸਿਟੀ, ਰੋਹਤਕ; ਕੁਰੂਕਸ਼ੇਤਰ ਯੂਨੀਵਰਸਿਟੀ, ਅਤੇ ਮੁੰਬਈ ਯੂਨੀਵਰਸਿਟੀ ਨੇ ਤੀਜਾ ਸਥਾਨ ਸਾਂਝਾ ਕੀਤਾ।

## ਮੇਹਰ ਚੰਦ ਪੋਲੀਟੈਕਨਿਕ ਕਾਲਜ ਦੇ ਵਿਦਿਆਰਥੀਆਂ ਨੂੰ ਮਿਲੀ ਨੌਕਰੀ



**ਜਲੰਧਰ (ਸ਼ੈਲੀ)**—ਮੇਹਰ ਚੰਦ ਪੌਲੀਟੈਕਨਿਕ ਕਾਲਜ ਜਲੰਧਰ ਦੇ ਮਕੈਨੀਕਲ ਵਿਭਾਗ ਦੇ ਪੰਜ ਵਿਦਿਆਰਥੀਆਂ ਸਤਿਨਾਮ, ਸੋਨੂ ਕੁਮਾਰ, ਪੁਨੀਤ ਕੁਮਾਰ, ਅਰਵਿੰਦ ਕੁਮਾਰ ਅਤੇ ਹਰਸ਼ਵੀਰ ਸਿੰਘ ਦੀ 'ਸ਼ੇਕਰ ਇੰਟਰਨੈਸ਼ਨਲ ਪ੍ਰਾਈਵੇਟ ਲਿਮਿਟਡ ਕੰਪਨੀ' ਵਿੱਚ ਟਰੇਨਿੰਗ ਇੰਜੀਨਿਅਰ ਦੇ ਤੌਰ 'ਤੇ ਇਕ ਲੱਖ ਅੱਸੀ ਹਜ਼ਾਰ ਸਲਾਨਾ ਪੇ ਪੈਕੇਜ 'ਤੇ ਚੋਣ ਹੋਈ ਹੈ । ਪ੍ਰਿੰਸੀਪਲ ਡਾ: ਜਗਰੂਪ ਸਿੰਘ ਨੇ ਇਹ ਜਾਣਕਾਰੀ ਦਿੱਤੀ ਅਤੇ ਨਾਲ ਹੀ ਦੱਸਿਆ ਕਿ ਟਰੇਨਿੰਗ ਮੁਕੰਮਲ ਹੋਣ ਉਪਰੰਤ ਇਹ ਪੈਕੇਜ ਵਧਾ ਕੇ ਦੋ ਲੱਖ ਪੰਜਾਹ ਹਜ਼ਾਰ ਹੋ ਜਾਵੇਗਾ । ਪ੍ਰਿੰਸੀਪਲ ਨੇ ਵਿਭਾਗ ਮੁਖੀ ਮੈਡਮ ਰਿਚਾ ਅਰੋੜਾ, ਟਰੇਨਿੰਗ ਐਂਡ ਪਲੇਸਮੇਂਟ ਅਫਸਰ ਰਾਜੇਸ਼ ਕੁਮਾਰ, ਕੋ-ਆਰਡੀਨੇਟਰ ਰੋਹਿਤ ਕੁਮਾਰ ਦੀ ਸ਼ਲਾਘਾ ਕੀਤੀ ਅਤੇ ਚੁਣੇ ਹੋਏ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਅਤੇ ਵਧਾਈ ਦਿੱਤੀ । ਚੇਤੇ ਰਹੇ, 15 ਮਾਰਚ ਤੋਂ 15 ਅਪ੍ਰੈਲ ਤੱਕ ਮੇਹਰ ਚੰਦ ਪੌਲੀਟੈਕਨਿਕ ਵਿਖੇ ਪਲੇਸਮੇਂਟ ਡਰਾਈਵ ਚੱਲ ਰਹੀ ਹੈ । ਇਸ ਦੌਰਾਨ 22 ਵਿਦਿਆਰਥੀ ਵੱਖ ਵੱਖ ਕੰਪਨੀਆਂ ਵਿਚ ਸਿਲੈਕਟ ਹੋ ਚੁੱਕੇ ਹਨ ।

## ਸ਼ਾਮ 7 ਵਜੇ ਤੋਂ ਸਵੇਰੇ 8 ਵਜੇ ਤੱਕ ਕੰਬਾਈਨਾਂ ਨਾਲ ਕਣਕ ਦੀ ਕਟਾਈ 'ਤੇ ਪਾਬੰਦੀ

**ਜਲੰਧਰ ( ਸ਼ੈਲੀ ਐਲਬਰਟ)**- ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਮੇਜਰ ਡਾ. ਅਮਿਤ ਮਹਾਜਨ ਵੱਲੋਂ ਫੌਜਦਾਰੀ ਜ਼ਾਬਤਾ ਸੰਘਤਾ ਦੀ ਧਾਰਾ 144 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਜਲੰਧਰ ਵਿੱਚ ਸ਼ਾਮ 7 ਵਜੇ ਤੋਂ ਸਵੇਰੇ 8 ਵਜੇ ਤੱਕ ਕੰਬਾਈਨਾਂ ਨਾਲ ਕਣਕ ਦੀ ਕਟਾਈ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਹੁਕਮਾਂ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਕਣਕ ਦੀ ਕਟਾਈ ਕੇਵਲ ਉਨ੍ਹਾਂ ਹਾਰਵੈਸਟਰ ਕੰਬਾਈਨਾਂ ਨਾਲ ਕੀਤੀ ਜਾਵੇ, ਜਿਨ੍ਹਾਂ ਕੋਲ ਬੀ.ਆਈ.ਐਸ. ਦਾ ਸਰਟੀਫਿਕੇਟ ਹੋਵੇ। ਇਹ ਹੁਕਮ 31 ਮਈ 2024 ਤੱਕ ਲਾਗੂ ਰਹੇਗਾ । ਇਸ ਤੋਂ ਇਲਾਵਾ ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਜ਼ਿਲ੍ਹਾ ਜਲੰਧਰ (ਦਿਹਾਤੀ) ਵਿੱਚ ਕਣਕ ਦੀ ਨਾੜ/ਰਹਿੰਦ-ਖੂਹੰਦ ਨੂੰ ਅੱਗ ਲਾਉਣ 'ਤੇ ਵੀ ਪਾਬੰਦੀ ਦੇ ਹੁਕਮ ਜਾਰੀ ਕੀਤੇ ਗਏ ਹਨ। ਇਹ ਹੁਕਮ ਕਣਕ ਦੀ ਕਟਾਈ ਦੇ ਸ਼ੁਰੂ ਹੋਣ ਤੋਂ ਲੈ ਕੇ 31 ਮਈ 2024 ਤੱਕ ਲਾਗੂ ਰਹੇਗਾ ਅਤੇ ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਨ ਵਾਲੇ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ।

## ਜਪ ਤਪ ਚੌਪਹਿਰਾ ਸਮਾਗਮ 7 ਨੂੰ

**ਫਿਲੌਰ, (ਨਿਰਮਲ)** ਇਥੇ ਗੁਰਦੁਆਰਾ ਬਾਉਲੀ ਸਾਹਿਬ ਵਿਖੇ ਜਪ ਤਪ ਚੌਪਹਿਰਾ ਸਮਾਗਮ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਸ਼ਰਧਾ ਨਾਲ 7 ਅਪ੍ਰੈਲ ਨੂੰ ਕਰਵਾਇਆ ਜਾ ਰਿਹਾ ਹੈ।ਕਮੇਟੀ ਮੈਂਬਰਾਂ ਨੇ ਦੱਸਿਆ ਕਿ ਧੰਨ ਧੰਨ ਬਾਬਾ ਬੁੱਢਾ ਜੀ ਸੇਵਾ ਸਿਮਰਨ ਸੁਸਾਇਟੀ ਲੁਧਿਆਣਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਭਾਈ ਘਨੱਈਆ ਜੀ ਸੇਵਾ ਸਿਮਰਨ ਸੁਸਾਇਟੀ ਅਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਜਨ ਤਪ ਚੌਪਹਿਰਾ ਸਮਾਗਮ 7 ਅਪ੍ਰੈਲ ਦਿਨ ਐਤਵਾਰ ਨੂੰ 12 ਵਜੇ ਤੋਂ 4 ਵਜੇ ਤੱਕ ਕਰਵਾਇਆਂ ਜਾਵੇਗਾ। ਮਾਤਾ ਵਿਪਨਦੀਪ ਕੌਰ, ਮਾਤਾ ਰਜਿੰਦਰ ਕੌਰ , ਭਾਈ ਓਮਪ੍ਰੀਤ ਸਿੰਘ ਹਜ਼ੂਰ ਸਾਹਿਬ ਵਾਲਿਆਂ ਵੱਲੋਂ ਗੁਰੂ ਚਰਨਾਂ 'ਚ ਹਾਜ਼ਰੀ ਲਗਾਉਣਗੇ ਅਤੇ ਸੰਗਤਾਂ ਨੂੰ ਨਾਮ ਸਿਮਰਨ ਨਾਲ ਜੋੜਨਗੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਾਉਲੀ ਸਾਹਿਬ, ਇਸਤਰੀ ਸਤਿਸੰਗ ਸਭਾ ਫਿਲੌਰ, ਸੁਖਮਨੀ ਸਾਹਿਬ ਸਿਮਰਨ ਸੇਵਾ ਸੁਸਾਇਟੀ, ਮੀਰੀ ਪੀਰੀ ਸੇਵਕ ਸਭਾ ਫਿਲੌਰ, ਸੁਖਮਨੀ ਸਾਹਿਬ ਸੇਵਾ ਸੁਸਾਇਟੀ ਫਿਲੌਰ ਅਤੇ ਹੋਰ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਦਾ ਵਿਸ਼ੇਸ਼ ਸਹਿਯੋਗ ਹੋਵੇਗਾ। ਇਸ ਮੌਕੇ ਗੁਰੂ ਦਾ ਅਤੁੱਟ ਲੰਗਰ ਵਰਤਾਇਆ ਜਾਵੇਗਾ।

## ਭਾਰਦਵਾਜ ਰਤਨ (ਲਾਮਿਆਂ) ਜਠੇਰੇ ਪੂਜਨ 6 ਤੇ 7 ਨੂੰ

**ਫਗਵਾੜਾ (ਡਾ.ਰਮਨ, ਢੱਡਾ )** ਭਾਰਦਵਾਜ ਰਤਨ (ਲਾਮਿਆਂ) ਗੋਤਰ ਸਾਲਾਨਾ ਜਠੇਰੇ ਪੂਜਨ ਸਮਾਗਮ 6 ਅਤੇ 7 ਅਪ੍ਰੈਲ ਨੂੰ ਬਾਬਾ ਫਤਿਹ ਸਿੰਘ ਨਗਰ ਸੁਖਚੈਨ ਸਾਹਿਬ ਰੋਡ ਫਗਵਾੜਾ ਵਿਖੇ ਕਰਵਾਇਆ ਜਾ ਰਿਹਾ ਹੈ। ਸੁਦੇਸ਼ ਸ਼ਰਮਾ ਨੇ ਦੱਸਿਆ ਕਿ ਸਵੇਰੇ 8 ਤੋਂ 11 ਵਜੇ ਤੱਕ ਰੀਤੀ-ਰਿਵਾਜ ਮੁਤਾਬਕ ਜਠੇਰੇ ਪੂਜਨ ਹੋਵੇਗਾ। ਉਪਰੰਤ ਧਾਰਮਿਕ ਸਮਾਗਮ ਅਤੇ 12 ਵਜੇ ਭੰਡਾਰੇ ਦੀ ਸੇਵਾ ਅਤੁੱਟ ਵਰਤਾਈ ਜਾਵੇਗੀ।

## ਆਈ ਡੀ ਪੀ ਦੇ ਸਹਿਯੋਗ ਨਾਲ ਆਈਲੈਟਸ ਮੈਗਾ ਮੇਲਾ ਲਗਾਇਆ



**ਜਲੰਧਰ ( ਇਕਬਾਲ ਸਿੰਘ ਉੱਭੀ )** ਟੱਚਸਟੋਨ ਐਜੂਕੇਸ਼ਨਲਜ਼ ਨੇ ਆਈਡੀਪੀ ਦੇ ਸਹਿਯੋਗ ਨਾਲ ਆਈਲੈਟਸ ਮੈਗਾ ਮੇਲਾ ਲਗਾਇਆ । ਸੀ ਈ ਓ ਆਸ਼ੂਤੋਸ਼ ਆਨੰਦ ਦੀ ਅਗਵਾਈ ਵਿੱਚ ਇੱਕ ਸੈਸ਼ਨ ਦੌਰਾਨ ਵਿਦੇਸ਼ ਵਿੱਚ ਜਾਣ ਵਾਲਿਆਂ ਲਈ ਆਈਲੈਟਸ ਬਾਰੇ ਗਿਆਨ ਭਰਪੂਰ ਜਾਣਕਾਰੀ ਦਿੱਤੀ ਅਤੇ ਭਾਗੀਦਾਰਾਂ ਦੇ ਸਵਾਲਾਂ ਦੇ ਜਵਾਬ ਦਿੱਤੇ । ਆਈਲੈਟਸ ਇਮਤਿਹਾਨ ਦੇ ਸਾਰੇ ਚਾਰ ਮਾਡਿਊਲਾਂ ਨੂੰ ਇੰਟਰਐਕਟਿਵ ਅਤੇ ਜਾਣਕਾਰੀ ਭਰਪੂਰ ਤਰੀਕੇ ਨਾਲ ਮੁਹਾਰਤ ਹਾਸਲ ਕਰਨ ਲਈ ਅਨਮੋਲ ਸੁਝਾਅ ਪੇਸ਼ ਕੀਤੇ ।ਵਿਦਿਆਰਥੀਆਂ ਦੇ ਨਾਲ ਉਨ੍ਹਾਂ ਦੇ ਮਾਪਿਆਂ ਨੇ ਵੀ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਇਸ ਮੌਕੇ ਆਈਲੈਟਸ ਮਾਹਿਰ ਤੇ ਟ੍ਰੇਨਰ ਜਾਰਜ ਜੌਨ ਨੇ ਪੂਰੇ ਸੈਸ਼ਨ ਦੌਰਾਨ ਦਿਲਚਸਪ ਸਿੱਖਣ ਦੇ ਮਾਹੌਲ ਨੂੰ ਉਤਸ਼ਾਹਤ ਕੀਤਾ। ਆਈਡੀਪੀ ਦੇ ਐਸੋਸੀਏਟ ਡਾਇਰੈਕਟਰ ਆਈਲੈਟਸ, ਓਪਰੇਸ਼ਨਜ਼ (ਉੱਤਰੀ ਭਾਰਤ) ਅਤੇ ਆਈਲੈਟਸ ਪ੍ਰਸ਼ਾਸਕ (ਭਾਰਤ) ਇੰਦਰਪ੍ਰੀਤ ਸਿੰਘ ਸਮੇਤ ਸੀਨੀਅਰ ਏਰੀਆ ਮੈਨੇਜਰ ਆਈਲੈਟਸ ਆਪ੍ਰੇਸ਼ਨਜ਼ (ਪੰਜਾਬ ਅਤੇ ਹਰਿਆਣਾ) ਕਰਤਾਰ ਸਿੰਘ ਸਮੇਤ ਉਨ੍ਹਾਂ ਦੀ ਪੂਰੀ ਟੀਮ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਭਾਗੀਦਾਰਾਂ ਨੂੰ ਉਨ੍ਹਾਂ ਦੇ ਭਵਿੱਖ ਨੂੰ ਬਣਾਉਣ ਵਿੱਚ ਆਈਲੈਟਸ ਦੀ ਅਹਿਮ ਭੂਮਿਕਾ ਬਾਰੇ ਚਾਨਣਾ ਪਾਇਆ।

## ਲਾਇਲਪੁਰ ਖ਼ਾਲਸਾ ਕਾਲਜ ਦੀ ਗਿੱਧਾ ਟੀਮ ਨੇ ਜਿੱਤਿਆ 51000 ਦਾ ਇਨਾਮ



**ਜਲੰਧਰ ( ਸ਼ੈਲੀ ਐਲਬਰਟ)**:- ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਆਪਣੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ ਹੈ ਅਤੇ ਪ੍ਰਤੀਯੋਗੀ ਪਲੇਟਫਾਰਮਾਂ 'ਤੇ ਆਪਣੀ ਪ੍ਰਤਿਭਾ ਨੂੰ ਦਿਖਾਉਣ ਦੇ ਭਰਪੂਰ ਮੌਕੇ ਪ੍ਰਦਾਨ ਕਰਦਾ ਹੈ। ਹਾਲ ਹੀ ਵਿੱਚ ਕਾਲਜ ਦੀ ਗਿੱਧਾ ਟੀਮ ਨੇ ਗਿੱਧਾ ਮੁਕਾਬਲਿਆ ਵਿੱਚ ਪਹਿਲਾ ਸਥਾਨ ਹਾਸਲ ਕਰਕੇ ਪੰਜਾਬੀ ਸਰਬ ਕਲਾ ਸਾਹਿਤ ਅਕਾਦਮੀ ਦੀ ਲੋਕਨਾਚ ਟਰਾਫੀ ਜਿੱਤੀ । ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਇਸ ਪ੍ਰਾਪਤੀ ਲਈ ਡਾ. ਪਲਵਿੰਦਰ ਸਿੰਘ ਡੀਨ ਕਲਚਰਲ ਅਫੇਅਰਜ਼ ਅਤੇ ਜੇਤੂ ਗਿੱਧਾ ਟੀਮ ਨੂੰ ਵਧਾਈ ਦਿੱਤੀ ਤੇ ਕਿਹਾ ਕਿ ਕਿਸੇ ਵੀ ਖੇਤਰ ਵਿਚ ਨਿਯਮਤ ਅਭਿਆਸ, ਅਨੁਸ਼ਾਸਨ ਅਤੇ ਲਗਨ ਦੇ ਸਾਰਥਕ ਨਤੀਜੇ ਸਾਹਮਣੇ ਆਉਂਦੇ ਹਨ । ਡੀਨ ਸੱਭਿਆਚਾਰਕ ਮਾਮਲੇ ਡਾ. ਪਲਵਿੰਦਰ ਸਿੰਘ ਨੇ ਦੱਸਿਆ ਕਿ ਕਾਲਜ ਦੀ ਗਿੱਧਾ ਟੀਮ ਨੇ ਇਸ ਵਿਚ ਸੈਸ਼ਨ 2023-24 ਦੌਰਾਨ ਪੰਜਾਬ ਸਰਕਾਰ ਦੇ ਯੁਵਕ ਮਾਮਲੇ ਵਿਭਾਗ ਦੁਆਰਾ ਕਰਵਾਏ ਜ਼ਿਲ੍ਹਾ ਯੁਵਕ ਮੇਲੇ ਵਿਚ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਜ਼ੋਨਲ ਯੁਵਕ ਮੇਲੇ ਵਿਚ ਅਤੇ ਪੰਜਾਬੀ ਸਰਬ ਕਲਾ ਸਾਹਿਤ ਅਕੈਡਮੀ ਵੱਲੋਂ ਕਰਵਾਏ ਗਏ ਮੁਕਾਬਲਿਆਂ ਵਿਚ ਪਹਿਲਾ ਸਥਾਨ ਹਾਸਲ ਕਰਕੇ ਕਾਲਜ ਦਾ ਨਾਂਅ ਰੌਸ਼ਨ ਕੀਤਾ ਹੈ।। ਉਨ੍ਹਾਂ ਦੱਸਿਆ ਕਿ ਗਿੱਧਾ ਟੀਮ ਨੇ ਫਿਲੌਰ ਵਿਖੇ ਹੋਏ ਮੁਕਾਬਲੇ ਵਿੱਚ ਪਹਿਲਾ ਸਥਾਨ ਹਾਸਲ ਕਰਕੇ 51 ਹਜ਼ਾਰ ਰੁਪਏ ਦਾ ਨਕਦ ਇਨਾਮ ਜਿੱਤਿਆ ਹੈ। ਕਾਲਜ ਦੀ ਗਿੱਧਾ ਟੀਮ ਨੇ ਆਪਣੀ ਸਫਲਤਾ ਦਾ ਸਿਹਰਾ ਪ੍ਰਿੰਸੀਪਲ, ਡੀਨ ਅਕਾਦਮਿਕ ਅਫੇਅਰਜ ਅਤੇ ਟੀਮ ਇੰਚਾਰਜ ਨੂੰ ਦਿੱਤਾ। ਸਨਮਾਨ ਸਮਾਰੋਹ ਦੌਰਾਨ ਟੀਮ ਇੰਚਾਰਜ ਡਾ. ਹਰਜਿੰਦਰ ਕੌਰ, ਡਾ. ਰਵਨੀਤ ਕੌਰ, ਪ੍ਰੋ: ਕਿਰਨਦੀਪ ਕੌਰ ਅਤੇ ਟੀਮ ਮੈਂਬਰ ਚੇਤਨਾ, ਹਨੀ, ਪ੍ਰਭਪ੍ਰੀਤ, ਖੁਸ਼ੀ, ਆਕ੍ਰਿਤੀ, ਦੀਆ, ਸ਼ਾਲੂ, ਸੁਨੀਧੀ, ਅੰਸ਼ਿਤਾ, ਵਿਧੀ, ਸ਼ੀਰੀਨ ਅਤੇ ਢੋਲਕੀ ਮਾਸਟਰ ਸੰਨੀ ਹਾਜ਼ਰ ਸਨ ।

## 'ਦ ਨੋਬੇਲ' ਸਕੂਲ 'ਚ ਹਵਨ ਦੇ ਨਾਲ ਹੋਇਆ ਨਵੇ ਸੈਸ਼ਨ ਦਾ ਆਰੰਭ



**ਕਰਤਾਰਪੁਰ (ਹਰਮੇਸ਼ ਦੱਤ )** 'ਦ ਨੋਬੇਲ' ਸਕੂਲ ਵਿਖੇ 2024-2025 ਸੈਸ਼ਨ ਦੀ ਸ਼ੁਰੂਆਤ ਹਵਨ ਨਾਲ ਕੀਤੀ ਗਈ। ਜਿਸ ਵਿੱਚ ਸਕੂਲ ਦੇ ਚੇਅਰਮੈਨ ਪ੍ਰੋਫ਼ੈਸਰ ਸੀ.ਐਲ.ਕੋਛੜ, ਸਕੂਲ ਦੇ ਮੈਨੇਜਿੰਗ ਡਾਇਰੈਕਟਰ ਇੰਜੀਨੀਅਰ ਕੁਮਾਰ ਸ਼ਿਵ ਕੋਛੜ, ਸਕੂਲ ਦੇ ਪ੍ਰਿੰਸੀਪਲ ਸੰਗੀਤ ਕੁਮਾਰ ਤੇ ਸਮੂਹ ਸਟਾਫ਼ ਮੈਂਬਰ ਹਾਜ਼ਰ ਸਨ। ਭਜਨ-ਕੀਰਤਨ ਅਤੇ ਧੂਪ ਦੀ ਸੁਗੰਧੀ ਦੇ ਵਿਚਕਾਰ, ਪ੍ਰੋ. ਸੀ.ਐਲ. ਕੋਛੜ ਨੇ ਬੱਚਿਆਂ ਨੂੰ ਅਸ਼ੀਰਵਾਦ ਦਿੱਤਾ ਅਤੇ ਉਨ੍ਹਾਂ ਦੇ ਅਗਲੇ ਵਿੱਦਿਅਕ ਸਫ਼ਰ ਲਈ ਸ਼ੁਭਕਾਮਨਾਵਾਂ ਦਿੱਤੀਆਂ। ਇੰਜੀਨੀਅਰ ਕੁਮਾਰ ਸ਼ਿਵ ਕੋਛੜ ਨੇ ਆਪਣੇ ਸੰਬੋਧਨ ਵਿੱਚ ਸਿੱਖਿਆ ਦੀ ਮਹੱਤਤਾ ਅਤੇ ਆਪਣੇ ਟੀਚਿਆਂ ਦੀ ਪ੍ਰਾਪਤੀ ਲਈ ਦ੍ਰਿੜ ਇਰਾਦੇ 'ਤੇ ਜ਼ੋਰ ਦਿੰਦੇ ਹੋਏ ਵਿਦਿਆਰਥੀਆਂ ਦੇ ਖ਼ੁਸ਼ਹਾਲ ਭਵਿੱਖ ਦੀ ਆਸ ਪ੍ਰਗਟਾਈ। ਪ੍ਰਿੰਸੀਪਲ ਸੰਗੀਤ ਕੁਮਾਰ ਅਤੇ ਵਾਈਸ ਪ੍ਰਿੰਸੀਪਲ ਰਵਿੰਦਰ ਕੌਰ ਨੇ ਸਮੂਹ ਸਟਾਫ਼ ਦੇ ਨਾਲ ਹਵਨ ਵਿੱਚ ਸ਼ਿਰਕਤ ਕੀਤੀ। ਜਿਸ ਨਾਲ ਸੰਸਥਾ ਵਿੱਚ ਏਕਤਾ ਅਤੇ ਉਦੇਸ਼ ਦੀ ਭਾਵਨਾ ਪੈਦਾ ਹੋਈ। ਹਵਨ ਨਾ ਸਿਰਫ਼ ਇੱਕ ਅਧਿਆਤਮਿਕ ਰਸਮ ਵਜੋਂ ਕੰਮ ਕਰਦਾ ਹੈ, ਸਗੋਂ ਵਿਦਿਆਰਥੀ ਦਾ ਪਾਲਣ ਪੋਸ਼ਣ ਕਰਨ ਅਤੇ ਉਹਨਾਂ ਨੂੰ ਇੱਕ ਉੱਜਵਲ ਅਤੇ ਸੰਪੂਰਨ ਭਵਿੱਖ ਵੱਲ ਸੇਧ ਦੇਣ ਦੀ ਵਚਨਬੱਧਤਾ ਦੇ ਪ੍ਰਤੀਕ ਵਜੋਂ ਵੀ ਕੰਮ ਕਰਦਾ ਹੈ।ਹਵਨ ਦੀ ਸਮਾਪਤੀ 'ਤੇ ਵਿਦਿਆਰਥੀਆਂ ਨੂੰ ਪ੍ਰਸ਼ਾਦ ਵੀ ਦਿੱਤਾ ਗਿਆ ।

## ਜੋਬਨਪ੍ਰੀਤ ਸਿੰਘ ਨੇ ਕੀਤਾ ਸਕੂਲ ਤੇ ਮਾਪਿਆਂ ਦਾ ਨਾਂਅ ਰੌਸ਼ਨ



**ਕਾਲਾ ਸੰਘਿਆਂ (ਮਨਜੀਤ ਮਾਨ)**- ਸਰਕਾਰੀ ਐਲੀਮੈਂਟਰੀ ਸਕੂਲ ਖ਼ਾਨਪੁਰ ਢੱਡਾ ਬਲਾਕ ਨਕੋਦਰ -2 ਦੇ ਵਿਦਿਆਰਥੀ ਜੋਬਨਪ੍ਰੀਤ ਸਿੰਘ ਨੇ ਜਵਾਹਰ ਨਵੋਦਿਆ ਤੋਂ ਪ੍ਰੀਖਿਆ ਪਾਸ ਕਰਕੇ ਆਪਣੇ ਸਕੂਲ ਤੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ। ਇਹ ਸਿਹਰਾ ਸਰਕਾਰੀ ਐਲੀਮੈਂਟਰੀ ਸਕੂਲ ਖ਼ਾਨਪੁਰ ਢੱਡਾ ਦੇ ਸਕੂਲ ਮੁਖੀ ਲਖਵਿੰਦਰ ਸਿੰਘ ਹੁੰਦਲ ਸਟੇਟ ਐਵਾਰਡੀ, ਪਰਮਿੰਦਰ ਈ ਟੀ ਟੀ, ਅਧਿਆਪਕਾਂ ਸ੍ਰੀਮਤੀ ਬਲਜੀਤ ਕੌਰ ਈ ਟੀ ਟੀ ਦੇ ਸਿਰ ਜਾਂਦਾ ਹੈ।

## ਸਕੂਜ਼ੋ ਆਈਸ ਮੈਜ਼ਿਕ ਵੱਲੋਂ ਫਰੈਂਚਾਈਜ਼ ਸਟੋਰ ਦਾ ਉਦਘਾਟਨ

**ਜਲੰਧਰ (ਇਕਬਾਲ ਸਿੰਘ ਉਭੀ)** - ਭਾਰਤ ਵਿੱਚ ਲਾਈਵ ਪੌਪਸੀਕਲ ਸੰਕਲਪ ਅਤੇ ਮਠਿਆਈ ਕੈਫੇ ਦੀ ਅਗਵਾਈ ਕਰਨ ਲਈ ਮਸ਼ਹੂਰ ਸਕੂਜ਼ੋ ਆਈਸ ਮੈਜਿਕ ਨੇ ਇੱਕ ਮਹੱਤਵਪੂਰਨ ਕਦਮ ਅੱਗੇ ਵਧਾਉਂਦੇ ਹੋਏ ਅਰਬਨ ਅਸਟੇਟ ਫੇਜ਼ 2 ਜਲੰਧਰ ਵਿੱਚ ਆਪਣੇ ਪਹਿਲੇ ਸਟੋਰ ਦਾ ਉਦਘਾਟਨ ਕੀਤਾ।ਇਸ ਮੌਕੇ ਸਕੂਜ਼ੋ ਦੇ ਸੰਸਥਾਪਕ ਗਗਨ ਆਨੰਦ ਕਿਹਾ ਕਿ ਪੰਜਾਬ ਵਿੱਚ ਸਿਹਤ ਪ੍ਰਤੀ ਸੁਚੇਤ ਅਤੇ ਘੱਟ ਸ਼ੂਗਰ ਅਨੁਭਵ ਪ੍ਰਦਾਨ ਕਰਨ ਦੀ ਦ੍ਰਿੜ੍ਹ ਵਚਨਬੱਧਤਾ ਦੇ ਨਾਲ ਫੋਕਸ ਵੱਖਰਾ ਰਹਿੰਦਾ ਹੈ। ਇਸ ਪ੍ਰਤੀ ਸੁਚੇਤ ਖਪਤਕਾਰਾਂ ਨੂੰ ਪੂਰਾ ਕਰਨ ਲਈ ਆਪਣੀਆਂ ਪੇਸ਼ਕਸ਼ਾਂ ਨੂੰ ਤਿਆਰ ਕਰਦੇ ਹੋਏ ਸਕੂਜ਼ੋ ਨੇ ਨਕਲੀ ਰਸਾਇਣਾਂ ਅਤੇ ਰੱਖਿਅਕਾਂ ਤੋਂ ਬਚਾਅ ਕਰਦੇ ਹੋਏ ਆਪਣੇ ਗਾਹਕਾਂ ਲਈ ਵਿਦੇਸ਼ੀ ਫਲਾਂ ਤੋਂ ਤਿਆਰ ਕੀਤੀਆਂ ਪੌਸ਼ਟਿਕ ਮਠਿਆਈਆਂ ਪੇਸ਼ ਕੀਤੀਆਂ ਹਨ। ਗਗਨ ਆਨੰਦ ਨੇ ਕਿਹਾ, ਹਰ ਦਿਨ ਕੁਦਰਤ ਦੀ ਬਖਸ਼ਿਸ਼ ਤੋਂ ਪ੍ਰੇਰਿਤ ਬੇਮਿਸਾਲ ਜੰਮੇ ਹੋਏ ਅਨੰਦਾਂ ਨੂੰ ਤਿਆਰ ਕਰਨ ਦਾ ਸਾਡਾ ਸਮਰਪਣ, ਸਾਡੇ ਜਨੂੰਨ ਨੂੰ ਵਧਾਉਂਦਾ ਹੈ।ਇਸ ਮੌਕੇ ਗੁਰਦਰਸ਼ਨ ਸਿੰਘ ਅਤੇ ਨਵਦੀਪ ਕੁਮਾਰ ਭੁੱਟਾ, ਨਿਊ ਵਿਜ਼ਨ ਬਿਜ਼ਨਸ ਟੀਮ ਪ੍ਰਾਈਵੇਟ ਲਿਮਿਟਡ, ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਟ੍ਰਾਈਸਿਟੀ ਲਈ ਮਾਸਟਰ ਫਰੈਂਚਾਈਜ਼ ਪਾਰਟਨਰ ਨੇ ਕਿਹਾ ਕਿ ਅਸੀਂ ਸਕੂਜ਼ੋ ਆਈਸ ਮੈਜਿਕ ਨਾਲ ਇਸ ਰੋਮਾਂਚਕ ਯਾਤਰਾ 'ਤੇ ਜਾਣ ਲਈ ਬਹੁਤ ਹੀ ਰੋਮਾਂਚਿਤ ਹਾਂ।ਸਕੂਜ਼ੋ ਮਠਿਆਈ ਕੈਫੇ ਗਰਮ ਅਤੇ ਠੰਢੇ ਪੀਣ ਵਾਲੇ ਪਦਾਰਥਾਂ ਦੀ ਇੱਕ ਲੜੀ ਦੇ ਨਾਲ ਮਠਿਆਈਆਂ ਦੀ ਵਿਭਿੰਨ ਸ਼੍ਰੇਣੀ ਦੀ ਪੇਸ਼ਕਸ਼ ਕਰਕੇ ਆਪਣੇ ਮੂਲ ਵਿਸ਼ਵਾਸਾਂ 'ਤੇ ਖਰਾ ਰਹਿੰਦਾ ਹੈ।



## ਨਾਂਦੇੜ ਸਾਹਿਬ ਲਈ ਆਲੂਆਂ ਦਾ ਟਰੱਕ ਰਵਾਨਾ

**ਕਾਲਾ ਸੰਘਿਆਂ (ਮਨਜੀਤ ਮਾਨ)**- ਉੱਘੇ ਸਮਾਜ ਸੇਵਕ ਭਜਨ ਸਿੰਘ ਤਾਸ਼ਪੁਰ ਐਲ ਆਈ ਸੀ ਤੇ ਇਲਾਕੇ ਦੀ ਸੰਗਤ ਦੇ ਸਹਿਯੋਗ ਨਾਲ ਬਾਬਾ ਨਰਿੰਦਰ ਸਿੰਘ, ਬਾਬਾ ਬਲਵਿੰਦਰ ਸਿੰਘ ਦੀ ਰਹਿਨੁਮਾਈ ਹੇਠ ਬਾਬਾ ਗੁਰਮੀਤ ਸਿੰਘ ਦੇ ਸਹਿਯੋਗ ਨਾਲ ਆਲੂਆਂ ਦਾ ਟਰੱਕ ਗੁਰਦੁਆਰਾ ਸੰਤ ਬਾਬਾ ਨਿਧਾਨ ਸਿੰਘ ਲੰਗਰ ਸਾਹਿਬ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਸਾਹਿਬ ਨੂੰ ਭੇਜਿਆ ਗਿਆ। ਇਸ ਮੌਕੇ ਨੂਰਪੁਰ, ਤਾਸ਼ਪੁਰ ਦੀਆਂ ਸੰਗਤਾਂ ਤੋਂ ਇਲਾਵਾ ਸੁਖਵਿੰਦਰ ਸਿੰਘ ਬਾਗੜੀ, ਮਹਿੰਗਾ ਸਿੰਘ ਜੱਕੋਪੁਰ, ਜੱਸਾ ਨੂਰਪੁਰੀਆ, ਜਨਕ ਰਾਜ ਏ ਐਸ ਆਈ, ਬਲਕਾਰ ਸਿੰਘ, ਬਲਜੀਤ ਸਿੰਘ ਫਤਿਹਪੁਰ, ਗੁਰਮੇਲ ਸਿੰਘ ਚੱਕ ਕਲਾਂ, ਬਲਦੇਵ ਸਿੰਘ ਮੁਰੀਦਵਾਲ, ਦਲਵੀਰ ਸਿੰਘ ਜੰਮੂ ਤੋਂ ਇਲਾਵਾ ਹੋਰ ਆਗੂ ਵੀ ਇਸ ਮੌਕੇ ਹਾਜ਼ਰ ਸਨ।



## ਸੈਣੀ ਭਵਨ 'ਚ ਭਲਕੇ ਸਾਲਾਨਾ ਸੰਮੇਲਨ

**ਰੂਪਨਗਰ** : ਸੈਣੀ ਭਵਨ ਰੂਪਨਗਰ ਦੀ ਪ੍ਰਬੰਧਕੀ ਕਮੇਟੀ ਵਲੋਂ 40ਵਾਂ ਸਾਲਾਨਾ ਸੈਣੀ ਸੰਮੇਲਨ 6 ਅਪ੍ਰੈਲ ਨੂੰ ਆਯੋਜਿਤ ਕੀਤਾ ਜਾ ਰਿਹਾ ਹੈ। ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.) ਵਲੋਂ ਕੀਤੇ ਜਾ ਰਹੇ ਇਸ ਸੰਮੇਲਨ ਬਾਰੇ ਜਾਣਕਾਰੀ ਸਾਂਝੀ ਕਰਦੇ ਹੋਏ ਟਰੱਸਟ ਦੇ ਪ੍ਰਧਾਨ ਡਾ. ਅਜਮੇਰ ਸਿੰਘ ਤੰਬੜ ਅਤੇ ਜਨਰਲ ਸਕੱਤਰ ਬਲਬੀਰ ਸਿੰਘ ਨੇ ਦੱਸਿਆ ਕਿ ਸੰਮੇਲਨ ਦਾ ਅਰੰਭ ਸਵੇਰੇ 8.30 ਵਜੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਨਾਲ ਹੋਵੇਗਾ। ਉਪਰੰਤ ਸੰਮੇਲਨ ਦੌਰਾਨ ਸੈਣੀ ਭਵਨ ਦੀ ਸਾਲਾਨਾ ਕਾਰਗੁਜ਼ਾਰੀ, ਸੈਣੀ ਬਰਾਦਰੀ ਦਾ ਸਮਾਜ ਨੂੰ ਯੋਗਦਾਨ ਤੇ ਵਿਚਾਰ ਚਰਚਾ ਤੋਂ ਇਲਾਵਾ ਸਫਲ ਸੈਣੀ ਸ਼ਖ਼ਸੀਅਤਾਂ ਅਤੇ ਕਲਾਕਾਰਾਂ ਦਾ ਸਨਮਾਨ ਕੀਤਾ ਜਾਵੇਗਾ। ਸੰਮੇਲਨ ਦੌਰਾਨ ਸੰਸਥਾ ਵਲੋਂ ਜਾਰੀ ਕੀਤੇ ਜਾਂਦੇ ਤਿਮਾਹੀ ਮੈਗਜ਼ੀਨ "ਸੈਣੀ ਸੰਸਾਰ" ਦੇ 52ਵੇਂ ਅੰਕ ਦਾ ਲੋਕ ਅਰਪਣ ਵੀ ਕੀਤਾ ਜਾਵੇਗਾ ਅਤੇ ਸੰਸਥਾ 'ਚ ਵੱਖ ਵੱਖ ਹੁਨਰ ਦੀ ਸਿੱਖਲਾਈ ਪ੍ਰਾਪਤ ਕਰਨ ਵਾਲੀਆਂ ਸਿਖਿਆਰਥਣਾਂ ਨੂੰ ਸਰਟੀਫਿਕੇਟ ਵੰਡੇ ਜਾਣਗੇ। ਇਸ ਮੌਕੇ ਬਰਾਦਰੀ ਦੇ ਪ੍ਰਸਿੱਧ ਕਲਾਕਾਰਾਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ। ਇਸ ਮੌਕੇ ਸਭ ਲਈ ਦੁਪਿਹਰ ਦੇ ਖਾਣੇ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਸੰਮੇਲਨ ਦੇ ਮੁੱਖ ਮਹਿਮਾਨ ਸੰਦੀਪ ਸੈਣੀ ਚੇਅਰਮੈਨ ਪੰਜਾਬ ਪਛੜੀਆਂ ਸ਼੍ਰੇਣੀ, ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਹੋਣਗੇ ਅਤੇ ਵਿਸ਼ੇਸ਼ ਮਹਿਮਾਨ ਵਜੋਂ ਹਰਦੀਪ ਸਿੰਘ ਮੁੰਡੀਆਂ ਵਿਧਾਇਕ ਹਲਕਾ ਸਾਹਨੇਵਾਲ, ਗੁਰਕ੍ਰਿਪਾਲ ਸਿੰਘ ਐੱਸ ਐੱਸ ਪੀ (ਰਿਟਾ.) ਅਤੇ ਇੰਜ. ਭਗਵਾਨ ਸਿੰਘ ਖੇਤਰੀ ਵਾਤਾਵਰਨ ਅਧਿਕਾਰੀ (ਰਿਟਾ.) ਹਰਿਆਣਾ ਸੰਮੇਲਨ ਵਿੱਚ ਪਹੁੰਚ ਰਹੇ ਹਨ।

## ਯੂਰੋ ਤੇ ਭਾਰਤੀ ਕਰੰਸੀ ਨਾਲ ਭਰਿਆ ਬੈਗ ਵਾਪਸ ਕਰ ਦਿਖਾਈ ਈਮਾਨਦਾਰੀ



**ਫਿਲੌਰ (ਨਿਰਮਲ)** ਪਿੰਡ ਕੰਗ ਜਗੀਰ ਦੇ ਸੁਖਵਿੰਦਰ ਸਿੰਘ ਕੰਗ ਉਰਫ ਬੂਟਾ ਜੋ ਜਰਮਨੀ ਤੋਂ ਆਇਆ ਸੀ ਦਾ ਭੈਣੀ ਫਾਸਟ ਫੂਡ ਵਾਲਿਆਂ ਦੇ ਇੱਕ ਬੈਗ ਜਿਸ ਵਿੱਚ ਜ਼ਰੂਰੀ ਦਸਤਾਵੇਜ਼, ਪੰਜ ਹਜਾਰ ਯੂਰੋ ਅਤੇ 60 ਹਜਾਰ ਇੰਡੀਅਨ ਕਰੰਸੀ ਸੀ ਰਹਿ ਗਿਆ ਸੀ। ਬੈਗ ਗੁੰਮ ਹੋਣ ਕਾਰਨ ਉਹ ਬਹੁਤ ਪ੍ਰੇਸ਼ਾਨ ਦਿਖਾਈ ਦੇ ਰਿਹਾ ਸੀ। ਉਸ ਸਮੇਂ ਸੁਖਵਿੰਦਰ ਸਿੰਘ ਦੀ ਖ਼ੁਸ਼ੀ ਦਾ ਠਿਕਾਣਾ ਨਹੀਂ ਰਿਹਾ ਜਦੋਂ ਦੁਕਾਨ ਦੇ ਮਾਲਕ ਮਾਧਵ ਆਰੀਅਲ ਨੇ ਉਨਾਂ ਦਾ ਸਾਰਾ ਸਮਾਨ ਵਾਪਿਸ ਕਰ ਕੇ ਈਮਾਨਦਾਰੀ ਦੀ ਮਿਸਾਲ ਪੈਦਾ ਕੀਤੀ। ਜਿਸ ਤੋਂ ਬਾਅਦ ਸੁਖਵਿੰਦਰ ਸਿੰਘ ਅਤੇ ਉਨਾਂ ਦੇ ਸਾਥੀਆਂ ਵਲੋਂ ਦੁਕਾਨ ਮਾਲਕ ਦਾ ਧੰਨਵਾਦ ਕੀਤਾ ਗਿਆ ।ਇਸ ਮੌਕੇ ਗੁਰਵਿੰਦਰ ਸਿੰਘ ਕੰਗ, ਪ੍ਰਦੀਪ ਸਿੰਘ, ਸ਼ੇਨ ਜਰਮਨੀ ਤੇ ਨਰਿੰਦਰ ਸਿੰਘ ਵੀ ਹਾਜਰ ਸਨ

## ਸਿਆਣ ਜਠੇਰਿਆਂ ਦਾ ਮੇਲਾ 7 ਨੂੰ

**ਫਗਵਾੜਾ ( ਜਸਵਿੰਦਰ ਢੱਡਾ )** ਸਿਆਣ ਗੋਤ ਜਠੇਰਿਆਂ ਦਾ ਮੇਲਾ 7 ਅਪਰੈਲ ਦਿਨ ਐਤਵਾਰ ਨੂੰ ਰੈਲ ਮਾਜਰਾ ( ਨਵਾਂਸ਼ਹਿਰ ) ਵਿਖੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਨਾਲ ਮਨਾਇਆ ਜਾ ਰਿਹਾ ਹੈ। ਇਸ ਮੌਕੇ ਸੁਖਮਨੀ ਸਾਹਿਬ ਪਾਠ ਦੇ ਭੋਗ ਪਾਏ ਜਾਣਗੇ। ਉਪਰੰਤ ਜਠੇਰੇ ਘਰ ਦਾ ਲੰਗਰ ਅਤੁੱਟ ਵਰਤਾਇਆ ਜਾਵੇਗਾ । ਪ੍ਰੈਸ ਨੂੰ ਉਕਤ ਜਾਣਕਾਰੀ ਜੀਵਨ,ਸਿੰਘ, ਨੀਲਮ ਸਿੰਘ, ਜਸਪਾਲ ਸਿੰਘ, , ਮਨਜਿੰਦਰ ਸਿੰਘ, ਜਗਜੀਤ ਸਿੰਘ ਅਤੇ ਸੁਖਜੀਤ ਸਿੰਘ ਨੇ ਦਿੰਦਿਆਂ ਸਿਆਣ ਜਠੇਰਿਆਂ ਦੇ ਪਰਵਾਰਾਂ ਨੂੰ ਇਸ ਮੇਲੇ ਵਿੱਚ ਸਮੇਂ ਸਿਰ ਪਹੁੰਚਣ ਦਾ ਹਾਰਦਿਕ ਸੱਦਾ ਦਿੱਤਾ ਹੈ।

## ਸੰਗੂ, ਜੰਡੂ, ਅੱਠੀ ਦੇ ਜਠੇਰਿਆਂ ਦਾ ਮੇਲਾ 8 ਨੂੰ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** ਜਠੇਰਿਆਂ ਦੇ ਪਵਿੱਤਰ ਅਸਥਾਨ ਦੇ ਪ੍ਰਮੁੱਖ ਸੇਵਾਦਾਰ ਪ੍ਰੇਮ ਸਿੰਘ ਸੰਗੂ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸੰਗੂ, ਜੰਡੂ ਅਤੇ ਅੱਠੀ ਗੋਤਰ ਦੇ ਜਠੇਰਿਆਂ ਦਾ ਮੇਲਾ 8 ਅਪ੍ਰੈਲ ਦਿਨ ਸੋਮਵਾਰ ਨੂੰ ਸਵੇਰੇ 9 ਵਜੇ ਪਿੰਡ ਜੰਡਿਆਲਾ ਮੰਜਕੀ, ਤਹਿਸੀਲ ਫਿਲੌਰ, ਜਿਲ੍ਹਾ ਜਲੰਧਰ ਵਿਖੇ ਸਮੂਹ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੇ ਵੱਡਮੁੱਲੇ ਸਹਿਯੋਗ ਸਦਕਾ ਬੜੀ ਧੂਮਧਾਮ ਅਤੇ ਸ਼ਰਧਾ ਭਾਵ ਨਾਲ ਮਨਾਇਆ ਜਾਵੇਗਾ। ਪ੍ਰਜਾਪਤੀ ਲਾਇਨ ਅਸ਼ੋਕ ਸੰਧੂ ਨੰਬਰਦਾਰ ਨੂਰਮਹਿਲ, ਲਾਇਨ ਦਿਨਕਰ ਸੰਧੂ, ਲਾਇਨ ਸੋਮਿਨਾਂ ਸੰਧੂ ਨੇ ਦੱਸਿਆ ਇਸ ਸ਼ੁਭ ਦਿਹਾੜੇ ਮੌਕੇ ਸ੍ਰੀ ਸੁਖਮਨੀ ਸਾਹਿਬ ਦੇ ਭੋਗ ਉਪਰੰਤ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ।

## ਸੀ ਪੀ ਆਈ ਜ਼ਿਲ੍ਹਾ ਨਵਾਂ ਸ਼ਹਿਰ ਦੀ ਜ਼ਿਲ੍ਹਾ ਕੌਂਸਲ ਦੀ ਮੀਟਿੰਗ

*ਜਸਵਿੰਦਰ ਸਿੰਘ ਭੰਗਲ ਤਹਿਸੀਲ ਨਵਾਂ ਸ਼ਹਿਰ ਦੇ ਸਕੱਤਰ ਨਿਯੁਕਤ*



**ਬੰਗਾ (ਅਵਤਾਰ ਕਲੇਰ)** ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਜ਼ਿਲ੍ਹਾ ਕੌਂਸਲ ਮੀਟਿੰਗ ਜਗਤਾਰ ਸਿੰਘ ਦੀ ਪ੍ਰਧਾਨਗੀ ਹੇਠ ਸ਼ਹੀਦ ਮਲਕੀਤ ਚੰਦ ਮੇਹਲੀ ਭਵਨ ਨਵਾਂ ਸ਼ਹਿਰ ਵਿਖੇ ਹੋਈ।ਸਭ ਤੋਂ ਪਹਿਲਾਂ ਸੀ ਪੀ ਆਈ ਦੇ ਵਿਛੜੇ ਸਾਥੀ ਮੁਕੰਦ ਲਾਲ ਨੂੰ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਭੇਟ ਕੀਤੀ। ਪਾਰਟੀ ਨਵੀਨੀਕਰਨ, ਖੇਤ ਮਜ਼ਦੂਰ ਸਭਾ ਦਾ ਜ਼ਿਲ੍ਹਾ ਅਜਲਾਸ ਕਰਨ ਵਾਰੇ ਵਿਚਾਰ ਚਰਚਾ ਹੋਈ।8 ਅਪ੍ਰੈਲ 2024 ਨੂੰ ਸੰਯੁਕਤ ਕਿਸਾਨ ਮੋਰਚੇ ਵਲੋਂ ਚੰਡੀਗੜ੍ਹ ਵਿਖੇ ਮੁਜ਼ਾਹਰਾ ਕੀਤਾ ਜਾਵੇਗਾ ਅਤੇ ਜ਼ਿਲ੍ਹਾ ਪਾਰਟੀ ਇਸ ਵਿੱਚ ਸ਼ਮੂਲੀਅਤ ਕਰੇਗੀ।ਪਾਰਟੀ ਵਲੋਂ ਸਰਬਸੰਮਤੀ ਨਾਲ ਜਸਵਿੰਦਰ ਸਿੰਘ ਭੰਗਲ ਨੂੰ ਤਹਿਸੀਲ ਨਵਾਂ ਸ਼ਹਿਰ ਦਾ ਸਕੱਤਰ ਨਿਯੁਕਤ ਕੀਤਾ ਗਿਆ।ਜ਼ਿਲ੍ਹਾ ਕਾਰਜਕਾਰੀ ਸਕੱਤਰ ਨਰੰਜਣ ਦਾਸ ਮੇਹਲੀ ਵਲੋਂ ਸੂਬਾ ਕੌਂਸਲ ਦੀ ਰਿਪੋਰਟ ਪੇਸ਼ ਕੀਤੀ ਗਈ।ਦੇਸ਼ ਵਿੱਚ ਲੋਕ ਸਭਾ ਚੋਣਾਂ ਸਿਰ ਤੇ ਹਨ।ਪਿਛਲੇ ਦਸ ਸਾਲਾਂ ਤੋਂ ਲੋਕ ਆਪਣੇ ਆਪ ਨੂੰ ਅਸੁਰੱਖਿਆ ਮਹਿਸੂਸ ਕਰ ਰਹੇ ਹਨ ਇਸ ਲਈ ਲੋਕ ਸਭਾ ਚੋਣਾਂ ਦੌਰਾਨ ਫਾਸ਼ੀਵਾਦੀ ਪਾਰਟੀਆਂ ਨੂੰ ਹਰਾਇਆ ਜਾਵੇਗਾ।ਇਸ ਮੌਕੇ ਨਰੰਜਣ ਦਾਸ ਮੇਹਲੀ, ਬੀਬੀ ਗੁਰਬਖਸ਼ ਕੌਰ ਰਾਹੋਂ, ਸਤਨਾਮ ਸਿੰਘ, ਜਗਤਾਰ ਸਿੰਘ, ਜਸਵਿੰਦਰ ਸਿੰਘ ਭੰਗਲ, ਅਮਰਜੀਤ ਮੇਹਲੀ, ਦਸੌਂਧਾ ਸਿੰਘ, ਬਲਵੀਰ ਸਿੰਘ, ਜੋਗਿੰਦਰ ਸਿੰਘ ਚਣਕੋਈ, ਬਲਜਿੰਦਰ ਸਿੰਘ ਨਵਾਂ ਸ਼ਹਿਰ, ਜਰਨੈਲ ਸਿੰਘ ਆਦਿ ਹਾਜ਼ਰ ਸਨ।

## ਨਿਹਾਲ ਸਿੰਘ ਨੇ 500 'ਚੋਂ 500 ਅੰਕ ਪ੍ਰਾਪਤ ਕਰਕੇ ਸੂਚੀ 'ਚ ਕੀਤਾ ਦਰਜ ਨਾਂਅ



**ਗੁਰਾਇਆ (ਬਿੰਦਰ ਸੁੰਮਨ)**--ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਐਲਾਨੇ ਪੰਜਵੀਂ ਜਮਾਤ ਦੇ ਨਤੀਜੇ 'ਚ ਸ੍ਰੀ ਦਸ਼ਮੇਸ ਕਾਨਵੇਂਟ ਸਕੂਲ ਅੱਟੀ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਅੰਕ ਲੈ ਕੇ ਮੱਲਾਂ ਮਾਰੀਆਂ ਹਨ। ਇਸ ਮੌਕੇ ਸਕੂਲ ਦੇ ਐਮ.ਡੀ. ਸੁਖਦੀਪ ਸਿੰਘ, ਪ੍ਰਿੰਸੀਪਲ ਬਲਜਿੰਦਰ ਕੁਮਾਰ, ਪ੍ਰਬੰਧਕ ਰਵਿੰਦਰਜੀਤ ਕੌਰ ਅਤੇ ਵਾਈਸ ਪ੍ਰਿੰਸੀਪਲ ਸੰਦੀਪ ਕੌਰ ਨੇ ਦੱਸਿਆ ਕਿ ਸਕੂਲ ਦੇ ਬੱਚੇ ਨਿਹਾਲ ਸਿੰਘ ਨੇ 500 'ਚੋਂ 500 ਅੰਕ ਹਾਸਲ ਕਰਕੇ 587 ਬੱਚਿਆਂ ਦੀ ਸੂਚੀ 'ਚ ਆਪਣਾ ਸਥਾਨ ਹਾਸਲ ਕਰਕੇ ਇਲਾਕੇ ਅਤੇ ਸਕੂਲ ਦਾ ਨਾਂਅ ਰੋਸ਼ਨਾਇਆ ਹੈ। ਸਕੂਲ ਦੀ ਸਿਮਰਪ੍ਰੀਤ ਕੌਰ ਨੇ 99.6 ਫੀਸਦੀ ਅੰਕ ਲੈ ਕੇ ਦੂਸਰਾ ਸਥਾਨ ਅਤੇ ਸਾਹਿਲ ਕੁਮਾਰ ਨੇ 99. 4 ਅੰਕ ਹਾਸਲ ਕਰਕੇ ਤੀਸਰਾ ਸਥਾਨ ਹਾਸਲ ਕੀਤਾ ਹੈ। ਸਾਰੇ ਵਿਦਿਆਰਥੀਆਂ ਚੰਗੇ ਨੰਬਰ ਲੈ ਕੇ ਪਾਸ ਹੋਏ ਹਨ ਜਿਨਾਂ 'ਚੋਂ 16 ਵਿਦਿਆਰਥੀਆਂ ਦੇ ਨੰਬਰ 95 ਫੀਸਦੀ ਤੋਂ ਉੱਪਰ ਹਨ। ਜਿਨ੍ਹਾਂ 'ਚ ਜਸਮੀਨ ਕੌਰ, ਸਿਮਰਪ੍ਰੀਤ ਕੌਰ, ਬਲਰੂਪ ਕੌਰ, ਦੀਪਿਕਾ, ਰਿਤਿਕਾ, ਜਸਮੀਤ, ਸਾਹਿਲ ਕੁਮਾਰ, ਯੁਗਰਾਜ ਰੱਲ, ਅਰਮਾਨ ਕੁਮਾਰ, ਅਮ੍ਰਿਤ ਸਿੰਘ ਸਿੱਧੂ, ਦਯਾ ਸਿੰਘ, ਹਰਮਨਦੀਪ ਸਿੰਘ, ਰਿਸ਼ ਮੈਹਮੀ ਵਿਦਿਆਰਥੀ ਸ਼ਾਮਲ ਹਨ। ਇਸ ਪ੍ਰਾਪਤੀ 'ਤੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਵਾਈਸ ਚੇਅਰਮੈਨ ਪ੍ਰਿੰਸੀਪਲ ਨੇ ਉਚੇਚੇ ਤੌਰ 'ਤੇ ਸਕੂਲ ਸਟਾਫ਼ ਅਤੇ ਮਾਪਿਆਂ ਨੂੰ ਵਧਾਈ ਦਿੱਤੀ । ਉਨਾਂ ਕਿਹਾ ਕਿ ਇਸ ਸ਼ਾਨਦਾਰ ਨਤੀਜੇ ਦਾ ਸਿਹਰਾ ਮਿਹਨਤੀ ਸਟਾਫ਼, ਵਿਦਿਆਰਥੀਆਂ ਦੀ ਲਗਨ ਅਤੇ ਮਾਪਿਆਂ ਦਾ ਸਹਿਯੋਗ ਹੈ। ਉਨ੍ਹਾਂ ਦੱਸਿਆ ਕਿ ਘੱਟ ਫੀਸ 'ਤੇ ਮਿਆਰੀ ਸਿੱਖਿਆ ਦੇਣ ਵਾਲਾ ਇਹ ਸਕੂਲ ਸਿੱਖਿਆ ਦੇ ਨਾਲ-ਨਾਲ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਖੇਡਾਂ ਦੇ ਖੇਤਰ 'ਚ ਵੀ ਮੱਲਾਂ ਮਾਰ ਰਿਹਾ ਹੈ। ਜ਼ਿਲ੍ਹਾ ਪੱਧਰੀ ਟੂਰਨਾਮੈਂਟ 'ਚ ਸਕੂਲ ਦੀਆਂ ਚਾਰ ਟੀਮਾਂ ਨੇ ਪਹਿਲਾ ਸਥਾਨ ਹਾਸਲ ਕਰਕੇ ਸਟੇਟ ਪੱਧਰ 'ਤੇ ਭਾਗ ਲਿਆ। ਇਸ ਤੋਂ ਇਲਾਵਾ ਸਕੂਲ ਦੇ ਖਿਡਾਰੀ ਰਾਜ ਪੱਧਰ 'ਤੇ ਵੀ ਅਥਲੈਟਿਕ 'ਚ ਜਿੱਤਾਂ ਪ੍ਰਾਪਤ ਕਰ ਚੁੱਕੇ ਹਨ। ਉਨਾਂ ਦੱਸਿਆ ਕਿ ਮਾਪਿਆਂ ਵਲੋਂ ਸਾਲ 2024-25 ਵਿਦਿਅਕ ਵਰ੍ਹੇ ਲਈ ਦਾਖਲੇ ਲਈ ਭਾਰੀ ਉਤਸ਼ਾਹ ਹੈ।

## ਸੰਗਤਾਂ ਹੁੰਮ-ਹੁਮਾ ਕੇ ਚਰਨਛੋਹ ਗੰਗਾ ਖੁਰਾਲਗੜ੍ਹ ਵਿਖੇ ਸਮਾਗਮਾਂ 'ਚ ਸ਼ਾਮਲ ਹੋਣ : ਦੀਵਾਲੀ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ )** ਸਤਿਗੁਰੂ ਰਵਿਦਾਸ ਜੀ ਮਹਾਰਾਜ ਦੀ ਬਾਣੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਅਤੇ ਬਾਬੂ ਮੰਗੂ ਰਾਮ ਮੁਗੋਵਾਲੀਆ,ਬਾਬਾ ਸਾਹਿਬ ਡਾ. ਅੰਬੇਦਕਰ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਆਲ ਇੰਡੀਆ ਆਦਿ ਧਰਮ ਮਿਸ਼ਨ ਸਮਰਪਿਤ ਭਾਵਨਾ ਨਾਲ ਅਗੇ ਵੱਧ ਰਿਹਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਗਿਆਨ ਚੰਦ ਦੀਵਾਲੀ ਸਾਬਕਾ ਮੈਂਬਰ ਐਸ ਸੀ ਕਮਿਸ਼ਨ, ਮੀਤ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ ਨੇ ਕਿਹਾ ਕਿ ਗੁਰੂ ਰਵਿਦਾਸ ਜੀ ਦੇ ਚਰਨਛੋਹ ਪ੍ਰਾਪਤ ਇਤਿਹਾਸਕ ਅਸਥਾਨ ਸ੍ਰੀ ਚਰਨਛੋਹ ਗੰਗਾ ਸੱਚਖੰਡ ਖੁਰਾਲਗੜ੍ਹ ਸਾਹਿਬ ਵਿਖੇ ਹਰ ਸਾਲ ਦੀ ਤਰ੍ਹਾਂ ਅੰਮ੍ਰਿਤ ਧਾਰਾ ਪ੍ਰਗਟ ਦਿਵਸ, ਮਹਾਤਮਾ ਜੋਤੀਬਾ ਫੂਲੇ ਅਤੇ ਡਾ. ਭੀਮ ਰਾਓ ਅੰਬੇਡਕਰ ਜਨਮ ਦਿਨ ਸਮਾਗਮ 11 ਤੋਂ 14 ਅਪ੍ਰੈਲ ਤੱਕ ਬੜੀ ਸ਼ਰਧਾ ਪੂਰਵਕ ਮਨਾਏ ਜਾ ਰਹੇ ਹਨ ਜਿਸ ਵਿੱਚ ਦੇਸ਼ ਵਿਦੇਸ਼ ਤੋਂ ਭਾਰੀ ਗਿਣਤੀ ਵਿੱਚ ਸੰਗਤਾਂ ਸ਼ਾਮਲ ਹੋ ਕੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਅਸ਼ੀਰਵਾਦ ਪ੍ਰਾਪਤ ਕਰਨਗੀਆਂ। ਉਨਾਂ ਦੱਸਿਆ ਕਿ ਰਾਗੀ,ਢਾਡੀ,ਕਵੀਸ਼ਰੀ ਜਥੇ ਸੰਗਤਾਂ ਨੂੰ ਇਤਿਹਾਸ ਨਾਲ ਜੋੜਨਗੇ ਅਤੇ ਆਦਿ ਧਰਮ ਸਮਾਜ ਦੇ ਬੁੱਧੀਜੀਵੀ ਬੁਲਾਰੇ,ਪ੍ਰਚਾਰਕ, ਸੰਤ ਮਹਾਂਪੁਰਸ਼ ਸੰਗਤਾਂ ਨੂੰ ਆਦਿ ਧਰਮ ਦੇ ਮਹਾਨ ਗੁਰੂਆਂ, ਰਹਿਬਰਾਂ ਦੇ ਕ੍ਰਾਂਤੀਕਾਰੀ ਇਤਿਹਾਸ ਅਤੇ ਸਤਿਗੁਰੂ ਰਵਿਦਾਸ ਜੀ ਦੇ ਚਰਨਛੋਹ ਪ੍ਰਾਪਤ ਅਸਥਾਨਾਂ ਦਾ ਇਤਿਹਾਸ ਜਾਣੂ ਕਰਾਉਣਗੇ। ਉਨਾਂ ਕਿਹਾ ਚਾਰ ਦਿਨ ਚੱਲਣ ਵਾਲੇ ਸਮਾਗਮਾਂ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਹਨ ਅਤੇ ਸੰਗਤਾਂ ਦੇ ਠਹਿਰਣ, ਲੰਗਰ, ਇਸ਼ਨਾਨ ਅਤੇ ਪਾਰਕਿੰਗ ਲਈ ਪ੍ਰਬੰਧਕ ਕਮੇਟੀ ਵਲੋਂ ਉਚਿਤ ਤੇ ਸੁਚੱਜੇ ਪ੍ਰਬੰਧ ਕੀਤੇ ਗਏ ਹਨ। ਉਨਾਂ ਪੰਜਾਬ ਸਰਕਾਰ, ਪੁਲਸ, ਪ੍ਰਸ਼ਾਸਨ ਨੂੰ ਬੇਨਤੀ ਕੀਤੀ ਕਿ ਦੇਸ਼ ਵਿਦੇਸ਼ ਤੋਂ ਸੰਗਤਾਂ ਦੀ ਭਾਰੀ ਆਮਦ ਨੂੰ ਦੇਖਦੇ ਹੋਏ ਸੁਰੱਖਿਆ ਦੇ ਸਖ਼ਤ ਤੇ ਸੁਚੱਜੇ ਪ੍ਰਬੰਧ ਕੀਤੇ ਜਾਣ।

## ਘਰ ਪਰਤ ਰਹੀ ਕੌਂਸਲਰ ਨੂੰ ਲੁਟੇਰਿਆਂ ਨੇ ਜ਼ਖਮੀ ਕਰ ਕੇ ਲੁੱਟਿਆ



**ਟਾਂਡਾ ਉੜਮੁੜ ( ਜਸਵਿੰਦਰ ਸੰਧੂ, ਉਂਕਾਰ ਸਿੰਘ)**-ਵੀਰਵਾਰ ਸਵੇਰੇ ਸ਼ੀਤਲਾ ਮਾਤਾ ਮੰਦਰ ਟਾਂਡਾ ਤੋਂ ਮੱਥਾ ਟੇਕ ਕੇ ਵਾਪਸ ਪਰਤ ਰਹੀ ਮਹਿਲਾ ਕੌਂਸਲਰ ਨੂੰ 2 ਨਕਾਬਪੋਸ਼ ਲੁਟੇਰਿਆਂ ਨੇ ਜ਼ਖਮੀ ਕਰ ਕੇ ਲੁੱਟ ਲਿਆ। ਵਾਰਦਾਤ ਸਵੇਰੇ 6.30 ਵਜੇ ਦੇ ਕਰੀਬ ਉਸ ਵੇਲੇ ਵਾਪਰੀ ਜਦੋਂ ਆਪਣੀ ਜੇਠਾਣੀ ਪ੍ਰਿਆ ਨਾਲ ਮੰਦਰ ਤੋਂ ਵਾਪਸ ਆਉਂਦੇ ਸਮੇਂ ਘਰ ਨਜ਼ਦੀਕ ਹੀ ਠਾਕੁਰ ਦੁਆਰਾ ਮੰਦਰ ਗਲੀ ਵਿਚ ਕੌਂਸਲਰ ਕੁਲਜੀਤ ਕੌਰ ਪਤਨੀ ਰਕੇਸ਼ ਕੁਮਾਰ ਬਿੱਟੂ 'ਤੇ 2 ਲੁਟੇਰਿਆਂ ਨੇ ਅਚਾਨਕ ਹਮਲਾ ਕਰ ਦਿੱਤਾ। ਸਿਰ 'ਤੇ ਤੇਜਧਾਰ ਹਥਿਆਰ ਨਾਲ ਵਾਰ ਕਰ ਕੇ ਉਸ ਨੂੰ ਗੰਭੀਰ ਰੂਪ 'ਚ ਜਖਮੀ ਕਰ ਦਿੱਤਾ ਅਤੇ ਲੁਟੇਰੇ ਕੌਂਸਲਰ ਦੇ ਕੰਨਾਂ 'ਚੋਂ ਸੋਨੇ ਦੇ ਟਾਪਸ ਅਤੇ 1 ਮੁੰਦਰੀ ਝਪਟ ਕੇ ਫਰਾਰ ਹੋ ਗਏ। ਕੌਂਸਲਰ ਦੇ ਸਿਰ ਵਿਚ ਡੂੰਘਾ ਕੱਟ ਲੱਗਿਆ ਹੈ। ਗੰਭੀਰ ਜ਼ਖਮੀ ਹੋਈ ਕੌਂਸਲਰ ਨੂੰ ਟਾਂਡਾ ਦੇ ਸਰਕਾਰੀ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ। ਸੂਚਨਾ ਮਿਲਦੇ ਹੀ ਮੌਕੇ 'ਤੇ ਪਹੁੰਚੇ ਨਗਰ ਕੌਂਸਲ ਦੇ ਪ੍ਰਧਾਨ ਗੁਰਸੇਵਕ ਮਾਰਸ਼ਲ, ਕੌਂਸਲਰ ਰਾਜੇਸ਼ ਲਾਡੀ ਅਤੇ ਹੋਰਨਾਂ ਕੌਂਸਲਰਾਂ ਨੇ ਦਿਨ-ਦਿਹਾੜੇ ਵਾਪਰੀ ਇਸ ਵਾਰਦਾਤ 'ਤੇ ਚਿੰਤਾ ਦਾ ਇਜ਼ਹਾਰ ਕਰਦਿਆਂ ਪੁਲਿਸ ਪ੍ਰਸ਼ਾਸਨ ਨੂੰ ਜਲਦ ਤੋਂ ਜਲਦ ਦੋਸ਼ੀਆਂ ਨੂੰ ਕਾਬੂ ਕਰਨ ਦੀ ਮੰਗ ਕੀਤੀ ਹੈ। ਸੂਚਨਾ ਮਿਲਦੇ ਹੀ ਮੌਕੇ 'ਤੇ ਪਹੁੰਚੀ ਟਾਂਡਾ ਪੁਲਿਸ ਦੀ ਟੀਮ ਨੇ ਗਲੀ ਵਿਚ ਲੱਗੇ ਸੀ. ਸੀ. ਟੀ. ਵੀ. ਕੈਮਰਿਆਂ ਦੀ ਮਦਦ ਨਾਲ ਜਾਂਚ ਸ਼ੁਰੂ ਕਰਦੇ ਹੋਏ ਲੁਟੇਰਿਆਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

## ਰਜਿੰਦਰ ਮਲਹੋਤਰਾ ਨੇ ਰੈੱਡ ਕਰਾਸ ਦੇ 'ਸਾਂਝੀ ਰਸੋਈ' ਪ੍ਰੋਜੈਕਟ 'ਚ ਪਾਇਆ ਯੋਗਦਾਨ



**ਹੁਸ਼ਿਆਰਪੁਰ, (ਓਮ ਪ੍ਰਕਾਸ਼ ਰਾਣਾ )**-ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਵੱਲੋਂ ਮੁਹੱਲਾ ਈਸ਼ ਨਗਰ, ਹੁਸ਼ਿਆਰਪੁਰ ਵਿਖੇ ਚਲਾਇਆ ਜਾ ਰਿਹਾ 'ਸਾਂਝੀ ਰਸੋਈ' ਪ੍ਰੋਜੈਕਟ ਡਿਪਟੀ ਕਮਿਸ਼ਨਰ-ਕਮ-ਪ੍ਰਧਾਨ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਕੋਮਲ ਮਿੱਤਲ ਦੀ ਰਹਿਨੁਮਾਈ ਅਤੇ ਯੋਗ ਅਗਵਾਈ ਹੇਠ ਬਹੁਤ ਹੀ ਸਫਲਤਾ ਪੂਰਵਕ ਚੱਲ ਰਿਹਾ ਹੈ, ਜਿਸ ਦਾ ਰੋਜ਼ਾਨਾ 400 ਤੋਂ 500 ਗਰੀਬ/ਲੋੜਵੰਦ/ਬੇਘਰੇ ਵਿਅਕਤੀ ਲਾਭ ਪ੍ਰਾਪਤ ਕਰ ਰਹੇ ਹਨ। ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਦੇ ਸਕੱਤਰ ਮੰਗੇਸ਼ ਸੂਦ ਨੇ ਦੱਸਿਆ ਕਿ ਇਸ ਪ੍ਰੋਜੈਕਟ ਦੀ ਸਫਲਤਾ ਲਈ ਰਜਿੰਦਰ ਕੇ ਮਲਹੋਤਰਾ, ਮਲਹੋਤਰਾ ਇਲੈਕਟ੍ਰੋਨਿਕਸ, ਹੁਸ਼ਿਆਰਪੁਰ ਵੱਲੋਂ ਆਪਣੇ ਪਿਤਾ ਸਵਰਗੀ ਹਰਭਜਨ ਲਾਲ ਮਲਹੋਤਰਾ ਦੀ ਯਾਦ ਵਿਚ ਸਾਂਝੀ ਰਸੋਈ ਨੂੰ 11 ਹਜ਼ਾਰ ਰੁਪਏ ਦੀ ਰਕਮ ਦਾਨ ਵਜੋਂ ਮੁਹੱਈਆ ਕਰਵਾਈ ਗਈ ਹੈ। ਸਕੱਤਰ ਮੰਗੇਸ਼ ਸੂਦ ਨੇ ਦੱਸਿਆ ਕਿ ਜ਼ਿਲ੍ਹਾ ਰੈੱਡ ਕਰਾਸ ਵੱਲੋਂ ਚਲਾਇਆ ਜਾ ਰਿਹਾ ਇਹ ਪ੍ਰੋਜੈਕਟ ਜ਼ਿਲ੍ਹੇ ਦੇ ਦਾਨੀ ਸੱਜਣਾਂ/ਸਮਾਜ ਸੇਵਕਾਂ ਵਲੋਂ ਦਾਨ ਵਜੋਂ ਮੁਹੱਈਆ ਕੀਤੇ ਜਾ ਰਹੇ ਫੰਡਾਂ ਦੁਆਰਾ ਹੀ ਚਲਾਇਆ ਜਾ ਰਿਹਾ ਹੈ। ਜਿਨ੍ਹਾਂ ਵਲੋਂ ਜਿਥੇ ਬੁੱਕ-ਏ-ਡੇਅ ਸਕੀਮ ਅਧੀਨ ਆਪਣੇ ਪਰਿਵਾਰਕ ਮੈਂਬਰਾਂ ਦੇ ਜਨਮ ਦਿਨ, ਵਿਆਹ ਵਰ੍ਹੇਗੰਢ ਅਤੇ ਯਾਦਾਂ ਨਾਲ ਸਬੰਧਤ ਦਿਨ ਸਾਂਝੀ ਰਸੋਈ, ਹੁਸ਼ਿਆਰਪੁਰ ਵਿਖੇ ਮਨਾ ਕੇ ਲਗਾਤਾਰ ਵਿੱਤੀ ਸਹਾਇਤਾ ਮੁਹੱਈਆ ਕਰਨ ਦੇ ਨਾਲ ਰਾਸ਼ਨ ਸਮੱਗਰੀ ਦੀ ਸਹਾਇਤਾ ਵੀ ਮੁੱਹਈਆ ਕੀਤੀ ਜਾ ਰਹੀ ਹੈ। ਉਨ੍ਹਾਂ ਇਸ ਪ੍ਰੋਜੈਕਟ ਨੂੰ ਲਗਾਤਾਰ ਚਾਲੂ ਰੱਖਣ ਲਈ ਜ਼ਿਲ੍ਹਾ ਹੁਸ਼ਿਆਰਪੁਰ ਦੇ ਦਾਨੀ ਸੱਜਣਾਂ/ਸਮਾਜ ਸੇਵਕਾਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਇਸ ਪ੍ਰੋਜੈਕਟ ਦੀ ਸਫਲਤਾ ਲਈ ਉਹ ਆਪਣਾ ਵੱਡਮੁੱਲਾ ਸਹਿਯੋਗ ਦੇਣ।

## ਰਾਮਗੜ੍ਹੀਆ ਸਭਾ ਵੱਲੋਂ ਕੇਹਰ ਸਿੰਘ ਮਠਾੜੂ ਨਾਲ ਰੂਬਰੂ

**ਮੋਹਾਲੀ (ਗੁਰਜੀਤ ਬਿੱਲਾ)**-ਰਾਮਗੜ੍ਹੀਆ ਸਭਾ (ਰਜਿ:) ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਪ੍ਰਧਾਨ ਕਰਮ ਸਿੰਘ ਬਬਰਾ ਦੀ ਪ੍ਰਧਾਨਗੀ ਹੇਠ ਭਾਈਚਾਰੇ ਦੇ ਪਤਵੰਤੇ ਸੱਜਣਾਂ ਦਾ ਇੱਕ ਵਿਸ਼ੇਸ਼ ਸਨਮਾਨ ਸਮਾਰੋਹ ਕਨੇਡਾ ਤੋਂ ਆਏ ਉੱਘੇ ਹਿਸਟੋਰੀਅਨ, ਕਵੀ ਅਤੇ ਲੇਖਕ ਕੇਹਰ ਸਿੰਘ ਮਠਾੜੂ ਦੇ ਨਾਲ ਰੂਬਰੂ ਕਰਨ ਲਈ ਕੀਤਾ ਗਿਆ। ਇਸ ਮੌਕੇ ਸਭਾ ਦੇ ਪ੍ਰਧਾਨ ਕਰਮ ਸਿੰਘ ਬਬਰਾ ਨੇ ਆਏ ਸੱਜਣਾਂ ਦਾ ਸਵਾਗਤ ਕੀਤਾ ਅਤੇ ਸਮਾਗਮ ਦੇ ਮੁੱਖ ਮਹਿਮਾਨ ਕੇਹਰ ਸਿੰਘ ਮਠਾੜੂ ਦੇ ਨਾਲ ਜਾਣ ਪਛਾਣ ਕਰਵਾਉਂਦਿਆਂ ਉਨ੍ਹਾਂ ਦੀਆਂ ਪ੍ਰਾਪਤੀਆਂ ਅਤੇ ਲਿਖੀਆਂ ਪੁਸਤਕਾਂ ਸਬੰਧੀ ਜਾਣਕਾਰੀ ਦਿੱਤੀ।ਇਸ ਮੌਕੇ ਰਾਮਗੜ੍ਹੀਆ ਸਭਾ ਚੰਡੀਗੜ੍ਹ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਸਾਬਕਾ ਪ੍ਰਧਾਨ ਸਾਹਿਬਾਨ ਅਤੇ ਪਤਵੰਤੇ ਸੱਜਣਾਂ ਨੇ ਵੀ ਹਾਜ਼ਰੀ ਭਰੀ। ਵਿਚਾਰ ਗੋਸ਼ਟੀ ਦੌਰਾਨ ਦਰਸ਼ਨ ਸਿੰਘ ਕਲਸੀ, ਜਸਵੰਤ ਸਿੰਘ ਭੁੱਲਰ ਅਤੇ ਅਜੀਤ ਸਿੰਘ ਰਨੌਤਾ ਵਲੋਂ ਰਾਮਗੜ੍ਹੀਆ ਭਾਈਚਾਰੇ ਦੀਆਂ ਪ੍ਰਾਪਤੀਆਂ ਸਬੰਧੀ ਵਿਚਾਰ ਪੇਸ਼ ਕੀਤੇ।

ਮੁੱਖ ਮਹਿਮਾਨ ਕੇਹਰ ਸਿੰਘ ਮਠਾੜੂ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਨਿੰਨ ਸੇਵਕ ਭਾਈ ਲਾਲੋ ਜੀ ਅਤੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ ਜੀਵਨ ਅਤੇ ਇਤਿਹਾਸ ਸਬੰਧੀ ਪੁਸਤਕਾਂ ਅਰਪਣ ਕੀਤੀਆਂ ਗਈਆਂ। ਇਸ ਮੌਕੇ ਮੁੱਖ ਮਹਿਮਾਨ ਕੇਹਰ ਸਿੰਘ ਮਠਾੜੂ, ਵਿਸ਼ੇਸ਼ ਮਹਿਮਾਨ ਕੁਲਵਿੰਦਰ ਸਿੰਘ ਬਾਂਸਲ ਜੋ ਕਿ ਮੁੰਬਈ ਤੋਂ ਪਹੁੰਚੇ ਸਨ ਅਤੇ ਭੁਪਿੰਦਰ ਸਿੰਘ ਉੱਭੀ ਆਡੀਟਰ ਰਾਮਗੜ੍ਹੀਆ ਦਰਪਣ ਜਲੰਧਰ ਤੋਂ ਆਏ ਸਨ। ਸਾਰਿਆਂ ਨੂੰ ਸਨਮਾਨ ਚਿੰਨ੍ਹ ਨਾਲ ਸਨਮਾਨਤ ਕੀਤਾ ਗਿਆ। ਅੰਤ ਵਿੱਚ ਪ੍ਰਧਾਨ ਕਰਮ ਸਿੰਘ ਬਬਰਾ ਨੇ ਆਏ ਸਾਰੇ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ।ਇਸ ਮੌਕੇ ਕਰਮ ਸਿੰਘ ਬਬਰਾ, ਪ੍ਰਧਾਨ, ਗੁਰਚਰਨ ਸਿੰਘ ਨੰਨੜਾ ਜਨਰਲ ਸਕੱਤਰ, ਕੇਹਰ ਸਿੰਘ ਮਠਾੜੂ, ਕੁਲਵਿੰਦਰ ਸਿੰਘ ਬਾਂਸਲ, ਭੁਪਿੰਦਰ ਸਿੰਘ ਉੱਭੀ, ਦਰਸ਼ਨ ਸਿੰਘ ਕਲਸੀ, ਅਜੀਤ ਸਿੰਘ ਰਨੌਤਾ, ਡਾ. ਸਤਵਿੰਦਰ ਸਿੰਘ ਭੰਮਰਾ, ਜਸਵੰਤ ਸਿੰਘ ਭੁੱਲਰ, ਬਲਜੀਤ ਸਿੰਘ ਜੰਡੂ, ਨਰਿੰਦਰ ਸਿੰਘ ਸੰਧੂ, ਪਰਦੀਪ ਸਿੰਘ ਭਾਰਜ, ਮਨਜੀਤ ਸਿੰਘ ਮਾਨ, ਸੂਰਤ ਸਿੰਘ ਕਲਸੀ, ਬਿਕਰਮਜੀਤ ਸਿੰਘ ਹੂੰਜਣ, ਹਰਚਰਨ ਸਿੰਘ ਗਿੱਲ, ਮੋਹਨ ਸਿੰਘ ਸੱਭਰਵਾਲ, ਹਰਬਿੰਦਰ ਸਿੰਘ ਰਨੌਤਾ, ਬਲਵਿੰਦਰ ਸਿੰਘ ਹੂੰਜਣ, ਮੇਜਰ ਸਿੰਘ ਭੁੱਲਰ, ਕੁਲਵਿੰਦਰ ਸਿੰਘ ਸੋਖੀ, ਬਾਲਾ ਸਿੰਘ ਰਾਘੋ, ਦਵਿੰਦਰ ਸਿੰਘ ਵਿਰਕ, ਸੁਰਿੰਦਰ ਸਿੰਘ ਜੰਡੂ, ਤਜਿੰਦਰ ਸਿੰਘ ਸੱਭਰਵਾਲ, ਭੁਪਿੰਦਰ ਸਿੰਘ ਮੁੱਧੜ, ਗੁਰਬਖਸ਼ ਸਿੰਘ ਜੰਡੂ, ਸੁਰਜੀਤ ਸਿੰਘ ਜੰਡੂ, ਇੰਜ: ਪਵਿੱਤਰ ਸਿੰਘ ਵਿਰਦੀ, ਦਲਜੀਤ ਸਿੰਘ ਫਲੌਰਾ, ਰਵਿੰਦਰ ਸਿੰਘ ਨਾਗੀ, ਬਲਦੇਵ ਸਿੰਘ ਕਲਸੀ, ਨਿਰਮਲ ਸਿੰਘ ਸੱਭਰਵਾਲ, ਪਰਮਜੀਤ ਸਿੰਘ ਖੁਰਲ, ਅਮਰਜੀਤ ਸਿੰਘ ਵਿਰਦੀ, ਜਸਪਾਲ ਸਿੰਘ ਸਲੈਚ, ਜਸਵਿੰਦਰ ਸਿੰਘ ਫੁੱਲ, ਸ ਨਰਾਇਣ ਸਿੰਘ ਭੁੱਲਰ, ਸ ਸਰਵਣ ਸਿੰਘ ਕਲਸੀ, ਕੁਲਵਿੰਦਰ ਸਿੰਘ ਬਾਵਾ ਅਤੇ ਹੋਰ ਕਈ ਪਤਵੰਤੇ ਸਜਣ ਹਾਜ਼ਰ ਸਨ। ਇਹ ਜਾਣਕਾਰੀ ਸਭਾ ਦੇ ਜਨਰਲ ਸਕੱਤਰ ਗੁਰਚਰਨ ਸਿੰਘ ਨੰਨੜਾ ਵਲੋਂ ਦਿੱਤੀ ਗਈ।

# ਖ਼ਾਲਸਾ ਕਾਲਜ ’ਚ ‘ਰੌਣਕ-2024’ ਦਾ ਅਗਾਜ਼




**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਖ਼ਾਲਸਾ ਕਾਲਜ ਦੇ ਯੁਵਕ ਭਲਾਈ ਅਤੇ ਸੱਭਿਆਚਾਰਕ ਵਿਭਾਗ ਵੱਲੋਂ 6 ਅਪ੍ਰੈਲ ਤੱਕ ਚੱਲਣ ਵਾਲੇ ‘ਰੌਣਕ-2024’ ਦਾ ਪ੍ਰਿੰਸੀਪਲ ਡਾ. ਮਹਿਲ ਸਿੰਘ ਵੱਲੋਂ ਸ਼ਮ੍ਹਾ ਰੌਸ਼ਨ ਕਰ ਕੇ ਸ਼ਾਨਦਾਰ ਅਗਾਜ਼ ਕੀਤਾ ਗਿਆ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਮਹਿਲ ਸਿੰਘ ਨੇ ਵਿਭਾਗ ਮੁਖੀ ਅਤੇ ਰਜਿਸਟਰਾਰ ਡਾ. ਦਵਿੰਦਰ ਸਿੰਘ ਵੱਲੋਂ ਕਰਵਾਏ ਉਕਤ ਸੱਭਿਆਚਾਰਕ ਮੁਕਾਬਲੇ ਦੀ ਵਧਾਈ ਦਿੰਦਿਆਂ ਕਿਹਾ ਕਿ ਇਨਸਾਨ ਦਾ ਮੁਢਲਾ ਫ਼ਰਜ਼ ਹੈ ਕਿ ਉਹ ਆਪਣੀ ਸੱਭਿਅਤਾ ਅਤੇ ਵਿਰਸੇ ਦੀ ਰਾਖੀ ’ਤੇ ਪਹਿਰਾ ਦੇਵੇ। ਇਹ ਪ੍ਰੋਗਰਾਮ ਉਕਤ ਵਿਭਾਗ ਅਧੀਨ ਕਲਚਰਲ ਐਸੋਸੀਏਸ਼ਨ ਵੱਲੋਂ ਇੰਟਰ ਫ਼ੈਕਲਟੀ ਕਲਚਰਲ ਮੁਕਾਬਲਿਆਂ ਲਈ ਸਾਲਾਨਾ ਕਰਵਾਇਆ ਜਾਂਦਾ ਹੈ। ਜਿਸ ’ਚ ਵੱਖ-ਵੱਖ ਵਿਭਾਗਾਂ ਦੇ ਵਿਦਿਆਰਥੀ ਆਪਣੀਆਂ ਕਲਾਵਾਂ ਦੇ ਜੌਹਰ ਵਿਖਾਉਂਦੇ ਹਨ। ਵਿਦਿਆਰਥੀ ਆਉਣ ਵਾਲੇ ਯੂਨੀਵਰਸਿਟੀ ਪੱਧਰ ਦੇ ਮੁਕਾਬਲਿਆਂ ਲਈ ਵੀ ਇਸ ਪ੍ਰੋਗਰਾਮ ਰਾਹੀਂ ਪ੍ਰੱਪਕ ਹੁੰਦੇ ਹਨ। 3 ਰੋਜ਼ਾ ਇਸ ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਵੱਲੋਂ ਅਲੱਗ-ਅਲੱਗ ਗੀਤਾਂ ਤੋਂ ਇਲਾਵਾ ਕਵਿਸ਼ਰੀ, ਕਵਿਤਾ ਗਾਇਨ, ਭੰਗੜਾ, ਗਿੱਧਾ ਆਦਿ ਦੀ ਪੇਸ਼ਕਾਰੀ ਦਿੱਤੀ ਜਾਵੇਗੀ। ਅੱਜ ਪਹਿਲੇ ਦਿਨ ਕਲਾਸੀਕਲ ਡਾਂਸ, ਸੋਲੋ ਡਾਂਸ, ਫੋਕ ਦੀ ਪੇਸ਼ਕਾਰੀ ਕੀਤੀ। ਇਸ ਮੌਕੇ ਪ੍ਰਿੰ: ਡਾ. ਮਹਿਲ ਸਿੰਘ ਨੇ ਕਿਹਾ ਕਿ ਅਜੋਕੀ ਨੌਜਵਾਨ ਪੀੜ੍ਹੀ ਜੋ ਕਿ ਆਪਣੇ ਸੱਭਿਆਚਾਰ ਤੋਂ ਦੂਰ ਹੁੰਦੀ ਜਾ ਰਹੀ ਹੈ, ਨੂੰ ਵਿਰਸੇ ਨਾਲ ਜੋੜਨ ਲਈ ਵਿਭਾਗ ਵੱਲੋਂ ਉਪਰਾਲਾ ਕੀਤਾ ਗਿਆ ਹੈ, ਉਸ ਲਈ ਸਬੰਧਿਤ ਸਟਾਫ਼ ਦਾ ਯਤਨ ਸਲਾਹੁਣਯੋਗ ਹੈ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਆਪਣੇ ਵਿਰਸੇ ਅਤੇ ਸੱਭਿਅਤਾ ਦੀ ਸੰਭਾਲ ਲਈ ਅਜੋਕੇ ਸਮੇਂ ’ਚ ਜੋੜਨਾ ਬਹੁਤ ਜ਼ਰੂਰੀ ਹੈ, ਕਿਉਂਕਿ ਜੇਕਰ ਅਸੀ ਆਪਣੀ ਵਿਰਾਸਤ ਤੋਂ ਪਛੜ ਗਏ ਤਾਂ ਆਉਣ ਵਾਲੇ ਸਮੇਂ ’ਚ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਹੋਂਦ ਖ਼ਤਰੇ ’ਚ ਆ ਜਾਵੇਗੀ। ਇਸ ਮੁਕਾਬਲੇ ਦੌਰਾਨ ਅਮਰਜੋਤੀ ਸੰਧੂ, ਮਨਪ੍ਰੀਤ ਸਿੰਘ ਮੰਨਾ ਅਤੇ ਅਨੂਰੀਤ ਕੌਰ ਲੇਹਲ ਨੇ ਜੱਜ ਦੀ ਅਤੇ ਡਾ. ਸੁਰਜੀਤ ਕੌਰ ਨੇ ਸੰਚਾਲਨ ਦੀ ਭੂਮਿਕਾ ਬਾਖ਼ੂਬੀ ਨਿਭਾਈ। ਇਸ ਮੌਕੇ ਡਾ. ਤਮਿੰਦਰ ਸਿੰਘ ਭਾਟੀਆ, ਡਾ. ਦੀਪਕ ਦੇਵਗਨ, ਡਾ. ਏ. ਕੇ. ਕਾਹਲੋਂ, ਡਾ. ਸੁਰਜੀਤ ਕੌਰ ਤੋਂ ਇਲਾਵਾ ਹੋਰ ਸਟਾਫ਼ ਅਤੇ ਵੱਡੀ ਗਿਣਤੀ ’ਚ ਵਿਦਿਆਰਥੀ ਹਾਜ਼ਰ ਸਨ। ਇਸ ਮੌਕੇ ਜੇਤੂ ਆਏ ਵਿਦਿਆਰਥੀਆਂ ਨੂੰ ਇਨਾਮ ਵੀ ਤਕਸੀਮ ਕੀਤੇ ਗਏ।

# ਗੈਸ ਸਿਲੰਡਰ ਗੈਸ ਲੀਕ ਹੋਣ ਨਾਲ ਹੋਇਆ ਧਮਾਕਾ



ਝਬਾਲ (ਮੱਖਣ ਮਨੋਜ)-ਕਸਬਾ ਝਬਾਲ ਦੇ ਤਰਨ ਤਾਰਨ ਰੋਡ ਉੱਪਰ ਸਥਿਤ ਖੋਖੇ ’ਤੇ ਗੈਸ ਸਿਲੰਡਰ ਦੇ ਲੀਕ ਹੋਣ ਕਾਰਨ ਵੱਡਾ ਧਮਾਕਾ ਹੋਣ ਨਾਲ ਅੱਗ ਲੱਗ ਗਈ, ਜਿਸ ਨੂੰ ਦੁਕਾਨਦਾਰ ਨੇ ਬੜੀ ਮੁਸ਼ਕਲ ਨਾਲ ਬੁਝਾਇਆ। ਜਿਸ ਕਾਰਨ ਵੱਡਾ ਨੁਕਸਾਨ ਹੋਣ ਤੋਂ ਬਚ ਗਿਆ। ਜੇ ਅੱਗ ਨਾ ਬੁਝਦੀ ਤਾਂ ਦੁਕਾਨ ’ਤੇ ਪਏ ਗੈਸ ਸਿਲੰਡਰ ਫਟਣ ਨਾਲ ਆਸ ਪਾਸ ਦੀਆਂ ਦੁਕਾਨਾਂ ਤੇ ਖੋਖੇ ਸੜ ਕੇ ਸੁਆਹ ਹੋ ਜਾਣੇ ਸਨ ਤੇ ਕਈ ਕੀਮਤੀ ਜਾਨਾਂ ਚਲੇ ਜਾਣੀਆਂ ਸਨ।

ਇਸ ਘਟਨਾ ਮੌਕੇ ਜਦੋਂ ਆਸ ਪਾਸ ਦੇ ਦੁਕਾਨਦਾਰਾਂ ਨੇ ਖੋਖੇ ਦੇ ਮਾਲਕ ਨਾਲ ਗੱਲਬਾਤ ਕੀਤੀ ਤਾਂ ਖੋਖੇ ਦੇ ਮਾਲਕ ਨੇ ਉਨ੍ਹਾਂ ਨਾਲ ਭੈੜੀ ਸ਼ਬਦਾਵਲੀ ਦੀ ਵਰਤੋਂ ਕੀਤੀ ਤਾਂ ਸਮਾਜ ਸੇਵੀ ਲੱਖਾ ਸਿੰਘ ਮੱਜੂਪੁਰ, ਸੁਰਿੰਦਰ ਸਿੰਘ ਧੁੰਨਾ ਕਪਤਾਨ ਜਿਊਲਰ, ਬਲਵਿੰਦਰ ਸਿੰਘ ਧੁੰਨਾ ਅੰਮ੍ਰਿਤਸਰ ਜਿਊਲਰ, ਸਾਹਿਲ ਅਰੋੜਾ, ਮਨਦੀਪ ਸਿੰਘ ਐਚ ਐਮ ਕੁਲੈਕਸ਼ਨ, ਸਿਮਰਨ ਧੁੰਨਾ ਆਦਿ ਦੁਕਾਨਦਾਰਾਂ ਨੇ ਇਸ ਸਬੰਧੀ ਥਾਣਾ ਝਬਾਲ ਵਿਖੇ ਥਾਣਾ ਮੁਖੀ ਝਬਾਲ ਨੂੰ ਦਰਖ਼ਾਸਤ ਦਿੱਤੀ ਤੇ ਨਜਾਇਜ਼ ਚਲਦੇ ਗੈਸ ਭਰਨ ਦੇ ਕਾਰੋਬਾਰ ਨੂੰ ਬੰਦ ਕਰਨ ਦੀ ਅਪੀਲ ਕੀਤੀ।

# ਸੁਨਿਆਰੇ ਦੀ ਦੁਕਾਨ ’ਚੋਂ ਲੱਖਾਂ ਦਾ ਸੋਨਾ ਚਾਂਦੀ ਤੇ ਨਗਦੀ ਤੇ ਲੱਖਾਂ ਦੀ ਸ਼ਰਾਬ ਚੋਰੀ



ਸਰਾਏ ਅਮਾਨਤ ਖਾਂ (ਮੱਖਣ ਮਨੋਜ)- ਪੁਲਸ ਥਾਣਾ ਝਬਾਲ ਅਧੀਨ ਆਉਂਦੇ ਅੱਡਾ ਗੱਗੋਬੂਆ ਵਿਖੇ ਬੀਤੀ ਰਾਤ ਅਣਪਛਾਤੇ ਵਿਅਕਤੀਆਂ ਵੱਲੋਂ ਚੋਰੀ ਦੀ ਇੱਕ ਵੱਡੀ ਵਾਰਦਾਤ ਨੂੰ ਅੰਜਾਮ ਦਿੰਦਿਆਂ ਸਥਾਨਕ ਅੱਡਾ ਗੱਗੋਬੂਹਾ ਵਿਖੇ ਇੱਕ ਸੁਨਿਆਰੇ ਦੀ ਦੁਕਾਨ ਦੇ ਪਿਛਲੇ ਪਾਸੇ ਸੰਨ੍ਹ ਲਗਾ ਕੇ ਉਸ ਵਿੱਚ ਪਏ ਲੱਖਾਂ ਰੁਪਏ ਮੁੱਲ ਦਾ ਸੋਨਾ, ਚਾਂਦੀ ਅਤੇ 25 ਹਜ਼ਾਰ ਦੇ ਲਗਭਗ ਨਗਦੀ ਤੋਂ ਇਲਾਵਾ ਨੇੜੇ ਹੀ ਇੱਕ ਸ਼ਰਾਬ ਦੇ ਠੇਕੇਦਾਰਾਂ ਦੀ ਦੁਕਾਨ ਨੂੰ ਸੰਨ੍ਹ ਲਗਾ ਕੇ ਉਸ ਵਿੱਚੋਂ ਨਗਦੀ ਤੋਂ ਇਲਾਵਾ ਲੱਖਾਂ ਰੁਪਏ ਮੁੱਲ ਦੀ ਮਹਿੰਗੇ ਬਰਾਂਡ ਦੀ ਸ਼ਰਾਬ ਚੋਰੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਕੰਵਲ ਜਿਊਲਰ ਦੇ ਮਾਲਕ ਕੰਵਲਜੀਤ ਸਿੰਘ ਪੁੱਤਰ ਦਲਜੀਤ ਸਿੰਘ ਨੇ ਦੱਸਿਆ ਕਿ ਉਸ ਦੀ ਜੋ ਕੰਵਲ ਜਿਊਲਰ ਦੇ ਨਾਂ ਦੀ ਅੱਡਾ ਗੱਗੋਬੂਹਾ ਵਿਖੇ ਦੁਕਾਨ ਹੈ, ਬੀਤੀ ਰਾਤ ਉਹ ਆਪਣੀ ਦੁਕਾਨ ਬੰਦ ਕਰਕੇ ਆਪਣੇ ਘਰ ਗਏ ਸਨ ।ਅੱਜ ਸਵੇਰੇ ਉਨ੍ਹਾਂ ਨੂੰ ਕਿਸੇ ਦਾ ਫੋਨ ਆਇਆ ਕਿ ਤੁਹਾਡੀ ਦੁਕਾਨ ਦੇ ਪਿਛਲੇ ਪਾਸੇ ਸੰਨ੍ਹ ਲੱਗੀ ਹੋਈ ਹੈ। ਜਦੋਂ ਉਨ੍ਹਾਂ ਨੇ ਦੇਖਿਆ ਤਾਂ ਅੰਦਰ ਸਾਰੀ ਦੁਕਾਨ ਦੇ ਖਿਲਾਰਾ ਪਿਆ ਹੋਇਆ ਸੀ ਅਤੇ ਦੁਕਾਨ ਵਿੱਚ ਪਿਆ ਕੋਈ 30, 35 ਗ੍ਰਾਮ ਸੋਨਾ ਅਤੇ ਲਗਭਗ 8 -9 ਕਿਲੋ ਚਾਂਦੀ ਅਤੇ 25 ਹਜ਼ਾਰ ਨਗਦ ਤੋਂ ਇਲਾਵਾ ਚੋਰ ਸੀ ਸੀ ਟੀ ਕੈਮਰਿਆਂ ਦੀ ਡੀ ਵੀ ਡੀ ਵੀ ਲੈ ਗਏ ।ਕੰਵਲਜੀਤ ਸਿੰਘ ਨੇ ਦੱਸਿਆ ਕਿ ਉਸ ਦਾ ਕੋਈ ਲਗਭਗ 9 ਲੱਖ ਦੇ ਲਗਭਗ ਨੁਕਸਾਨ ਹੋ ਗਿਆ ਹੈ। ਇਸ ਤੋਂ ਇਲਾਵਾ ਨੇੜੇ ਹੀ ਬਣੇ ਸ਼ਰਾਬ ਦੇ ਠੇਕੇਦਾਰਾਂ ਦੀ ਦੁਕਾਨ ਵਿੱਚੋਂ ਵੀ ਚੋਰਾਂ ਨੇ ਪਿਛਲੇ ਪਾਸਿਓਂ ਸੰਨ੍ਹ ਲਗਾ ਕੇ ਲੱਖਾਂ ਰੁਪਏ ਮੁੱਲ ਦੀ ਸ਼ਰਾਬ ਚੋਰੀ ਕਰ ਲਈ। ਜਿਸ ਸਬੰਧੀ ਮੌਕੇ +ਤੇ ਠੇਕੇਦਾਰਾਂ ਦੇ ਕਰਿੰਦੇ ਅਸ਼ੋਕ ਕੁਮਾਰ ਨੇ ਦੱਸਿਆ ਕਿ ਅੰਦਰ ਪਈ ਮਹਿੰਗੇ ਬਰਾਂਡ ਦੀ ਸ਼ਰਾਬ ਜਿਸ ਵਿੱਚ ਰੈਡ ਲੇਬਲ, ਬਲੈਕ ਡੌਗ, ਬਲੈਂਡਰ ਪ੍ਰਾਈਡ, ਐਂਟੀ ਕੁਆਂਟੀ, ਬੈਰਲ ਵਾਈਟ ਆਦਿ ਸ਼ਰਾਬ ਜਿਸ ਦੀ ਕੀਮਤ ਲਗਭਗ ਡੇਢ ਲੱਖ ਰੁਪਏ ਬਣਦੀ ਹੈ, ਤੋਂ ਇਲਾਵਾ 10-12 ਹਜ਼ਾਰ ਰੁਪਏ ਜੋ ਉਨ੍ਹਾਂ ਨੇ ਵੱਟ ਕੇ ਦਰਾਜ ਵਿੱਚ ਰੱਖਿਆ ਸੀ ਉਹ ਵੀ ਚੋਰੀ ਕਰਕੇ ਲੈ ਗਏ। ਚੋਰੀ ਦੀ ਇਸ ਵੱਡੀ ਘਟਨਾ ਦਾ ਪਤਾ ਚੱਲਦਿਆਂ ਹੀ ਸਵੇਰੇ ਥਾਣਾ ਝਬਾਲ ਦੇ ਮੁਖੀ ਇੰਸਪੈਕਟਰ ਕਸ਼ਮੀਰ ਸਿੰਘ ਪੁਲਸ ਫੋਰਸ ਦੇ ਨਾਲ ਮੌਕੇ ’ਤੇ ਪਹੁੰਚੇ ਅਤੇ ਜਾਂਚ ਸ਼ੁਰੂ ਕਰ ਦਿੱਤੀ। ਇੰਸਪੈਕਟਰ ਕਸ਼ਮੀਰ ਸਿੰਘ ਨੇ ਦੱਸਿਆ ਕਿ ਆਸੇ ਪਾਸੇ ਸੀ ਸੀ ਟੀ ਕੈਮਰਿਆਂ ਦੀਆਂ ਫੁਟੇਜ ਖੰਗਾਲੀਆਂ ਜਾ ਰਹੀਆਂ ਹਨ। ਜਲਦੀ ਹੀ ਚੋਰਾਂ ਨੂੰ ਕਾਬੂ ਕਰ ਲਿਆ ਜਾਵੇਗਾ।

# ਸਿਵਲ ਸਰਜਨ ਨੇ ਬਿਮਾਰੀਆਂ ਦੀ ਰੋਕਥਾਮ ਲਈ ਸਿਹਤ ਕਰਮਚਾਰੀਆਂ ਨੂੰ ਦਿੱਤੇ ਨਿਰਦੇਸ਼



ਗੁਰਦਾਸਪੁਰ (ਜਨਕ ਮਹਾਜਨ)- ਸਿਵਲ ਸਰਜਨ ਗੁਰਦਾਸਪੁਰ ਡਾ. ਹਰਭਜਨ ਰਾਮ ਮਾਂਡੀ ਦੀ ਰਹਿਨੁਮਾਈ ਹੇਠ ਸਿਹਤ ਕਰਮਚਾਰੀਆਂ ਦੀ ਇੱਕ ਮੀਟਿੰਗ ਦਫਤਰ ਸਿਵਲ ਸਰਜਨ ਵਿਖੇ ਹੋਈ। ਇਸ ਮੌਕੇ ਸਿਵਲ ਸਰਜਨ ਹਰਭਜਨ ਰਾਮ ਮਾਂਡੀ ਨੇ ਸਿਹਮ ਕਰਮਚਾਰੀਆਂ ਨੂੰ ਗਰਮੀ ਦਾ ਮੌਸਮ ਸ਼ੁਰੂ ਹੁੰਦਿਆਂ ਹੀ ਮੱਛਰਾਂ ਤੋਂ ਹੋਣ ਵਾਲੇ ਰੋਗਾਂ ਦੀ ਰੋਕਥਾਮ ਲਈ ਦਿਸ਼ਾ ਨਿਰਦੇਸ਼ ਦਿੱਤੇ।

ਉਨ੍ਹਾਂ ਕਿਹਾ ਕਿ ਮੱਛਰਾਂ ਤੋਂ ਹੋਣ ਵਾਲੀਆਂ ਬਿਮਾਰੀਆਂ ਦਾ ਖ਼ਤਰਾ ਵਧ ਜਾਵੇਗਾ। ਉਨ੍ਹਾਂ ਕਿਹਾ ਮੱਛਰਾਂ ਦੇ ਖਾਤਮੇ ਲਈ ਛੱਪੜਾਂ ਵਿਚ ਗੰਬੂਜੀਆ ਮਛਲੀ ਪਾਉਣ ਤੋਂ ਇਲਾਵਾ ਮੱਛਰ ਦੇ ਲਾਰਵੇ ਦੀ ਚੈਕਿੰਗ ਕਰਕੇ ਜਿਥੇ ਵੀ ਲਾਰਵਾ ਮਿਲੇ ਉਸ ਨੂੰ ਨਸ਼ਟ ਕਰਵਾਇਆ ਜਾਵੇ। ਉਨ੍ਹਾਂ ਕਿਹਾ ਬਲੱਡ ਸਲਾਈਡ ਬਣਾ ਕੇ ਆਰ ਡੀ ਟੀ ਕਿੱਟਾਂ ਨਾਲ ਮਲੇਰੀਆਂ ਦੀ ਜਾਂਚ ਕੀਤੀ ਜਾਵੇ ਅਤੇ ਰੂਟੀਨ ਚੈਕਿੰਗ ਲਈ ਅਡਵਾਂਸ ਪਲਾਨ ਬਣਾਇਆ ਜਾਵੇ। ਏ.ਸੀ.ਐਸ. ਡਾ. ਭਾਰਤ ਭੂਸ਼ਨ ਨੇ ਜਾਗਰੂਕਤਾ ਮੁਹਿੰਮ ’ਤੇ ਜ਼ੋਰ ਦੇਣ ਤੋਂ ਇਲਾਵਾ ਲੋਕਾਂ ਨੂੰ ਵੱਖ-ਵੱਖ ਬਿਮਾਰੀਆਂ ਪ੍ਰਤੀ ਸੁਚੇਤ ਕਰਨ ਲਈ ਕਿਹਾ।

ਜ਼ਿਲ੍ਹਾ ਸਿਹਤ ਅਫਸਰ ਡਾ. ਸਵਿਤਾ ਨੇ ਕਿਹਾ ਕਿ ਤੰਬਾਕੂਨੋਸ਼ੀ ਪ੍ਰਤੀ ਸਖਤੀ ਵਰਤੀ ਜਾਵੇ ਤੇ ਤੰਬਾਕੂਨੋਸ਼ੀ ਦੇ ਚਲਾਨ ਕੱਟੇ ਜਾਣ।

ਇਸ ਮੌਕੇ ਐਸ.ਐਮ.ਓ. ਡਾ. ਪ੍ਰਭਜੋਤ ਕਲਸੀ, ਡਾ. ਮਮਤਾ, ਡਾ. ਵੰਦਨਾ, ਮਾਸ ਮੀਡੀਆ ਅਫਸਰ ਵਿਜੇ ਠਾਕੁਰ ਤੇ ਸਿਹਤ ਕਰਮਚਾਰੀ ਹਾਜ਼ਰ ਸਨ।

# ਐੱਸ ਐੱਸ ਪੀ ਵੱਲੋਂ ਪੁਲਸ ਅਧਿਕਾਰੀਆਂ ਨੂੰ ਚੋਣ ਕਮਿਸ਼ਨ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਨ ਦੀਆਂ ਹਦਾਇਤਾਂ

**ਗੁਰਦਾਸਪੁਰ, (ਦਿਨੇਸ਼ ਕੁਮਾਰ)** - ਦਾਯਮਾ ਹਰੀਸ਼ ਕੁਮਾਰ ਸੀਨੀਅਰ ਕਪਤਾਨ ਪੁਲਿਸ ਗੁਰਦਾਸਪੁਰ ਨੇ ਵੀਰਵਾਰ ਜ਼ਿਲ੍ਹਾ ਪੁਲਿਸ ਦਫ਼ਤਰ, ਗੁਰਦਾਸਪੁਰ ਵਿਖੇ ਸਮੂਹ ਜੀ.ਓਜ਼, ਸਮੂਹ ਮੁੱਖ ਅਫਸਰ ਥਾਣਾ ਅਤੇ ਸਮੂਹ ਇੰਚਾਰਜ ਯੂਨਿਟਾਂ ਨਾਲ ਮੀਟਿੰਗ ਕਰਕੇ ਹਦਾਇਤ ਕੀਤੀ ਹੈ ਕਿ ਚੋਣ ਕਮਿਸ਼ਨ, ਪੰਜਾਬ ਵੱਲੋਂ ਜਾਰੀ ਹਦਾਇਤਾਂ ਦੀ ਸਖਤੀ ਨਾਲ ਪਾਲਣਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਨਜਾਇਜ਼ ਸ਼ਰਾਬ/ਨਸ਼ਿਆਂ ਦਾ ਕਾਰੋਬਾਰ ਕਰਨ ਵਾਲੇ ਵਿਅਕਤੀਆਂ ਖਿਲਾਫ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ ਤਾਂ ਜੋ ਚੋਣਾਂ ਦੌਰਾਨ ਨਸ਼ਿਆਂ ਦੀ ਵਰਤੋਂ ਨੂੰ ਰੋਕਿਆ ਜਾ ਸਕੇ। ਇਸ ਤੋਂ ਇਲਾਵਾ ਜ਼ਿਲ੍ਹੇ ਵਿੱਚ ਅਸਲਾ ਧਾਰਕਾ ਦਾ 100 ਫੀਸਦੀ ਅਸਲਾ ਜਮ੍ਹਾਂ ਕੀਤਾ ਜਾਵੇ ਅਤੇ ਸਮਾਜ ਵਿਰੋਧੀ ਅਨਸਰਾਂ ਉੱਪਰ ਵਿਸ਼ੇਸ਼ ਨਜ਼ਰ ਰੱਖੀ ਜਾਵੇ। ਉਨ੍ਹਾਂ ਕਿਹਾ ਕਿ ਲੋਕ ਸਭਾ ਚੋਣਾਂ ਦੌਰਾਨ ਕਿਸੇ ਵੀ ਵਿਅਕਤੀ ਨੂੰ ਗੜਬੜੀ ਜਾਂ ਖੱਲੜ ਪਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਉਨਾਂ ਕਿਹਾ ਕਿ ਗੁਰਦਾਸਪੁਰ ਪੁਲਿਸ ਪੂਰੀ ਤਰ੍ਹਾਂ ਸੁਰੱਖਿਅਤ, ਅਮਨ-ਸ਼ਾਂਤੀ ਪੂਰਵਕ ਅਤੇ ਅਜ਼ਾਦਾਨਾ ਮਾਹੌਲ ਵਿੱਚ ਚੋਣ ਅਮਲ ਨੇਪਰੇ ਚਾੜ੍ਹਨ ਲਈ ਵਚਨਬੱਧ ਹੈ। ਐੱਸ.ਐੱਸ.ਪੀ ਹਰੀਸ਼ ਦਾਯਮਾ ਨੇ ਪੁਲਿਸ ਅਧਿਕਾਰੀਆਂ ਨੂੰ ਚੋਣ ਕਮਿਸ਼ਨ ਵੱਲੋਂ ਜਾਰੀ ਹਦਾਇਤਾਂ ਦੀ ਸਖਤੀ ਨਾਲ ਪਾਲਣਾ ਕਰਨ ਦੀਆਂ ਹਦਾਇਤਾਂ ਦਿੱਤੀਆਂ।

# ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਦੀ ਨਵੀਂ ਬਣੀ ਇਮਾਰਤ ਦੇ ਗੁੰਬਦ ’ਤੇ ਸੋਨੇ ਦੇ ਪੱਤਰੇ ਲਗਾਉਣ ਦੀ ਕਾਰਸੇਵਾ ਸ਼ੁਰੂ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਕਸਬਾ ਡੇਰਾ ਬਾਬਾ ਨਾਨਕ ਵਿਖੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਦੀ ਨਵੀਂ ਬਣੀ ਇਮਾਰਤ ਤੇ ਗੁੰਬਦ ਤੇ ਸੋਨੇ ਦੇ ਪੱਤਰੇ ਲਗਾਉਣ ਦੀ ਕਾਰ ਸੇਵਾ ਅੱਜ ਪਦਮ ਵਿਭੂਸ਼ਨ ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵਾਲਿਆਂ ਅਤੇ ਮੈਨੇਜਰ ਬਲਜੀਤ ਸਿੰਘ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਵੱਲੋਂ ਇਲਾਕੇ ਦੀਆਂ ਸੰਗਤਾਂ ਨੂੰ ਨਾਲ ਲੈ ਕੇ ਸਾਂਝੇ ਤੌਰ ’ਤੇ ਕੀਤੀ ਗਈ ।ਇਸ ਮੌਕੇ ਭਾਈ ਗੁਰਦੇਵ ਸਿੰਘ ਹੈਡ ਗ੍ਰੰਥੀ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਵੱਲੋਂ ਅਰਦਾਸ ਕਰਨ ਉਪਰੰਤ ਬਾਬਾ ਸੇਵਾ ਸਿੰਘ ਕਾਰ ਸੇਵਾ ਸ੍ਰੀ ਖਡੂਰ ਸਾਹਿਬ ਵਾਲੇ, ਬਾਬਾ ਸਤਨਾਮ ਸਿੰਘ, ਬਾਬਾ ਸਾਹਿਬ ਸਿੰਘ, ਬਾਬਾ ਬਿਸ਼ਨ ਸਿੰਘ ਪੱਪੂ, ਮੈਨੇਜਰ ਬਲਜੀਤ ਸਿੰਘ, ਕੈਪਟਨ ਬਲਵਿੰਦਰ ਸਿੰਘ ਉਦੋਵਾਲੀ, ਬਾਬਾ ਜਾਗੀਰ ਸਿੰਘ ਹਰੂਵਾਲ, ਜਥੇਦਾਰ ਅਮਰੀਕ ਸਿੰਘ ਖਲੀਲਪੁਰ, ਡਾਕਟਰ ਤਰਲੋਚਨ ਸਿੰਘ ਸੋਖੀ, ਨਿਰਮਲ ਸਿੰਘ ਹਰੂਵਾਲ, ਗੁਰਪ੍ਰੀਤ ਸਿੰਘ ਬਾਦਲ, ਬਾਬਾ ਨਰਿੰਦਰ ਸਿੰਘ, ਜੋਗਿੰਦਰ ਸਿੰਘ ਹਰੂਵਾਲ, ਬਾਬਾ ਸਿਮਰਜੀਤ ਸਿੰਘ ਕਾਰ ਸੇਵਾ ਸ੍ਰੀ ਖਡੂਰ ਸਾਹਿਬ ਵਾਲਿਆਂ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਗੁੰਬਦ ’ਤੇ 12 ਸੋਨੇ ਦੇ ਪੱਤਰੇ ਲਗਾਉਣ ਦੀ ਕਾਰ ਸੇਵਾ ਸ਼ੁਰੂ ਕੀਤੀ ਗਈ ।ਇਸ ਮੌਕੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਬਾਬਾ ਸੇਵਾ ਸਿੰਘ ਜੀ ਖਡੂਰ ਸਾਹਿਬ ਵਾਲਿਆਂ ਨੇ ਦੱਸਿਆ ਕਿ ਇਸ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਬਣਾਉਣ ਉਪਰੰਤ ਉਸ ਵਿੱਚ ਸੋਨੇ ਦੀ ਸੁੰਦਰ ਪਾਲਕੀ ਸੁਸ਼ੋਭਿਤ ਕੀਤੀ ਗਈ ਹੈ ਜਿਸ ਉੱਤੇ ਸੰਗਤਾਂ ਦੇ ਸਹਿਯੋਗ ਨਾਲ 4 ਕਿਲੋ ਸੋਨੇ ਦੀ ਸੇਵਾ ਕਰਵਾਈ ਗਈ ਹੈ ।ਉਨ੍ਹਾਂ ਦੱਸਿਆ ਕਿ ਅੱਜ ਕਾਰ ਸੇਵਾ ਦੇ ਤੀਸਰੇ ਪੜਾਅ ਤੇ ਚੱਲਦਿਆਂ ਗੁਰਦੁਆਰਾ ਸਾਹਿਬ ਦੀ ਨਵੀਂ ਬਣੀ ਇਮਾਰਤ ਦੇ ਗੁੰਬਦ ਤੇ ਸੋਨੇ ਦੇ 12 ਪੱਤਰੇ ਲਗਾਉਣ ਦੀ ਕਾਰ ਸੇਵਾ ਸ਼ੁਰੂ ਕੀਤੀ ਗਈ ਹੈ ਅਤੇ ਇਸ ਤੋਂ ਪਹਿਲਾਂ ਗੁੰਬਦ ਦੇ ਸੋਨੇ ਦੇ ਕਲਸ਼ ਲਗਾਏ ਗਏ ਸਨ ਜਿਸ ’ਤੇ ਕਰੀਬ 10 ਤੋਂ 12 ਕਿੱਲੋ ਸੋਨਾ ਲਗਾਇਆ ਗਿਆ ਹੈ ।ਉਨ੍ਹਾ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਵੱਲੋਂ ਪਹਿਲਾ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਸੋਨਾ ਲਗਾਉਣ ਦੀ ਕਾਰ ਸੇਵਾ ਕੀਤੀ ਗਈ ਉਪਰੰਤ ਦੂਸਰੀ ਸੋਨਾ ਲਗਾਉਣ ਦੀ ਕਾਰ ਸੇਵਾ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਦੀ ਕੀਤੀ ਗਈ ਸੀ, ਉਸ ਤੋਂ ਬਾਅਦ ਇਸ ਗੁਰੂ ਘਰ ਵਿਖੇ ਸੋਨਾ ਲਗਾਉਣ ਦੀ ਕਾਰ ਸੇਵਾ ਸਾਨੂੰ ਸੰਗਤਾਂ ਦੇ ਸਹਿਯੋਗ ਨਾਲ ਪ੍ਰਾਪਤ ਹੋਈ ਹੈ । ਇਸ ਮੌਕੇ ਮਾਸਟਰ ਸਤਨਾਮ ਸਿੰਘ ਧਾਰੋਵਾਲੀ, ਲੱਖਾ ਸਿੰਘ ਰੁੜਿਆਣਾ, ਕੁਲਦੀਪ ਸਿੰਘ ਚੰਦੂਨੰਗਲ, ਗੁਰਕੀਰਤ ਸਿੰਘ, ਰਸ਼ਪਾਲ ਸਿੰਘ ਕਾਹਲੋਂ, ਹਰਜੋਤ ਸਿੰਘ ਖੋਦੇਬੇਟ, ਗਿਆਨੀ ਰਵੇਲ ਸਿੰਘ, ਰਵਿੰਦਰ ਸਿੰਘ, ਅਮਰਜੀਤ ਸਿੰਘ ਗੋਰਾਇਆ , ਚਰਨਜੀਤ ਸਿੰਘ ਬੇਦੀ, ਮਹਿੰਦਰ ਸਿੰਘ ਭਗਤਾਣਾ ,ਭਾਈ ਚਰਨਜੀਤ ਸਿੰਘ ਸੋਨੇ ਵਾਲੇ, ਸੰਜੀਵ ਕੁਮਾਰ ਲੱਕੀ, ਮੰਗਲ ਸਿੰਘ, ਮੁਖਤਾਰ ਸਿੰਘ ਜੌੜੀਆਂ , ਸੁਖਵਿੰਦਰ ਸਿੰਘ ਖਜ਼ਾਨਚੀ, ਬਚਨ ਸਿੰਘ ਨਿੱਕੋਸਰਾ, ਮਨਪ੍ਰੀਤ ਸਿੰਘ ਦਾਦੂਜੋਧ, ਪਰਗਟ ਸਿੰਘ ਮੋਲੋਵਾਲੀ , ਹਰਜਿੰਦਰ ਸਿੰਘ ਲਾਲੇਨੰਗਲ, ਇਕਬਾਲ ਸਿੰਘ ਰਾਏ ਚੱਕ ਤੋਂ ਇਲਾਵਾ ਸੰਗਤਾਂ ਵੱਡੀ ਗਿਣਤੀ ਵਿਚ ਹਾਜ਼ਰ ਸਨ ।

# ਫਤਿਹ ਸਿੰਘ ਵੱਲੋਂ ਗਤਕੇ ਦੇ ਇੰਟਰ ’ਵਰਸਿਟੀ ਮੁਕਾਬਲੇ ’ਚ ਸੋਨ ਤਮਗੇ ’ਤੇ ਫਤਿਹ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**—ਖ਼ਾਲਸਾ ਕਾਲਜ ਆਫ਼ ਫ਼ਿਜ਼ੀਕਲ ਐਜੂਕੇਸ਼ਨ ਦੇ ਵਿਦਿਆਰਥੀ ਫਤਿਹ ਸਿੰਘ ਨੇ ਲਕਸ਼ਮੀ ਨਰਾਇਣ ਕਾਲਜ ਆਫ਼ ਟੈਕਨਾਲੋਜੀ, ਯੂਨੀਵਰਸਿਟੀ (ਐੱਲਐੱਨਸੀਟੀ.), ਭੋਪਾਲ (ਐੱਮਪੀ.) ਵਿਖੇ ਗਤਕੇ ਦੇ ਕਰਵਾਏ ਗਏ ‘ਆਲ ਇੰਡੀਆ ਅੰਤਰ ਯੂਨੀਵਰਸਿਟੀ ਮੁਕਾਬਲੇ’ ’ਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸੋਨੇ ਦਾ ਤਮਗਾ ਹਾਸਲ ਕਰ ਕੇ ਕਾਲਜ, ਜ਼ਿਲ੍ਹੇ ਦਾ ਨਾਮ ਰੌਸ਼ਨ ਕੀਤਾ ਹੈ। ਇਸ ਮੌਕੇ ਕਾਲਜ ਡਾਇਰੈਕਟਰ-ਕਮ-ਪ੍ਰਿੰ. ਡਾ. ਕੰਵਲਜੀਤ ਸਿੰਘ ਨੇ ਜੇਤੂ ਵਿਦਿਆਰਥੀ ਨੂੰ ਮੁਬਾਰਕਬਾਦ ਦਿੰਦਿਆਂ ਦੱਸਿਆ ਕਿ ਬੀ. ਪੀ. ਐਡ (2 ਸਾਲਾ) ਕੋਰਸ ਦੇ ਚੌਥੇ ਸਮੈਸਟਰ ਦੇ ਵਿਦਿਆਰਥੀ ਫ਼ਤਿਹ ਸਿੰਘ ਨੇ ਫ਼ਾਈਨਲ ਮੁਕਾਬਲੇ ਤੋਂ ਪਹਿਲਾਂ 5 ਮੈਚਾਂ ’ਚ ਜਿੱਤ ਹਾਸਲ ਕਰਨ ਉਪਰੰਤ ਸਿੰਗਲ ਸਟਿਕ ਪ੍ਰਤੀਯੋਗਤਾ ’ਚ ਇਹ ਮੁਕਾਮ ਪ੍ਰਾਪਤ ਕਰ ਕੇ ਕਾਲਜ ਦਾ ਮਾਣ ਵਧਾਇਆ ਹੈ। ਉਨ੍ਹਾਂ ਕਿਹਾ ਕਿ ਵਿਦਿਆਰਥੀ ਨੇ ਫਾਈਨਲ ਮੁਕਾਬਲੇ ’ਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ 40-28 ਦੀ ਸਕੋਰ ਨਾਲ ਹਰਾ ਕੇ ਫ਼ਤਿਹ ਹਾਸਲ ਕੀਤੀ। ਉਨ੍ਹਾਂ ਕਿਹਾ ਕਿ ਉਕਤ ਮੁਕਾਬਲੇ ’ਚ ਦੇਸ਼ ਭਰ ’ਚੋਂ ਕਰੀਬ 35 ਯੂਨੀਵਰਸਿਟੀ ਟੀਮਾਂ ਨੇ ਭਾਗ ਲਿਆ ਸੀ। ਉਨ੍ਹਾਂ ਕਿਹਾ ਕਿ ਫ਼ਤਿਹ ਸਿੰਘ ਨੇ ਬੀਤੇ ਸਮੇਂ ਯੂਨੀਵਰਸਿਟੀ ਆਫ਼ ਇੰਜ਼ੀਨੀਅਰਿੰਗ ਐਂਡ ਮੈਨੇਜਮੈਂਟ, ਜੈਪੁਰ ਵਿਖੇ ਹੋਏ ਅੰਤਰ ਯੂਨੀਵਰਸਿਟੀ ਪ੍ਰਤੀਯੋਗਤਾ ਤੋਂ ਇਲਾਵਾ ਦਿੱਲੀ ਵਿਖੇ ਹੋਏ ਰਾਸ਼ਟਰੀ ਮੁਕਾਬਲਿਆਂ ’ਚ ਵੀ ਸੋਨੇ ਦੇ ਤਮਗੇ ਹਾਸਲ ਕੀਤੇ ਸਨ। ਇਸ ਮੌਕੇ ਉਨ੍ਹਾਂ ਉਕਤ ਵਿਦਿਆਰਥੀ ਦੇ ਸੁਨਿਹਰੇ ਭਵਿੱਖ ਦੀ ਕਾਮਨਾ ਕਰਦੇ ਹੋਏ ਉਚ ਪੱਧਰ ਦਾ ਮੁਕਾਮ ਹਾਸਲ ਕਰਨ ਲਈ ਉਤਸ਼ਾਹਿਤ ਕੀਤਾ।

# ਚੋਹਲਾ ਸਾਹਿਬ ਨੂੰ ਪੈਂਦੇ ਵੱਖ ਵੱਖ ਪਿੰਡਾਂ ਦੇ ਰਸਤਿਆਂ ’ਤੇ ਕੈਂਡੀਆਂ ਤੇ ਸ਼ੀਸ਼ੇ ਲਗਾਏ






ਚੋਹਲਾ ਸਾਹਿਬ (ਰਮਨ ਚੱਡਾ)-ਇਤਿਹਾਸਕ ਨਗਰ ਚੋਹਲਾ ਸਾਹਿਬ ਵਿਖੇ ਬੀਤੇ ਲੰਮੇ ਸਮੇਂ ਤੋਂ ਚਾਰ ਹਾੜ੍ਹ ਦੇ ਸਬੰਧ ਵਿੱਚ ਠੰਢੇ ਪਾਣੀ ਵਾਲੀਆਂ ਕੈਂਡੀਆਂ ਵੱਖ ਵੱਖ ਰਸਤਿਆਂ ਤੇ ਲਗਾਈਆਂ ਜਾ ਰਹੀਆਂ ਹਨ ਅਤੇ ਰਸਤਿਆਂ ’ਤੇ ਰਿਫਲੈਕਟਰ ਸ਼ੀਸ਼ੇ ਲਗਾਏ ਜਾ ਰਹੇ ਹਨ ਤਾਂ ਕਿ ਰਾਹਗੀਰਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਨਾ ਕਰਨਾ ਪਵੇ ਅਤੇ ਗਰਮੀ ਦੇ ਮੌਸਮ ਵਿੱਚ ਠੰਢਾ ਪਾਣੀ ਪੀਣ ਲਈ ਮਿਲ ਸਕੇ। ਖਤਰਨਾਕ ਮੋੜਾਂ ’ਤੇ ਚਾਰ ਪਹੀਆ ਵਾਹਨ ਅਤੇ ਦੋ ਪਹੀਆ ਵਾਹਨ ਨੂੰ ਲੰਘਣ ਸਮੇਂ ਰਿਫਲੈਕਟਰ ਸ਼ੀਸ਼ੇ ਰਾਹੀਂ ਰਸਤਾ ਸਹੀ ਦਿਸ ਸਕੇ ਤਾਂ ਕਿ ਐਕਸੀਡੈਂਟ ਆਦਿ ਨਾ ਹੋ ਸਕਣ।

ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਚਾਰ ਹਾੜ੍ਹ ਦੇ ਮੈਂਬਰਾਂ ਨੇ ਦੱਸਿਆ ਕਿ ਚੋਹਲਾ ਸਾਹਿਬ ਨੂੰ ਪੈਂਦੇ ਵੱਖ ਵੱਖ ਪਿੰਡਾਂ ਜਿਵੇਂ ਕਰਮੂੰਵਾਲਾ, ਘੜਕਾ, ਰੱਤੋਕੇ, ਗੁੱਜਰਪੁਰਾ, ਪੱਖੋਪੁਰ, ਚੰਬਾ, ਗੰਡੀਵਿੰਡ, ਖਾਰਾ, ਰਾਣੀਵਲਾਹ, ਨਿੱਕਾ ਚੋਹਲਾ, ਬਿੱਲਿਆਂ ਵਾਲਾ, ਸਰਹਾਲੀ ਕਲਾਂ ਆਦਿ ਪਿੰਡਾਂ ਦੇ ਰਸਤਿਆਂ ਤੇ ਠੰਢੇ ਪਾਣੀ ਵਾਲੀਆਂ ਕੈਂਡੀਆਂ ਲਗਾਈਆਂ ਜਾ ਚੁੱਕੀਆਂ ਹਨ ਤਾਂ ਕਿ ਗਰਮੀ ਦੇ ਮੌਸਮ ਵਿੱਚ ਰਾਹਗੀਰਾਂ ਨੂੰ ਠੰਢਾ ਪਾਣੀ ਪੀਣ ਲਈ ਮਿਲ ਸਕੇ ਅਤੇ ਉਨ੍ਹਾਂ ਦੱਸਿਆ ਕਿ ਐਨ.ਆਰ.ਆਈ. ਅਤੇ ਸਮੂਹ ਨਗਰ ਨਿਵਾਸੀਆਂ ਦੀ ਮਦਦ ਨਾਲ ਇਹ ਸੇਵਾ ਨਿਭਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਵੱਖ ਵੱਖ ਪਿੰਡਾਂ ਦੇ ਮੋੜਾਂ ਤੇ ਰਿਫਲੈਕਟਰ ਸ਼ੀਸ਼ੇ ਵੀ ਲਗਾਏ ਜਾ ਰਹੇ ਹਨ ਤਾਂ ਕਿ ਵਾਹਨਾਂ ਨੂੰ ਲੰਘਣ ਸਮੇਂ ਮੁਸ਼ਕਲਾਂ ਦਾ ਸਾਹਮਣਾ ਨਾ ਕਰਨਾ ਪਵੇ ਅਤੇ ਐਕਸੀਡੈਂਟ ਹੋਣ ਤੋਂ ਬਚਾਅ ਹੋ ਸਕੇ।

# ਚੀਫ ਖ਼ਾਲਸਾ ਦੀਵਾਨ ਪ੍ਰਬੰਧਕਾਂ ਨੇ ਸਕੂਲ ਨੂੰ ਬੱਸਾਂ ਸੌਂਪੀਆਂ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਚੀਫ਼ ਖ਼ਾਲਸਾ ਦੀਵਾਨ ਪ੍ਰਬੰਧਕਾਂ ਵੱਲੋਂ ਦੀਵਾਨ ਅਧੀਨ ਚੱਲ ਰਹੇ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਸਕੂਲ, ਪੱਟੀ ਦੇ ਮੈਂਬਰਜ਼ ਇੰਚਾਰਜ ਸਰਬਜੀਤ ਸਿੰਘ ਅਤੇ ਗੁਰਬੀਰ ਸਿੰਘ ਢਿੱਲੋਂ ਨੂੰ ਦੋ ਨਵੀਆਂ ਅਤਿ ਆਧੁਨਿਕ 30 ਅਤੇ 42 ਸੀਟਰ ਸਕੂਲ ਬੱਸਾਂ ਦੀਆਂ ਚਾਬੀਆਂ ਸੌਂਪੀਆਂ ਗਈਆਂ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਆਨਰੇਰੀ ਸਕੱਤਰ ਸਵਿੰਦਰ ਸਿੰਘ ਕੱਥੂਨੰਗਲ ਅਤੇ ਮੀਤ ਪ੍ਰਧਾਨ ਜਗਜੀਤ ਸਿੰਘ ਨੇ ਸਾਂਝੇ ਤੌਰ ’ਤੇ ਕਿਹਾ ਕਿ ਸਕੂਲ ਨੂੰ ਦਿੱਤੀਆਂ ਗਈਆਂ ਇਹ ਬੱਸਾਂ ਨਵੀਂ ਦਿਖ ਅਤੇ ਤਕਨੀਕਾਂ ਸਮੇਤ ਮੈਡੀਕਲ ਏਡ, ਬੱਸਾਂ ਦੀ ਰੂਟ ਨਿਗਰਾਨੀ ਲਈ ਜੀ.ਪੀ.ਐਸ ਅਤੇ ਆਧੁਨਿਕ ਅੱਗ ਬੁਝਾਊ ਯੰਤਰਾਂ ਨਾਲ ਸੁਸਜਿਤ ਹਨ। ਵਿਦਿਆਰਥੀਆਂ ਦੀ ਸੁਰੱਖਿਆ ਅਤੇ ਸਹੂਲਤ ਨੂੰ ਧਿਆਨ ਵਿੱਚ ਰੱਖਦੇ ਹੋਏ ਦੀਵਾਨ ਵੱਲੋਂ ਹੋਰਨਾਂ ਸੀ.ਕੇ.ਡੀ ਸਕੂਲਾਂ ਦੀਆਂ ਪੁਰਾਣੀਆਂ ਬੱਸਾਂ ਨੂੰ ਬਦਲ ਕੇ ਨਵੀਆਂ ਅਤਿ ਆਧੁਨਿਕ, ਉਚ ਤਕਨੀਕੀ ਸੁਵਿਧਾਵਾਂ ਨਾਲ ਲੈਸ ਬੱਸਾਂ (30/42 ਸੀਟਰ) ਦਿੱਤੀਆਂ ਗਈਆਂ ਹਨ ਅਤੇ ਲੋੜ ਮੁਤਾਬਿਕ ਸਕੂਲ ਬੱਸਾਂ ਦੀ ਗਿਣਤੀ ਵੀ ਵਧਾਈ ਜਾ ਰਹੀ ਹੈ। ਪਹਿਲਾਂ ਵੀ ਦੀਵਾਨ ਅਧੀਨ ਤਰਨ ਤਾਰਨ, ਅਟਾਰੀ, ਰਣਜੀਤ ਐਵੀਨਿਊ, ਨਵਾਂ ਪਿੰਡ ਸਮੇਤ ਹੋਰਨਾਂ 15 ਦੀਵਾਨ ਸਕੂਲਾਂ ਨੂੰ 20 ਨਵੀਆਂ ਬੱਸਾਂ ਦਿੱਤੀਆਂ ਗਈਆਂ ਹਨ ਤਾਂ ਜੋ ਦੂਰ-ਦੁਰਾਡੇ ਪਿੰਡਾਂ ਤੋਂ ਆਉਂਦੇ ਵਿਦਿਆਰਥੀ ਖਾਸਕਰ ਪ੍ਰਾਇਮਰੀ ਬੱਚੇ ਬਹੁਤ ਅਰਾਮ, ਸਹਿਜਤਾ ਅਤੇ ਘੱਟ ਸਮੇਂ ਵਿਚ ਸਕੂਲ ਪੁੱਜ ਸਕਣ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ, ਆਨਰੇਰੀ ਸਕੱਤਰ ਸਵਿੰਦਰ ਸਿੰਘ ਕੱਥੂਨੰਗਲ, ਮੀਤ ਪ੍ਰਧਾਨ ਜਗਜੀਤ ਸਿੰਘ, ਐਡੀ.ਆਨਰੇਰੀ ਸਕੱਤਰ ਜਸਪਾਲ ਸਿੰਘ ਢਿੱਲੋਂ, ਸਰਜੋਤ ਸਿੰਘ ਸਾਹਨੀ, ਸਰਬਜੀਤ ਸਿੰਘ, ਗੁਰਬੀਰ ਸਿੰਘ ਢਿੱਲੋਂ, ਡਾਇਰੈਕਟਰ ਏ.ਪੀ.ਐਸ.ਚਾਵਲਾ, ਪ੍ਰਿੰਸੀਪਲ ਜਸਬੀਰ ਕੌਰ ਸੈਣੀ ਅਤੇ ਹੋਰ ਮੈਂਬਰ ਸਾਹਿਬਾਨ ਹਾਜ਼ਰ ਸਨ।

# ਸਵਰਨ ਸਲਾਰੀਆ ਨੇ ਲੋਕ ਸਭਾ ਚੋਣਾਂ ਗੁਰਦਾਸਪੁਰ ਤੋਂ ਲੜਨ ਦਾ ਕੀਤਾ ਫੈਸਲਾ



ਦੀਨਾਨਗਰ ( ਬਲਵਿੰਦਰ ਸਿੰਘ ਬਿੱਲਾ )-ਲੋਕ ਸਭਾ ਚੋਣਾਂ ਨੂੰ ਲੈ ਕੇ ਜਿੱਥੇ ਦੇਸ਼ ਭਰ ਵਿੱਚ ਕੈਂਡੀਡੇਟਾਂ ਵੱਲੋਂ ਪਾਰਟੀਆਂ ਨੂੰ ਲੈ ਕੇ ਹਫਰਾ ਦਫੜੀ ਮੱਚੀ ਹੋਈ ਹੈ, ਉੱਥੇ ਹੀ ਜੇਕਰ ਗੱਲ ਕਰੀਏ ਜ਼ਿਲ੍ਹਾ ਗੁਰਦਾਸਪੁਰ ਦੀ ਤਾਂ ਸਵਰਨ ਸਲਾਰੀਆਂ ਵੱਲੋਂ ਲੋਕ ਸਭਾ ਚੋਣਾਂ ਲੜਨ ਦਾ ਫੈਸਲਾ ਕੀਤਾ ਗਿਆ ਹੈ। ਇਸ ਗੱਲ ਦੀ ਪੁਸ਼ਟੀ ਸਵਰਨ ਸਲਾਰੀਆ ਵੱਲੋਂ ਆਪਣੇ ਦਫਤਰ ਵਿੱਚ ਪ੍ਰੈਸ ਕਾਨਫਰੰਸ ’ਚ ਕੀਤੀ ਗਈ। ਉਨ੍ਹਾਂ ਕਿਹਾ ਕਿ 2024 ਦੀਆਂ ਲੋਕ ਸਭਾ ਚੋਣਾਂ ਲਈ ਗੁਰਦਾਸਪੁਰ ਤੋਂ ਚੋਣਾਂ ਲੜਨ ਜਾ ਰਿਹਾ ਹਾਂ। ਪਿਛਲੇ ਲੰਬੇ ਸਮੇਂ ਤੋਂ ਆਪਣਾ ਪਰਵਾਰ ਛੱਡ ਕੇ ਜ਼ਿਲ੍ਹਾ ਗੁਰਦਾਸਪੁਰ ਦੇ ਲੋਕਾਂ ਦੀ ਭਲਾਈ ਲਈ ਕੰਮ ਕਰਦਾ ਆ ਰਿਹਾ ਹਾਂ ਅਤੇ ਕਰਦਾ ਰਹਾਂਗਾ। ਉਨ੍ਹਾਂ ਕਿਹਾ ਕਿ ਲੋਕਾਂ ਲਈ 1 ਲੱਖ 25 ਹਾਜ਼ਰ ਹੈਲਥ ਕਾਰਡ ਵੰਡਣ ਜਾ ਰਹੇ ਹਨ। ਇਨ੍ਹਾਂ ਕਾਰਡਾ ’ਤੇ ਪਰਵਾਰ ਦੇ ਜਿੰਨੇ ਵੀ ਮੈਂਬਰ ਜੋ 18 ਸਾਲ ਤੋਂ 65 ਸਾਲ ਤੱਕ ਹੋਣਗੇ ਉਨ੍ਹਾਂ ਦਾ ਹਰ ਤਰ੍ਹਾਂ ਦੀ ਬਿਮਾਰੀ ਦਾ ਇਲਾਜ ਮੁਫ਼ਤ ਹੋਵੇਗਾ ਅਤੇ 2024 ਤੋਂ ਲੈ ਕੇ 2029 ਸਾਲ ਤੱਕ ਇਹ ਕਾਰਡ ਚੱਲਣਗੇ। ਉਨ੍ਹਾਂ ਕਿਹਾ ਕਿ ਆਉਂਦੇ ਸ਼ਨੀਵਾਰ ਨੂੰ ਗੁਰਦਾਸਪੁਰ ਲੋਕ ਸਭਾ ਹਲਕੇ ਦੇ ਡਾਇਰੈਕਟਰ, ਡਿਪਟੀ ਡਾਇਰੈਕਟਰ ਅਤੇ ਪਿੰਡਾਂ ਦੇ ਪ੍ਰਧਾਨਾਂ ਨੂੰ ਹੈਲਥ ਕਾਰਡ ਦਿੱਤੇ ਜਾਣਗੇ ਅਤੇ ਅਗਲੇ ਸ਼ਨੀਵਾਰ ਨੂੰ 30 ਤੋਂ 35 ਹਾਜ਼ਰ ਕਾਰਡ ਹੋਰ ਵੰਡੇ ਜਾਣਗੇ। ਸਲਾਰੀਆ ਨੇ ਕਿਹਾ ਕਿ ਇਹ ਸਹੂਲਤਾਂ ਮੇਰੇ ਵਲੋਂ ਪੂਰੇ ਪੰਜ ਸਾਲ ਲਈ ਹੋਣਗੀਆਂ। ਉਨ੍ਹਾਂ ਕਿਹਾ ਕਿ ਆਪਣੇ ਜ਼ਿਲ੍ਹੇ ਦੇ ਲੋਕਾਂ ਦੀ ਮਦਦ ਕਰਨ ਲਈ ਕੋਈ ਕਸਰ ਨਹੀਂ ਛੱਡਾਂਗਾ। ਲੋਕ ਵੱਧ ਤੋਂ ਵੱਧ ਮੇਰੇ ਸਾਥ ਦੇਣ। ਸਵਰਨ ਸਲਾਰੀਆ ਨੂੰ ਪੱਤਰਕਾਰਾਂ ਨੇ ਸਵਾਲ ਪੁੱਛਿਆ ਕਿ ਉਹ ਭਾਜਪਾ ’ਚ ਰਹਿੰਦੇ ਹੋਏ ਕਿਸੇ ਹੋਰ ਪਾਰਟੀ ਦੇ ਸਿੰਬਲ ਤੋਂ ਚੋਣ ਕਿਵੇਂ ਲੜ ਸਕਦੇ ਹਨ। ਜੇਕਰ ਕਿਸੇ ਹੋਰ ਸਿੰਬਲ ਤੋਂ ਜਾਂ ਕਿਸੇ ਹੋਰ ਪਾਰਟੀ ਤੋਂ ਚੋਣ ਲੜਨੀ ਹੋਵੇਗੀ ਤਾਂ ਉਨ੍ਹਾਂ ਨੂੰ ਭਾਜਪਾ ਤੋਂ ਅਸਤੀਫਾ ਦੇਣਾ ਪਵੇਗਾ। ਸਲਾਰੀਆ ਨੇ ਕਿਹਾ ਕਿ ਭਾਜਪਾ ਨੇ ਆਪਣਾ ਕੈਂਡੀਡੇਟ ਮੈਦਾਨ ਵਿਚ ਉਤਾਰ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਮੈਂ ਭਾਜਪਾ ਕੋਲੋਂ ਟਿਕਟ ਨਹੀਂ ਮੰਗੀ ਅਤੇ ਨਾ ਹੀ ਮੈਂ ਭਾਜਪਾ ਵਲੋਂ ਉਤਾਰੇ ਹੋਏ ਕੈਂਡੀਡੇਟ ਦਾ ਵਿਰੋਧ ਕੀਤਾ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਕੁਝ ਦਿਨਾਂ ਤੱਕ ਇਹ ਸਾਫ ਹੋ ਜਾਵੇਗਾ ਕਿ ਕਿਸ ਪਾਰਟੀ ਵਲੋਂ ਜਾਂ ਕਿਸ ਸਿੰਬਲ ਤੋਂ ਟਿਕਟ ਲੜਨੀ ਹੈ। ਜਦੋਂ ਇਸ ਦੀ ਵਾਰੀ ਆਏਗੀ ਤਾਂ ਉਦੋਂ ਦੇਖਿਆ ਜਾਵੇਗਾ ਪਰ 2024 ਦੀਆਂ ਲੋਕ ਸਭਾ ਚੋਣਾਂ ਜਰੂਰ ਲੜਾਂਗਾ ।

# ਕਾਂਸਟੇਬਲ ਜੋਗਿੰਦਰ ਪਾਲ ਨੂੰ ਵੱਖ-ਵੱਖ ਆਗੂਆਂ ਵੱਲੋਂ ਸ਼ਰਧਾਂਜਲੀਆਂ ਭੇਟ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)- ਨਗਰ ਕੌਂਸਲ ਡੇਰਾ ਬਾਬਾ ਨਾਨਕ ਦੇ ਸਾਬਕਾ ਵਾਇਸ ਪ੍ਰਧਾਨ ਸੱਤਪਾਲ ਸ਼ੌਕੀ ਦੇ ਛੋਟੇ ਭਰਾ ਬੀ ਐਸ ਐਫ ਦੇ ਕਾਂਸਟੇਬਲ ਜੋਗਿੰਦਰ ਪਾਲ (56) ਜਿਨ੍ਹਾਂ ਦਾ ਕੁਝ ਦਿਨ ਆਪਣੀ ਡਿਊਟੀ ਦੌਰਾਨ ਅਚਾਨਕ ਦੇਹਾਂਤ ਹੋ ਗਿਆ ਸੀ, ਅੱਜ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਸ੍ਰੀ ਸੁਖਮਨੀ ਸਾਹਿਬ ਪਾਠ ਦੇ ਭੋਗ ਉਨ੍ਹਾ ਦੇ ਗ੍ਰਹਿ ਮੁਹੱਲਾ ਫਤਿਹ ਸਿੰਘ ਵਿਖੇ ਪਾਏ ਗਏ, ਉਪਰੰਤ ਅੰਤਿਮ ਅਰਦਾਸ, ਕੀਰਤਨ ਤੇ ਸ਼ਰਧਾਂਜਲੀ ਸਮਾਗਮ ਸਥਾਨਕ 10 ਡੋਗਰਾ ਮਾਰਗ ਸਥਿਤ ਗੁਰਦੁਆਰਾ ਭਗਤ ਰਵਿਦਾਸ ਜੀ ਵਿਖੇ ਕਰਵਾਇਆ ਗਿਆ । ਇਸ ਮੌਕੇ ਡੇਰਾ ਬਾਬਾ ਨਾਨਕ ਤੋਂ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਗੁਰਦੀਪ ਸਿੰਘ ਰੰਧਾਵਾ, ਸਾਬਕਾ ਨਗਰ ਕੌਂਸਲ ਪ੍ਰਧਾਨ ਐਡਵੋਕੇਟ ਪਰਮੀਤ ਸਿੰਘ ਬੇਦੀ, ਕਾਂਗਰਸੀ ਆਗੂ ਮਹਿੰਗਾ ਰਾਮ ਗਰੀਬ ਅਤੇ ਪੱਤਰਕਾਰ ਰਮੇਸ਼ ਸ਼ਰਮਾ ਨੇ ਕਾਂਸਟੇਬਲ ਜੋਗਿੰਦਰ ਪਾਲ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਕਿਹਾ ਕਿ ਕਾਂਸਟੇਬਲ ਜੋਗਿੰਦਰ ਪਾਲ ਦੀ ਭਰ ਜਵਾਨੀ ਵਿੱਚ ਹੋਈ ਮੌਤ ਨਾਲ ਪਰਵਾਰ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਅਖੀਰ ਵਿੱਚ ਪਰਵਾਰ ਵੱਲੋਂ ਜਥੇਦਾਰ ਕਰਨੈਲ ਸਿੰਘ ਦਾਉਦੀਆ ਨੇ ਸੋਗ ਸਮਾਗਮ ਵਿੱਚ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਤੇ ਆਸ ਕੀਤੀ ਕਿ ਉਨ੍ਹਾਂ ਦੇ ਭਰਾ ਸੱਤਪਾਲ ਸ਼ੌਕੀ, ਸਪੁੱਤਰ ਰਾਜ ਕੁਮਾਰ ਤੇ ਰਾਹੁਲ ਕੁਮਾਰ ਆਪਣੇ ਪਿਤਾ ਦੇ ਨਕਸ਼ੇ ਕਦਮ ’ਤੇ ਚਲਦਿਆਂ ਰਾਜਨੀਤਕ ਤੇ ਧਾਰਮਿਕ ਤੌਰ ’ਤੇ ਸਮਾਜ ਦੀ ਸੇਵਾ ਕਰਦੇ ਰਹਿਣ । ਇਸ ਮੌਕੇ ਸੱਤਪਾਲ ਸ਼ੌਕੀ, ਪੂਰਨ ਚੰਦ ਫੌਜੀ, ਚੈਰੀਟੇਬਲ ਹਸਪਤਾਲ ਚੇਅਰਮੈਨ ਬਾਬਾ ਸੁਖਦੀਪ ਸਿੰਘ ਬੇਦੀ, ਬਾਬਾ ਮੁਨੱਵਰ ਸ਼ਾਹ ਚਿਸ਼ਤੀ ਬਾਬਾ ਮੰਗਾ ਜੀ, ਆਪ ਆਗੂ ਹਰਜੀਤ ਸਿੰਘ ਠੇਠਰਕੇ, ਆਪ ਆਗੂ ਰਾਜੇਸ਼ ਕੁਮਾਰ ਬਿੱਟਾ, ਵਪਾਰ ਮੰਡਲ ਪ੍ਰਧਾਨ ਵਿਪਨ ਸੋਨੀ, ਸਾਬਕਾ ਡੀ ਈ ਓ ਵਿਨੋਦ ਕੁਮਾਰ ਮੱਤਰੀ, ਰਸ਼ਦੀਪ ਕੁਮਾਰ, ਗਗਨਦੀਪ, ਸੰਜੀਵ ਕੁਮਾਰ, ਕਾਂਗਰਸੀ ਆਗੂ ਦਵਿੰਦਰ ਪਾਲ ਸਿੰਘ ਬੇਦੀ, ਜਸਪਾਲ ਸਿੰਘ ਬੇਦੀ, ਧਰਮਪਾਲ ਸਿੰਘ ਮੱਤਰੀ, ਕਾਮਰੇਡ ਅਸ਼ੋਕ ਕੁਮਾਰ, ਦੇਸ ਰਾਜ ਕਾਨੂੰਗੋ, ਅਰਪਿਤ ਕੁਮਾਰ, ਰੋਹਿਤ ਅੱਤਰੀ, ਰਜਨੀਸ਼ ਕੁਮਾਰ ਬੌਬੀ, ਪਵਨ ਕੁਮਾਰ, ਮਾਸਟਰ ਪ੍ਰੀਤਮ ਸਿੰਘ, ਦਰਸ਼ਨ ਸਿੰਘ, ਹਰਭਜਨ ਡਿਗਰਾ, ਆਰ ਕੇ ਟੇਲਰਜ਼, ਰਜਤ ਮਰਵਾਹਾ, ਲਵ ਮਰਵਾਹਾ, ਵਿਕਰਮਜੀਤ ਸਿੰਘ, ਮਾਸਟਰ ਰਾਮ ਸਰੂਪ, ਜੇ ਈ ਬਲਦੇਵ ਰਾਜ, ਮਨਜੀਤ ਸਿੰਘ, ਮਨੋਹਰ ਲਾਲ, ਸੱਤਪਾਲ ਮੀਨੀਆ, ਮਨੀਸ਼ ਕੁਮਾਰ, ਰਾਹੁਲ ਕੁਮਾਰ, ਰਾਜਾ ਚੱਕੀ ਵਾਲਾ, ਨੀਰਜ ਕੁਮਾਰ, ਪਿਆਰਾ ਲਾਲ ਫੌਜੀ, ਧਰਮਪਾਲ ਤੋਂ ਇਲਾਵਾ ਇਲਾਕੇ ਦੇ ਲੋਕ ਤੇ ਰਿਸ਼ਤੇਦਾਰ ਆਦਿ ਹਾਜ਼ਰ ਸਨ ।

# ਸੇਵਾਮੁਕਤ ਕਰਮਚਾਰੀ ਵੈੱਲਫੇਅਰ ਐਸੋਸੀਏਸ਼ਨ ਦੀ ਸਾਲਾਨਾ ਇਕੱਤਰਤਾ ਭਲਕੇ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ )- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਗੁਰਦੁਆਰਾ ਸਾਹਿਬਾਨ ਦੇ ਸੇਵਾਮੁਕਤ ਹੋ ਚੁੱਕੇ ਕਰਮਚਾਰੀਆਂ ਅਧਾਰਤ ਬਣੀ ਸੇਵਾਮੁਕਤ ਕਰਮਚਾਰੀ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਜੋਗਿੰਦਰ ਸਿੰਘ ਅਦਲੀਵਾਲ ਨੇ ਕਿਹਾ ਕਿ ਐਸੋਸੀਏਸ਼ਨ ਦੇ ਅਹੁਦੇਦਾਰਾਂ ਅਤੇ ਕਾਰਜਕਰਨੀ ਦੇ ਮੈਂਬਰਾਂ ਦੀ ਚੋਣ ਕਰਨ ਲਈ ਐਸੋਸੀਏਸ਼ਨ ਦੀ ਇਕੱਤਰਤਾ 6 ਅਪ੍ਰੈਲ ਨੂੰ ਦੁਪਹਿਰ 12 ਵਜੇ ਭਾਈ ਗੁਰਦਾਸ ਹਾਲ, ਸ੍ਰੀ ਅੰਮ੍ਰਿਤਸਰ ਵਿਖੇ ਰੱਖੀ ਗਈ ਹੈ। ਉਨ੍ਹਾਂ ਕਿਹਾ ਕਿ ਸੇਵਾਮੁਕਤ ਕਰਮਚਾਰੀ ਵੈਲਫੇਅਰ ਦੇ ਮੈਂਬਰ ਇਕੱਤਰਤਾ ਵਿੱਚ ਸ਼ਾਮਲ ਹੋਣ ਦੀ ਕ੍ਰਿਪਾਲਤਾ ਕਰਨ। ਉਨ੍ਹਾਂ ਇਹ ਵੀ ਕਿਹਾ ਕਿ ਐਸੋਸੀਏਸ਼ਨ ਵੱਲੋਂ ਚਾਰ ਮੈਂਬਰ ਜਿਨ੍ਹਾਂ ਵਿੱਚ ਕੁਲਵੰਤ ਸਿੰਘ ਰੰਧਾਵਾ ਸਾਬਕਾ ਸਕੱਤਰ, ਰਮਿੰਦਰਬੀਰ ਸਿੰਘ ਸਾਬਕਾ ਮੈਨੇਜਰ ਸ੍ਰੀ ਦਰਬਾਰ ਸਾਹਿਬ, ਰਾਜ ਸਿੰਘ ਸਾਬਕਾ ਮੈਨੇਜਰ, ਜਸਵੰਤ ਸਿੰਘ (ਬਾਪੂ) ਸੇਵਾਦਾਰ ਨੂੰ ਉਨ੍ਹਾਂ ਦੀਆਂ ਸੇਵਾਵਾਂ ਦੇ ਸਤਿਕਾਰ ਵਜੋਂ ਸਨਮਾਨਤ ਕੀਤਾ ਜਾਵੇਗਾ।

# ਚੋਣਾਂ ਸੰਬੰਧੀ ਪ੍ਰਚਾਰ ਸਮੱਗਰੀ ’ਤੇ ਛਾਪਕ/ਪ੍ਰਕਾਸ਼ਕ ਦਾ ਨਾਂਅ ਪਤਾ ਹੋਣਾ ਲਾਜ਼ਮੀ: ਡੀ ਸੀ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)= ਲੋਕ ਸਭਾ ਚੋਣਾਂ-2024 ਦੇ ਮੱਦੇਨਜ਼ਰ ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਘਣਸ਼ਾਮ ਥੋਰੀ ਨੇ ਦੱਸਿਆ ਕਿ ਜ਼ਿਲੇ ਵਿਚ ਚੱਲ ਰਹੀਆਂ 62 ਪ੍ਰਿੰਟਿੰਗ ਪ੍ਰੈੱਸਾਂ ਦੀ ਜਾਂਚ ਪੜਤਾਲ ਕੀਤੀ ਗਈ ਹੈ ਅਤੇ ਪ੍ਰਿੰਟਿੰਗ ਪ੍ਰੈੱਸ ਮਾਲਕਾਂ ਨੂੰ ਹਦਾਇਤ ਕੀਤੀ ਕਿ ਚੋਣ ਜ਼ਾਬਤੇ ਦੌਰਾਨ ਕਿਸੇ ਵੀ ਤਰਾਂ ਦੀ ਪ੍ਰਚਾਰ ਸਮੱਗਰੀ, ਪੈਂਫਲਿਟ ਜਾਂ ਇਸ਼ਤਿਹਾਰ ਛਾਪਣ ਸਮੇਂ ਉਸ ਉਪਰ ਛਾਪਕ ਅਤੇ ਪ੍ਰਕਾਸ਼ਕ ਦਾ ਨਾਮ ਅਤੇ ਪੂਰਾ ਪਤਾ ਛਾਪਣਾ ਯਕੀਨੀ ਬਣਾਇਆ ਜਾਵੇ। ਇਸ ਦੇ ਨਾਲ ਹੀ ਉਨ੍ਹਾਂ ਇਹ ਵੀ ਆਦੇਸ਼ ਦਿੱਤੇ ਕਿ ਹੋਰਡਿੰਗਜ਼ ਅਤੇ ਫਲੈਕਸ ਆਦਿ ਬਣਾਉਣ ਦਾ ਕੰਮ ਕਰਨ ਵਾਲਿਆਂ ਲਈ ਵੀ ਆਪਣੀ ਫ਼ਰਮ ਨੂੰ ਰਜਿਸਟਰ ਕਰਵਾਉਣਾ ਲਾਜ਼ਮੀ ਹੋਵੇਗਾ।

# ਅਸਲਾ ਲਾਇਸੈਂਸ ਧਾਰਕਾਂ ਦੇ ਹਥਿਆਰ ਜਮ੍ਹਾਂ ਕਰਵਾਏ ਜਾਣ

ਗੁਰਦਾਸਪੁਰ, ( ਦਿਨੇਸ਼ ਕੁਮਾਰ) - ਸ੍ਰੀ ਦਾਯਮਾ ਹਰੀਸ਼ ਕੁਮਾਰ, ਆਈ.ਪੀ.ਐਸ, ਸੀਨੀਅਰ ਕਪਤਾਨ ਪੁਲਿਸ, ਗੁਰਦਾਸਪੁਰ ਨੇ ਅੱਜ ਜ਼ਿਲ੍ਹਾ ਪੁਲਿਸ ਦਫ਼ਤਰ, ਗੁਰਦਾਸਪੁਰ ਵਿਖੇ ਸਮੂਹ ਜੀ.ਓਜ਼, ਸਮੂਹ ਮੁੱਖ ਅਫਸਰ ਥਾਣਾ ਅਤੇ ਸਮੂਹ ਇੰਚਾਰਜ ਯੂਨਿਟਾਂ ਨਾਲ ਮੀਟਿੰਗ ਕਰਕੇ ਹਦਾਇਤ ਕੀਤੀ ਹੈ ਕਿ ਮਾਣਯੋਗ ਚੋਣ ਕਮਿਸ਼ਨ, ਪੰਜਾਬ ਵੱਲੋਂ ਜਾਰੀ ਹਦਾਇਤਾਂ ਦੀ ਸਖਤੀ ਨਾਲ ਪਾਲਣਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਨਜਾਇਜ਼ ਸ਼ਰਾਬ/ਨਸ਼ਿਆਂ ਦਾ ਕਾਰੋਬਾਰ ਕਰਨ ਵਾਲੇ ਵਿਅਕਤੀਆਂ ਖਿਲਾਫ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ ਤਾਂ ਜੋ ਚੋਣਾਂ ਦੌਰਾਨ ਨਸ਼ਿਆਂ ਦੀ ਵਰਤੋਂ ਨੂੰ ਰੋਕਿਆ ਜਾ ਸਕੇ। ਇਸ ਤੋਂ ਇਲਾਵਾ ਜ਼ਿਲ੍ਹੇ ਵਿੱਚ ਅਸਲਾ ਧਾਰਕਾ ਦਾ 100 ਫੀਸਦੀ ਅਸਲਾ ਜਮ੍ਹਾਂ ਕੀਤਾ ਜਾਵੇ ਅਤੇ ਸਮਾਜ ਵਿਰੋਧੀ ਅਨਸਰਾਂ ਉੱਪਰ ਵਿਸ਼ੇਸ਼ ਨਜ਼ਰ ਰੱਖੀ ਜਾਵੇ। ਉਨ੍ਹਾਂ ਕਿਹਾ ਕਿ ਲੋਕ ਸਭਾ ਚੋਣਾਂ ਦੌਰਾਨ ਕਿਸੇ ਵੀ ਵਿਅਕਤੀ ਨੂੰ ਗੜਬੜੀ ਜਾਂ ਖੱਲੜ ਪਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਉਨਾਂ ਕਿਹਾ ਕਿ ਗੁਰਦਾਸਪੁਰ ਪੁਲਸ ਪੂਰੀ ਤਰ੍ਹਾਂ ਸੁਰੱਖਿਅਤ, ਅਮਨ-ਸ਼ਾਂਤੀ ਪੂਰਵਕ ਅਤੇ ਅਜ਼ਾਦਾਨਾ ਮਾਹੌਲ ਵਿੱਚ ਚੋਣ ਅਮਲ ਨੇਪਰੇ ਚਾੜ੍ਹਨ ਲਈ ਵਚਨਬੱਧ ਹੈ।

# ਬਿਜਲੀ ਕਾਮਿਆਂ ਨੇ ਪਾਵਰ ਮੈਨੇਜਮੈਂਟ ਖਿਲਾਫ ਕਨਵੈਨਸ਼ਨ ਕਰਕੇ ਸੰਘਰਸ਼ ਲਈ ਕੀਤੀ ਲਾਮਬੰਦੀ



**ਤਰਨ ਤਾਰਨ** : ਬਿਜਲੀ ਕਾਮਿਆਂ ਦੀਆਂ ਮੰਗਾਂ ਵੱਟੇ ਖਾਤੇ ਪਾਉਣ ਖਿਲਾਫ਼ ਅਤੇ ਵਿਭਾਗ ਵਿੱਚ ਨਵੀਂ ਰੈਗੂਲਰ ਭਰਤੀ ਕਰਨ ਦੀ ਮੰਗ ਨੂੰ ਉਭਾਰਨ ਲਈ ਪੀ ਐਸ ਈ ਬੀ ਇੰਪਲਾਈਜ਼ ਜੁਆਇੰਟ ਫੋਰਮ ਅਤੇ ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ਦੇ ਸੂਬਾ ਪੱਧਰੀ ਸੱਦੇ ’ਤੇ ਤਰਨ ਤਾਰਨ ਸਰਕਲ ਦੀ ਸਾਂਝੀ ਕਨਵੈਨਸ਼ਨ ਸਥਾਨਿਕ ਰਾਮਗੜ੍ਹੀਆ ਬੁੰਗੇ ਵਿੱਚ ਅਵਤਾਰ ਸਿੰਘ ਕੈਰੋਂ, ਮੇਜਰ ਸਿੰਘ ਮੱਲੀਆ, ਗੁਰਭੇਜ ਸਿੰਘ ਵਡਾਲਾ, ਬਲਜਿੰਦਰ ਕੌਰ, ਗੁਰਨਾਮ ਸਿੰਘ ਚਾਹਲ ਦੀ ਸਾਂਝੀ ਪ੍ਰਧਾਨਗੀ ਹੇਠ ਹੋਈ।ਜਿਸ ਵਿੱਚ ਸੈਂਕੜਿਆਂ ਦੀ ਗਿਣਤੀ ਵਿੱਚ ਵਰਕਰਾਂ ਅਤੇ ਆਗੂਆਂ ਨੇ ਭਰਵੀਂ ਸ਼ਮੂਲੀਅਤ ਕੀਤੀ।ਇਸ ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਸਾਂਝਾ ਫੋਰਮ ਦੇ ਸੂਬਾਈ ਕਨਵੀਨਰ ਰਤਨ ਸਿੰਘ ਮਜਾਰੀ, ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ਦੇ ਸੂਬਾਈ ਕਨਵੀਨਰ ਗੁਰਪ੍ਰੀਤ ਸਿੰਘ ਗੰਡੀਵਿੰਡ, ਜਨਰਲ ਸਕੱਤਰ ਗੁਰਵੇਲ ਸਿੰਘ ਬੱਲਪੁਰੀਆ, ਸਾਂਝਾ ਫੋਰਮ ਦੇ ਸੂਬਾਈ ਆਗੂ ਰਵੇਲ ਸਿੰਘ ਸਹਾਏਪੁਰ, ਲਖਵਿੰਦਰ ਸਿੰਘ ਸੈਣੀ, ਤਜਿੰਦਰ ਸਿੰਘ ਸੇਖੋਂ, ਸੁਖਵਿੰਦਰ ਸਿੰਘ ਚਾਹਲ ਲਖਵੰਤ ਸਿੰਘ ਦਿਉਲ ਨੇ ਕਿਹਾ ਕਿ ਪਾਵਰ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਨੇ ਮੁਲਾਜ਼ਮ ਮੰਗਾਂ ਨੂੰ ਵੱਟੇ ਪਾ ਕੇ ਬਿਜਲੀ ਕਾਮਿਆਂ ਨੂੰ ਸੰਘਰਸ਼ ਦੇ ਰਸਤੇ ’ਤੇ ਚਲਣ ਲਈ ਮਜ਼ਬੂਰ ਕਰ ਰੱਖਿਆ ਹੈ।ਆਗੂਆਂ ਨੇ ਕਿਹਾ ਕੇ ਪਾਵਰ ਮੈਨੇਜਮੈਂਟ ਜਾਣਬੁੱਝ ਕੇ ਸ਼ਨਅਤੀ ਅਦਾਰੇ ਦਾ ਮਾਹੌਲ ਖਰਾਬ ਕਰ ਰਹੀ ਹੈ ਕਿਉਂਕਿ ਮੁਲਾਜ਼ਮ ਮੰਗਾਂ ’ਤੇ ਲੰਮੇ ਅਰਸੇ ਤੋਂ ਟਾਲ ਮਟੋਲ ਦੀ ਨੀਤੀ ਤੇ ਚਲ ਕੇ ਸਮੁੱਚੇ ਮੁਲਾਜ਼ਮ ਮਸਲਿਆਂ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ।ਨਵੀਂ ਭਰਤੀ ਕਰਨ ਤੋਂ ਟਾਲਾ ਵੱਟਿਆ ਜਾ ਰਿਹਾ ਹੈ ਵੱਡੇ ਪੱਧਰ ’ਤੇ ਹਰੇਕ ਮਹੀਨੇ ਹੋ ਰਹੀ ਸੇਵਾ ਮੁਕਤੀ ਕਾਰਣ ਕਰਮਚਾਰੀ ਕੰਮ ਦੇ ਬੋਝ ਨਾਲ ਨਪੀੜੇ ਜਾ ਰਹੇ ਹਨ।ਸੀ ਆਰ ਏ 295 / 19 ਰਾਹੀਂ ਭਰਤੀ ਸਹਾਇਕ ਲਾਈਨਮੈਨਾਂ ਨੂੰ ਘੱਟ ਤਨਖਾਹਾਂ ਦੇ ਕੇ ਪਿਛਲੇ ਚਾਰ ਸਾਲ ਤੋਂ ਹਜਾਰਾਂ ਕਾਮਿਆਂ ਦਾ ਆਰਥਿਕ ਸ਼ੋਸ਼ਣ ਕੀਤਾ ਜਾ ਰਿਹਾ ਹੈ, ਪੂੰਜੀਪਤੀਆਂ ਦੇ ਉਸਾਰਿਆਂ ਤੇ ਹਾਕਮਾਂ ਵੱਲੋਂ ਮਹਿਕਮੇ ਦਾ ਸੋਚੀ ਸਮਝੀ ਨੀਤੀ ਤਹਿਤ ਅਕਾਰ ਘਟਾਇਆ ਜਾ ਰਿਹਾ ਹੈ ।ਇਸੇ ਨੀਤੀ ਤਹਿਤ ਨਿਯਮਾਂ ਦੇ ਉਲਟ ਪਾਵਰਕਾਮ ਵਿੱਚ ਕੰਮ ਕਰ ਰਹੇ ਕਰਮਚਾਰੀਆਂ ਨੂੰ ਧੱਕੇ ਨਾਲ ਪਾਵਰਕਾਮ ਵਿੱਚੋਂ ਬਦਲੀ ਕਰਕੇ ਟਰਾਸ਼ਕੋ ਵਿੱਚ ਭੇਜਿਆ ਜਾ ਰਿਹਾ ਹੈ।ਸੇਵਾ ਮੁਕਤ ਹੋ ਰਹੇ ਕਰਮਚਾਰੀਆਂ ਨੂੰ ਪਿਛਲੇ ਛੇ ਮਹੀਨਿਆਂ ਤੋਂ ਪੂਰੇ ਸੇਵਾ ਲਾਭ ਨਹੀਂ ਦਿੱਤੇ ਜਾ ਰਹੇ। ਆਗੂਆਂ ਨੇ ਕਿਹਾ ਕਿ ਪਾਵਰ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਦੇ ਮੁਲਾਜ਼ਮਾਂ ਪ੍ਰਤੀ ਧਾਰਨ ਕੀਤੇ ਅੱਖੜ ਰਵੱਈਏ ਖਿਲਾਫ ਸਮੁੱਚੇ ਸਰਕਲਾਂ ਦੀਆਂ ਕੰਨਵੈਨਸ਼ਨਾਂ ਕਰਨ ਉਪਰੰਤ ਬਿਜਲੀ ਕਾਮਿਆਂ ਨੂੰ ਲਾਮਬੰਦ ਕਰਕੇ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਵਿਰੁੱਧ ਚੋਣਾਂ ਦੇ ਦਿਨਾਂ ਵਿੱਚ ਤਿੱਖਾ ਸੰਘਰਸ਼ ਕਰਦੇ ਹੋਏ ਪਿੰਡਾਂ /ਕਸਬਿਆਂ /ਸ਼ਹਿਰਾਂ ਵਿੱਚ ਝੰਡਾ ਮਾਰਚ ਕਰਕੇ ਸਰਕਾਰ ਦੀ ਮੁਲਾਜ਼ਮ ਵਿਰੋਧੀ ਨੀਤੀ ਦਾ ਪਰਦਾਫਾਸ਼ ਕੀਤਾ ਜਾਵੇਗਾ। ਇਸ ਕੰਨਵੈਨਸ਼ਨ ਵਿੱਚ ਸਾਂਝਾ ਫੋਰਮ ਅਤੇ ਏਕਤਾ ਮੰਚ ਦੇ ਸੱਦੇ ਤੇ ਹਿੱਸਾ ਲੈਣ ਪਹੁੰਚੇ ਪਾਵਰਕਾਮ ਅਤੇ ਟਰਾਸ਼ਕੋ ਪੈਨਸ਼ਨ ਯੂਨੀਅਨ ਦੇ ਸੂਬਾ ਆਗੂ ਤਾਰਾ ਸਿੰਘ ਖਹਿਰਾ, ਸਰਕਲ ਸਕੱਤਰ ਨਰਿੰਦਰ ਬੇਦੀ ਤੋਂ ਇਲਾਵਾ ਪੈਨਸ਼ਨ ਐਸੋਸੀਏਸ਼ਨ ਦੇ ਆਗੂ ਗੁਰਪ੍ਰੀਤ ਸਿੰਘ ਮੰਨਣ, ਅਲਵਿੰਦਰ ਸਿੰਘ ਜੌਹਲ, ਪੈਨਸ਼ਨਰ ਵੈਲਫੇਅਰ ਫੈਡਰੇਸ਼ਨ ਦੇ ਆਗੂ ਹਰਜਿੰਦਰ ਸਿੰਘ ਕੋਹਲੀ, ਲਖਬੀਰ ਸਿੰਘ ਸੰਧੂ ਨੇ ਬਿਜਲੀ ਕਾਮਿਆਂ ਦੇ ਹੱਕੀ ਸੰਘਰਸ਼ ਦੀ ਡਟਵੀਂ ਹਮਾਇਤ ਕਰਦੇ ਹੋਏ ਸਾਂਝਾ ਫੋਰਮ ਅਤੇ ਏਕਤਾ ਮੰਚ ਦੀ ਲੀਡਰਸ਼ਿਪ ਨੂੰ ਸੰਘਰਸ਼ਸ਼ੀਲ ਲੋਕਾਂ ਨੂੰ ਇਕ ਪਲੇਟਫਾਰਮ ਤੇ ਇਕੱਠਾ ਕਰਨ ਦਾ ਸੱਦਾ ਦਿੱਤਾ।ਮੁਲਾਜ਼ਮ ਆਗੂਆਂ ਗੁਰਭੇਜ ਸਿੰਘ ਢਿੱਲੋਂ, ਹਰਦੇਵ ਸਿੰਘ ਨਾਗੋਕੇ, ਬਿਕਰ ਸਿੰਘ, ਪੂਰਨ ਦਾਸ, ਦੀਪਕ ਕੁਮਾਰ, ਕਲਵਿੰਦਰ ਸਿੰਘ ਬਾਗੜੀਆਂ, ਨਰਿੰਦਰ ਸਿੰਘ ਜੋਧਪੁਰ, ਚਰਨਜੀਤ ਸਿੰਘ ਖਾਲਸਾ, ਕਮਰਜੀਤ ਸਿੰਘ ਮਲਮੋਹਰੀ, ਮੰਗਲ ਸਿੰਘ ਨਾਗੋਕੇ, ਸਿਮਰਨਜੀਤ ਸਿੰਘ, ਕਵਲਜੀਤ ਕੌਰ, ਜਸਬੀਰ ਕੌਰ, ਮੰਗਲ ਸਿੰਘ ਪੱਟੀ, ਜਸਪਰੀਤ ਸਿੰਘ, ਗੁਰਦੇਵ ਸਿੰਘ, ਲਖਵਿੰਦਰ ਸਿੰਘ ਬਹਿਲਾ ਨੇ ਪਾਵਰ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਦੇ ਹੈਂਕੜ ਭਰੇ ਰਵੱਈਏ ਖਿਲਾਫ ਚਿਤਾਵਨੀ ਭਰੇ ਲਹਿਜੇ ਵਿੱਚ ਕਿਹਾ ਕਿ ਮੁਲਾਜ਼ਮ ਅਤੇ ਪੈਨਸ਼ਨਰ ਵਿਰੋਧੀ ਵਰਤਾਰੇ ਦਾ ਖਮਿਆਜਾ ਸਰਕਾਰ ਨੂੰ ਲੋਕ ਸਭਾ ਚੋਣਾਂ ਦੌਰਾਨ ਭੁਗਤਣਾ ਪਵੇਗਾ।ਆਗੂਆਂ ਨੇ ਕਿਹਾ ਕਿ ਜਥੇਬੰਦੀਆਂ ਇਕੱਠੇ ਹੋ ਕੇ ਪਾਵਰ ਦੀ ਮੈਨੇਜ਼ਮੈਂਟ ਅਤੇ ਸਰਕਾਰ ਵਿਰੁੱਧ ਸੰਘਰਸ਼ ਨੂੰ ਤਿੱਖਾ ਕਰਦਿਆਂ ਪੈਡੀ ਸੀਜਨ ਵਿੱਚ ਵੀ ਸੰਘਰਸ਼ ਨੂੰ ਜਾਰੀ ਰੱਖ ਕੇ ਪਾਵਰ ਮੈਨੇਜਮੈਂਟ ਅਤੇਪੰਜਾਬ ਸਰਕਾਰ ਨੂੰ ਮੰਗਾਂ ਮੰਨਣ ਲਈ ਮਜਬੂਰ ਕਰਨਗੀਆਂ।


## ਉਤਰ ਰੇਲਵੇ

ਆਜ਼ਾਦੀ ਕਾ ਅੰਮ੍ਰਿਤ ਮਹੋਤਸਵ

**ਈ-ਨਿਵਿਦਾ ਸੂਚਨਾ**

**ਖੁਲ੍ਹੀ ਨਿਵਿਦਾ ਸੂਚਨਾ ਪੱਤਰ ਨੰ.-OP-01-GSU-FZR-2024-25 & OP-02-GSU-FZR-2024-25**

ਮਿਤੀ 02-04-2024 ਉਪ ਮੁੱਖ ਇੰਜੀਨੀਅਰ/ਗਤੀ ਸ਼ਕਤੀ ਇਕਾਈ/ ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਹੇਠਾਂ ਲਿਖਤ ਈ-ਨਿਵਿਦਾਵਾਂ, ਅੰਤਮ ਮਿਤੀ 25.04.2024 ਸਮਾਂ 15.00 ਵਜੇ ਤਕ, www.ireps.gov.in ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਨਿਵਿਦਾ ਫਾਰਮ ਦੀ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ www.ireps.gov.in ਪੋਰਟਲ ਤੇ ਉਪਲਬਧ ਆਨਲਾਈਨ ਸਾਧਨਾਂ ਦੇ ਮਾਧਿਅਮ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ, ਕਰੈਡਿਟ ਕਾਰਡ ਆਦਿ ਦੇ ਮਾਧਿਅਮ ਭੁਗਤਾਨ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰ ਚੈਕ, ਜਮ੍ਹਾ ਰਸੀਦ, ਐਫਡੀਆਰ ਆਦਿ ਦੇ ਮਾਧਿਅਮ ਨਾਲ ਮੈਨੂੰਅਲ ਭੁਗਤਾਨ ਦੀ ਇਜਾਜ਼ਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਨਿਵਿਦਾ ਪ੍ਰਣਾਲੀ |
|---|---|---|
| ਖੁਲ੍ਹੀ ਨਿਵਿਦਾ | ਗਤੀ ਸ਼ਕਤੀ ਯੂਨਿਟ | ਏਕਲ ਪੈਕੇਟ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਨਿਵਿਦਾ ਸ਼ੁਰੂ ਦੀ ਮਿਤੀ | ਨਿਵਿਦਾ ਸਮਾਪਨ ਦੀ ਮਿਤੀ ਅਤੇ ਸਮਾਂ |
| 02.04.2024 | 11.04.2024 | 25.04.2024 / 15:00 ਵਜੇ |

**ਲੜੀ ਨੰਬਰ: 1** ਨਿਵਿਦਾ ਨੰਬਰ, ਮਿਤੀ:: OP-01-GSU-FZR-2024-25

ਨਿਵਿਦਾ ਦਾ ਵੇਰਵਾ: ਫਿਰੋਜ਼ਪੁਰ ਮੰਡਲ ਦੇ ਦਸੂਆ ਸਟੇਸ਼ਨ ਤੇ ਨਵੇਂ ਟੀਆਰਡੀ ਡਿਪੋ, ਟਾਵਰ ਵੈਗਨ ਸਾਈਡਿੰਗ ਅਤੇ ਸ਼ੈਡ ਦਾ ਨਿਰਮਾਣ।

| ਵਿਗਿਆਪਨ ਮੁੱਲ (ਰੁ) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਕੰਮ ਸਮਾਪਨ ਦੀ ਅਵਧੀ |
|---|---|---|---|
| 3,93,48,822.85/- | 3,46,800/- | 60 ਦਿਨ | 12 ਮਹੀਨੇ |

ਸਮਾਨ ਨੇਚਰ ਦਾ ਕੰਮ- "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ"।

**ਲੜੀ ਨੰਬਰ: 2** ਨਿਵਿਦਾ ਨੰਬਰ, ਮਿਤੀ: OP-02-GSU-FZR-2024-25

ਨਿਵਿਦਾ ਦਾ ਵੇਰਵਾ: ਫਿਰੋਜ਼ਪੁਰ ਮੰਡਲ ਦੇ ਸ੍ਰੀ ਮਾਤਾ ਵੈਸ਼ਨੋ ਦੇਵੀ ਕਟਰਾ (ਐਸ.ਵੀ.ਡੀ. ਕੇ.) ਸਟੇਸ਼ਨ ਤੇ ਨਵੇਂ ਟੀਆਰਡੀ ਡਿਪੋ, ਟਾਵਰ ਵੈਗਨ ਸਾਈਡਿੰਗ ਅਤੇ ਸ਼ੈਡ ਦਾ ਨਿਰਮਾਣ।

| ਵਿਗਿਆਪਨ ਮੁੱਲ (ਰੁ) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਕੰਮ ਸਮਾਪਨ ਦੀ ਅਵਧੀ |
|---|---|---|---|
| 3,64,45,668.91/- | 3,32,200/- | 60 ਦਿਨ | 12 ਮਹੀਨੇ |

ਸਮਾਨ ਨੇਚਰ ਦਾ ਕੰਮ- "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ"।

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ version ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨਹੀ ਮਾਨਯ ਹੋਣਗੇ। 994/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

